ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 196| 8 October to 14 October, 2025 | Ph.: (510) 240-5949 | Email: asrtimes@gmail.com

# ਤਰਨ ਤਾਰਨ ਜ਼ਿਮਨੀ ਚੋਣ 'ਚ ਕੁੰਢੀਆਂ ਦੇ ਸਿੰਗ ਫ਼ਸੇ...

## ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਹੋਵੇਗਾ ਗਹਿਗੱਚ ਮੁਕਾਬਲਾ

## ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀ ਫ਼ਾਈਨਲ ਹੋਵੇਗੀ ਤਰਨ ਤਾਰਨ ਜ਼ਿਮਨੀ ਚੋਣ

ਜਗਮੋਹਨ ਸਿੰਘ 'ਲੱਕੀ'


ਕਰਨਬੀਰ ਸਿੰਘ ਬੁਰਜ
ਕਾਂਗਰਸ


ਹਰਮੀਤ ਸਿੰਘ ਸੰਧੂ
ਆਮ ਆਦਮੀ ਪਾਰਟੀ


ਸੁਖਵਿੰਦਰ ਕੌਰ ਰੰਧਾਵਾ
ਸ਼੍ਰੋਮਣੀ ਅਕਾਲੀ ਦਲ


ਹਰਜੀਤ ਸਿੰਘ ਸੰਧੂ
ਭਾਜਪਾ

ਪੰਜਾਬ ਇਸ ਸਮੇਂ ਹੜ੍ਹਾਂ ਦੀ ਮਾਰ ਤੋਂ ਉਭਰ ਕੇ ਮੁੜ ਅੰਗੜਾਈ ਲੈ ਰਿਹਾ ਹੈ। ਇਸੇ ਦੌਰਾਨ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਤਰਨ ਤਾਰਨ ਵਿਧਾਨ ਸਭਾ ਹਲਕੇ ਵਿੱਚ ਜ਼ਿਮਨੀ ਚੋਣ 11 ਨਵੰਬਰ ਨੂੰ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ, ਜਿਸ ਦੇ ਨਤੀਜੇ 14 ਨਵੰਬਰ ਨੂੰ ਆਉਣਗੇ। ਇਸ ਉਪਰੰਤ ਤਰਨ ਤਾਰਨ ਹਲਕੇ 'ਚ ਸਿਆਸੀ ਸਰਗਰਮੀਆਂ ਇੱਕਦਮ ਹੀ ਤੇਜ਼ ਹੋ ਗਈਆਂ ਹਨ। ਪੰਜਾਬ ਵਿੱਚ ਸਰਗਰਮ ਮੁੱਖ ਸਿਆਸੀ ਪਾਰਟੀਆਂ ਵੱਲੋਂ ਇਸ ਹਲਕੇ ਲਈ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਇਸ ਚੋਣ ਨੂੰ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਸੱਤਾਧਾਰੀ ਆਮ ਆਦਮੀ ਪਾਰਟੀ ਲਈ ਇਹ ਚੋਣ ਵਕਾਰ ਦਾ ਸਵਾਲ ਬਣੀ ਹੋਈ ਹੈ, ਉਥੇ ਅਕਾਲੀ ਦਲ ਬਾਦਲ ਲਈ ਵੀ ਇਹ ਚੋਣ ਇੱਕ ਚੁਣੌਤੀ ਹੈ। ਇਸ ਚੋਣ ਵਿੱਚ ਚੰਗੀ ਕਾਰਗੁਜ਼ਾਰੀ ਦਿਖਾ ਕੇ ਅਕਾਲੀ ਦਲ ਬਾਦਲ ਪੰਜਾਬ ਵਿੱਚ ਮੁੜ ਆਪਣਾ ਆਧਾਰ ਮਜ਼ਬੂਤ ਕਰ ਸਕਦਾ ਹੈ। ਇਹ ਚੋਣ ਕਾਂਗਰਸ ਅਤੇ ਭਾਜਪਾ ਲਈ ਵੀ ਚੁਣੌਤੀ ਪੂਰਨ ਸਾਬਤ ਹੋ ਸਕਦੀ ਹੈ। ਇਸ ਚੋਣ ਦੇ ਨਤੀਜੇ ਦਾ ਅਗਲੀਆਂ ਵਿਧਾਨ ਸਭਾ ਚੋਣਾਂ ਉੱਪਰ ਪ੍ਰਭਾਵ ਪੈਣਾ ਲਾਜ਼ਮੀ ਹੈ। ਇਸੇ ਕਾਰਨ ਇਸ ਸੀਟ 'ਤੇ ਇਸ ਸਮੇਂ ਗਹਿਗੱਚ ਮੁਕਾਬਲੇ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਸਿਆਸੀ ਮਾਹਿਰ ਇਸ ਚੋਣ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀ ਫਾਈਨਲ ਮੰਨ ਰਹੇ ਹਨ।

ਇਸ ਸਮੇਂ ਸਭ ਦੀਆਂ ਨਜ਼ਰਾਂ ਤਰਨ ਤਾਰਨ ਜ਼ਿਮਨੀ ਚੋਣ ਵੱਲ ਲੱਗੀਆਂ ਹੋਈਆਂ ਹਨ। ਤਰਨਤਾਰਨ ਸੀਟ ਸੰਸਦੀ ਹਲਕੇ ਖਡੂਰ ਸਾਹਿਬ ਦਾ ਹਿੱਸਾ ਹੈ। ਤਰਨ ਤਾਰਨ ਹਲਕੇ ਵਿੱਚ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਦੇ ਦਿਹਾਂਤ ਤੋਂ ਬਾਅਦ ਇਥੇ ਜ਼ਿਮਨੀ ਚੋਣ ਹੋਣ ਜਾ ਰਹੀ ਹੈ। ਲੰਘੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਤਰਨ ਤਾਰਨ ਜ਼ਿਮਨੀ ਚੋਣ ਲਈ ਸਾਬਕਾ ਅਕਾਲੀ ਆਗੂ ਹਰਮੀਤ ਸਿੰਘ ਸੰਧੂ ਨੂੰ 'ਆਪ' ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਤਰਨ ਤਾਰਨ ਹਲਕੇ ਵਿੱਚ ਚੋਣ ਸਰਗਰਮੀਆਂ ਹੋਰ ਤੇਜ਼ ਹੋ ਗਈਆਂ ਹਨ। ਉਸ ਤੋਂ ਬਾਅਦ ਕਾਂਗਰਸ ਵੱਲੋਂ ਕਰਨਬੀਰ ਸਿੰਘ ਬੁਰਜ ਨੂੰ ਇਸ ਸੀਟ ਤੋਂ ਉਮੀਦਵਾਰ ਖੜ੍ਹਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਤਰਨਤਾਰਨ ਜ਼ਿਮਨੀ ਚੋਣ ਵਿੱਚ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਆਪਣਾ ਉਮੀਦਵਾਰ ਐਲਾਨਿਆ ਹੋਇਆ ਹੈ। ਭਾਜਪਾ ਨੇ ਇਸ ਸੀਟ ਤੋਂ ਹਰਜੀਤ ਸਿੰਘ ਸੰਧੂ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਭਾਈ ਸੰਦੀਪ ਸਿੰਘ ਸੰਨੀ ਦੇ ਵੱਡੇ ਭਰਾ ਮਨਦੀਪ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ ਹੈ। ਇਸ ਦਾ ਐਲਾਨ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਅਤੇ ਸਾਂਸਦ ਸਰਬਜੀਤ ਸਿੰਘ ਨੇ ਕੀਤਾ ਹੈ। ਤਰਨ ਤਾਰਨ ਹਲਕੇ ਤੋਂ ਇੱਕ ਆਜ਼ਾਦ ਉਮੀਦਵਾਰ ਵੀ ਚੋਣ ਲੜ ਰਿਹਾ ਹੈ ਜਿਨ੍ਹਾਂ ਦਾ ਨਾਮ ਹਰਬਿੰਦਰ ਕੌਰ ਉਸਮਾਂ ਹੈ। ਇਹ ਉਹੀ ਹਰਬਿੰਦਰ ਕੌਰ ਉਸਮਾਂ ਹਨ ਜੋ ਇੱਕ ਦਲਿਤ ਪਰਿਵਾਰ ਨਾਲ ਸਬੰਧ ਰੱਖਦੇ ਹਨ ਜਿਨ੍ਹਾਂ ਨੇ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਛੇੜਛਾੜ ਤੇ ਕੁੱਟਮਾਰ ਦੇ ਮਾਮਲੇ ਵਿੱਚ ਅਦਾਲਤ ਤੋਂ ਚਾਰ ਸਾਲ ਦੀ ਸਜ਼ਾ ਦਿਵਾਈ ਹੈ।

ਤਰਨ ਤਾਰਨ ਜ਼ਿਮਨੀ ਚੋਣ ਸੱਤਾਧਾਰੀ ਆਪ ਲਈ ਮੁੱਛ ਦਾ ਸਵਾਲ ਬਣੀ ਹੋਈ ਹੈ। ਆਮ ਆਦਮੀ ਪਾਰਟੀ ਨੇ 2022 ਵਿੱਚ 117 ਵਿੱਚੋਂ 92 ਸੀਟਾਂ ਜਿੱਤੀਆਂ ਸਨ। ਉਸ ਤੋਂ ਬਾਅਦ ਦੀਆਂ ਜ਼ਿਆਦਾਤਰ ਜ਼ਿਮਨੀ ਚੋਣਾਂ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਲਿਆ ਕੇ ਲੜੀਆਂ ਅਤੇ ਜਿੱਤੀਆਂ। ਦੱਸਣਯੋਗ ਹੈ ਕਿ ਤਰਨਤਾਰਨ ਤੋਂ ਪਹਿਲਾਂ, ਆਮ ਆਦਮੀ ਪਾਰਟੀ ਨੇ ਜ਼ਿਮਨੀ ਚੋਣਾਂ ਵਿੱਚ ਤਿੰਨ ਸੀਟਾਂ ਜਿੱਤੀਆਂ ਸਨ। ਇਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਨੇ ਜਲੰਧਰ ਪੱਛਮੀ ਵਿੱਚ ਭਾਜਪਾ ਤੋਂ ਮਹਿੰਦਰ ਭਗਤ ਨੂੰ, ਚੱਬੇਵਾਲ ਵਿੱਚ ਕਾਂਗਰਸ ਤੋਂ ਡਾ. ਈਸ਼ਾਨ ਚੱਬੇਵਾਲ ਅਤੇ ਗਿੱਦੜਬਾਹਾ ਵਿੱਚ ਅਕਾਲੀ ਦਲ ਤੋਂ ਹਰਦੀਪ ਡਿੰਪੀ ਢਿੱਲੋਂ ਨੂੰ ਲਿਆ ਕੇ ਸੀਟ ਜਿੱਤੀ। ਇਸੇ ਕਰਕੇ ਤਿੰਨ ਮਹੀਨੇ ਪਹਿਲਾਂ ਅਕਾਲੀ ਦਲ ਤੋਂ ਲਿਆਂਦੇ ਗਏ ਹਰਮੀਤ ਸੰਧੂ ਨੂੰ ਹੁਣ ਤਰਨ ਤਾਰਨ ਤੋਂ ਆਪਣਾ ਉਮੀਦਵਾਰ ਥਾਪਿਆ ਹੈ। ਇਸ ਚੋਣ ਦੌਰਾਨ ਇਹ ਵੀ ਗੱਲ ਵੇਖਣ ਵਾਲੀ ਹੋਵੇਗੀ ਕਿ ਆਮ ਆਦਮੀ ਪਾਰਟੀ ਦਾ 'ਦਲ ਬਦਲੂਆਂ' ਸਹਾਰੇ ਜ਼ਿਮਨੀ ਚੋਣਾਂ ਜਿੱਤਣ ਦਾ ਫਾਰਮੂਲਾ ਇਸ ਚੋਣ ਵਿੱਚ ਵੀ ਕਾਮਯਾਬ ਰਹਿੰਦਾ ਹੈ ਜਾਂ ਨਹੀਂ।

ਤਰਨ ਤਾਰਨ ਵਿਧਾਨ ਸਭਾ ਹਲਕੇ ਬਾਰੇ ਕਿਹਾ ਜਾਂਦਾ ਹੈ ਕਿ ਸਿੱਖ ਬਹੁਲਤਾ ਵਾਲਾ ਇਲਾਕਾ ਹੋਣ ਕਾਰਨ ਇਸ ਇਲਾਕੇ ਵਿੱਚ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਦੀ ਪਕੜ ਮਜ਼ਬੂਤ ਰਹੀ ਹੈ ਪਰ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਉਮੀਦਵਾਰ ਨੂੰ ਹਾਰ ਦਾ ਸਾਹਮਣਾ ਕਰ ਪਿਆ ਹੈ। ਇਹ ਉਹੀ ਹਲਕਾ ਹੈ ਜਿੱਥੇ ਜਦੋਂ 1947 ਵਿੱਚ ਆਬਾਦੀ ਦੇ ਹਿਸਾਬ ਨਾਲ ਪੰਜਾਬ ਦੀ ਵੰਡ ਕੀਤੀ ਜਾ ਰਹੀ ਸੀ ਤਾਂ ਸਿੱਖਾਂ ਦੀ ਸਾਂਝੇ ਪੰਜਾਬ ਵਿੱਚ ਸਭ ਤੋਂ ਵਧੇਰੇ ਸਿੱਖਾਂ ਦੀ ਆਬਾਦੀ ਤਰਨ ਤਾਰਨ ਤਹਿਸੀਲ ਵਿੱਚ ਸੀ। ਅੱਜ ਵੀ ਇਸ ਹਲਕੇ ਵਿੱਚ ਸਿੱਖਾਂ ਦੀ ਬਹੁਗਿਣਤੀ ਹੈ ਪਰ ਫਿਰ ਵੀ ਇੱਥੋਂ ਦੇ ਲੋਕਾਂ ਨੇ ਕਦੇ ਵੀ ਧਰਮ/ ਜਾਤ ਦੀ ਰਾਜਨੀਤੀ ਨਹੀਂ ਕੀਤੀ, ਜਿਸ ਦਾ ਸਬੂਤ ਸੰਨ 2017 ਵਿੱਚ ਇੱਥੋਂ ਦੇ ਲੋਕਾਂ ਨੇ ਡਾ. ਧਰਮਬੀਰ ਅਗਨੀਹੋਤਰੀ ਨੂੰ ਜਿਤਾ ਕੇ ਦਿੱਤਾ ਸੀ। ਤਰਨ ਤਾਰਨ ਵਿਧਾਨ ਸਭਾ ਹਲਕੇ ਦੇ ਵੋਟਰਾਂ ਨਾਲ ਜਦੋਂ ਇਸ ਜ਼ਿਮਨੀ ਚੋਣ ਸਬੰਧੀ ਗੱਲ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਦੇ ਪੱਖ ਵਿੱਚ ਖੁੱਲ੍ਹ ਦੇ ਹੁੰਗਾਰਾ ਨਹੀਂ ਭਰਦੇ, ਜਿਸ ਕਰਕੇ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਇਸ ਹਲਕੇ ਦੇ ਲੋਕ ਕਿਸ ਉਮੀਦਵਾਰ ਨੂੰ ਸਮਰਥਣ ਦੇ ਰਹੇ ਹਨ। ਇਸ ਹਲਕੇ ਵਿੱਚ ਚੋਣ ਸਰਗਰਮੀਆਂ ਤੇਜ਼ ਹੋਣ ਦੇ ਬਾਵਜੂਦ ਅਜੇ ਕਿਸੇ ਵੀ ਉਮੀਦਵਾਰ ਜਾਂ ਸਿਆਸੀ ਪਾਰਟੀ ਦੇ ਪੱਖ ਵਿੱਚ ਹਵਾ ਨਹੀਂ ਬਣੀ ਹੈ। ਆਉਣ ਵਾਲੇ ਦਿਨਾਂ ਦੌਰਾਨ ਇਹ ਹਲਕੇ ਵਿੱਚ ਚੋਣ ਸਰਗਰਮੀਆਂ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

# ਜ਼ਿੰਦਗੀ ਦੀ ਜੰਗ ਹਾਰ ਗਿਆ ਪੰਜਾਬੀ ਗਾਇਕ ਰਾਜਵੀਰ ਜਵੰਦਾ

## ਆਪਣੀ ਸੁਰੀਲੀ ਆਵਾਜ਼ ਨਾਲ ਲੱਖਾਂ ਪ੍ਰਸ਼ੰਸਕਾਂ ਦੇ ਦਿਲਾਂ 'ਤੇ ਕੀਤਾ ਰਾਜ

ਮੋਹਾਲੀ/ਏ.ਟੀ.ਨਿਊਜ਼ : ਪੰਜਾਬੀ ਗਾਇਕ ਰਾਜਵੀਰ ਜਵੰਦਾ ਦਾ ਅੱਜ ਸਵੇਰੇ ਦੇਹਾਂਤ ਹੋ ਗਿਆ ਹੈ। ਰਾਜਵੀਰ ਜਵੰਦਾ ਬੀਤੇ ਦਿਨੀਂ ਹਿਮਾਚਲ ਦੇ ਬੱਦੀ ਵਿੱਚ ਵਾਪਰੇ ਇੱਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋ ਗਏ ਸਨ। ਜਿਸ ਤੋਂ ਬਾਅਦ ਉਨ੍ਹਾਂ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਰਾਜਵੀਰ ਜਵੰਦਾ ਦੇ ਸਿਰ ਤੇ ਰੀੜ੍ਹ ਦੀ ਹੱਡੀ 'ਚ ਸੱਟਾਂ ਲੱਗੀਆਂ ਸਨ। ਹਸਪਤਾਲ ਲਿਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਵੀ ਪਿਆ ਸੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਉਸ ਦਿਨ ਤੋਂ ਲਗਾਤਾਰ ਵੈਂਟੀਲੇਟਰ 'ਤੇ ਰੱਖਿਆ ਗਿਆ ਤੇ ਅੱਜ ਗਾਇਕ ਆਪਣੀ ਜ਼ਿੰਦਗੀ ਦੀ ਜੰਗ ਹਾਰ ਗਿਆ। ਫੋਰਟਿਸ ਹਸਪਤਾਲ ਦੇ ਡਾਇਰੈਕਟਰ ਅਭਿਜੀਤ ਸਿੰਘ ਨੇ ਗਾਇਕ ਦੇ ਦੇਹਾਂਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਰਾਜਵੀਰ ਜਵੰਦਾ ਨੇ ਅੱਜ ਸਵੇਰੇ 10:55 ਵਜੇ ਆਖਰੀ ਸਾਹ ਲਏ। ਰਾਜਵੀਰ ਜਵੰਦਾ ਦੀ ਮੌਤ ਮਗਰੋਂ ਇਹਤਿਆਤ ਵਜੋਂ ਫੋਰਟਿਸ ਹਸਪਤਾਲ ਵਿੱਚ ਪੁਲਿਸ ਫੋਰਸ ਦੀ ਨਫ਼ਰੀ ਵਧਾ ਦਿੱਤੀ ਗਈ ਹੈ।

ਅਦਾਕਾਰ-ਗਾਇਕ ਐਮੀ ਵਿਰਕ ਨੇ ਕਿਹਾ ਕਿ ਜਵੰਦਾ ਦੀ ਮ੍ਰਿਤਕ ਦੇਹ ਨੂੰ ਜਗਰਾਉਂ ਨੇੜੇ ਉਨ੍ਹਾਂ ਦੇ ਜੱਦੀ ਪਿੰਡ ਪੋਨਾ ਲਿਜਾਇਆ ਜਾਵੇਗਾ ਅਤੇ ਅੰਤਿਮ ਸੰਸਕਾਰ ਕੱਲ੍ਹ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਇਸ ਗਾਇਕ ਨੇ ਆਪਣੀ ਸੁਰੀਲੀ ਆਵਾਜ਼ ਨਾਲ ਲੱਖਾਂ ਪ੍ਰਸ਼ੰਸਕਾਂ ਦੇ ਦਿਲਾਂ 'ਤੇ ਰਾਜ ਕੀਤਾ। ਤੁਹਾਨੂੰ ਦੱਸ ਦੇਈਏ ਕਿ 27 ਸਤੰਬਰ ਨੂੰ ਗਾਇਕ ਇੱਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਜਿਸ ਤੋਂ ਬਾਅਦ ਉਨ੍ਹਾਂ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਉਦੋਂ ਤੋਂ ਉਹ ਵੈਂਟੀਲੇਟਰ ਸਪੋਰਟ 'ਤੇ ਸਨ। ਡਾਕਟਰਾਂ ਮੁਤਾਬਕ ਗਾਇਕ ਨੂੰ ਦਿਮਾਗ ਅਤੇ



ਰੀੜ੍ਹ ਦੀ ਹੱਡੀ 'ਚ ਗੰਭੀਰ ਸੱਟਾਂ ਲੱਗੀਆਂ ਜਿਸ ਕਾਰਨ ਉਨ੍ਹਾਂ ਦੇ ਠੀਕ ਹੋਣ ਦੀ ਸੰਭਾਵਨਾ ਕਾਫੀ ਘੱਟ ਸੀ।

**ਗਾਇਕ ਰਾਜਵੀਰ ਲਈ ਕੀਤੀਆਂ ਗਈਆਂ ਬਹੁਤ ਅਰਦਾਸਾਂ**

ਦੱਸਣਯੋਗ ਹੈ ਕਿ ਐਕਸੀਡੈਂਟ ਤੋਂ ਬਾਅਦ ਤੋਂ ਦੁਨੀਆ ਭਰ ਦੇ ਪ੍ਰਸ਼ੰਸਕਾਂ, ਸ਼ੁਭਚਿੰਤਕਾਂ, ਕਲਾਕਾਰਾਂ, ਸਿਆਸਤਦਾਨਾਂ ਵੱਲੋਂ ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸਾਂ ਕੀਤੀਆਂ ਗਈਆਂ ਸਨ ਜੋ ਕਿ ਕਬੂਲ ਨਹੀਂ ਹੋਈਆਂ। ਉਨ੍ਹਾਂ ਦੀ ਹਾਲਤ ਨੂੰ ਦੇਖ ਕੇ ਹਰ ਕੋਈ ਚਮਤਕਾਰ ਦੀ ਉਮੀਦ ਕਰ ਰਿਹਾ ਸੀ। ਗਾਇਕ ਦੀ ਮਾਂ ਨੂੰ ਇਸ ਵੇਲੇ ਸਭ ਤੋਂ ਵੱਡਾ ਘਾਟਾ ਪਿਆ ਹੈ, ਹਾਲ ਹੀ ਵਿੱਚ ਉਨ੍ਹਾਂ ਨੇ ਆਪਣੇ ਪਤੀ ਅਤੇ ਗਾਇਕ ਰਾਜਵੀਰ ਦੇ ਪਿਤਾ ਨੂੰ ਗੁਆ ਦਿੱਤਾ ਸੀ ਤੇ ਹੁਣ ਉਨ੍ਹਾਂ ਦਾ ਇਕਲੌਤਾ ਪੁੱਤਰ ਵੀ ਜ਼ਿੰਦਗੀ ਦੀ ਜੰਗ ਹਾਰ ਗਿਆ ਹੈ।

**ਪੰਜਾਬ ਪੁਲਿਸ 'ਚ ਸਨ ਰਾਜਵੀਰ**

ਤੁਹਾਨੂੰ ਦੱਸ ਦੇਈਏ ਕਿ ਗਾਇਕ ਰਾਜਵੀਰ ਜਵੰਦਾ ਪੁਲਿਸ 'ਚ ਸਨ। ਗਾਇਕ ਨੇ ਖੁਦ ਦੱਸਿਆ ਸੀ ਕਿ ਉਨ੍ਹਾਂ ਦਾ ਪਰਿਵਾਰ ਪੰਜਾਬ ਪੁਲਿਸ 'ਚ ਸੇਵਾ ਨਿਭਾ ਰਿਹਾ ਹੈ ਜਿਸ ਦੇ ਚੱਲਦੇ ਉਨ੍ਹਾਂ ਨੇ ਵੀ ਪੰਜਾਬ ਪੁਲਿਸ ਜੁਆਇਨ ਕੀਤੀ। ਰਾਜਵੀਰ ਨੂੰ ਗਾਇਕੀ ਦਾ ਬਹੁਤ ਜਨੂੰਨ ਸੀ ਜਿਸ ਨੂੰ ਉਹ ਸਿਖਰਾਂ 'ਤੇ ਲੈ ਕੇ ਗਏ।

ਰਾਜਵੀਰ ਦੇ ਗੀਤਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ 'ਖੁਸ਼ ਰਿਹਾ ਕਰ', 'ਸਰਦਾਰੀ'', 'ਲੈਂਡਲਾਰਡ', 'ਡਾਊਨ ਟੂ ਅਰਥ' ਤੇ 'ਕੰਗਣੀ' ਵਰਗੇ ਮਸ਼ਹੂਰ ਗੀਤ ਪ੍ਰਸ਼ੰਸਕਾਂ ਦੀ ਝੋਲੀ ਪਾਏ ਹਨ। ਉਹਨਾਂ ਨੇ 2018 ਵਿੱਚ ਗਿੱਪੀ ਗਰੇਵਾਲ-ਸਟਾਰਰ ਫਿਲਮ 'ਸੂਬੇਦਾਰ ਜੋਗਿੰਦਰ ਸਿੰਘ', 2019 ਵਿੱਚ 'ਜਿੰਦ ਜਾਨ' ਅਤੇ 'ਮਿੰਦੋ ਤਸੀਲਦਾਰਨੀ' ਵਿੱਚ ਵੀ ਅਦਾਕਾਰੀ ਕੀਤੀ ਸੀ।


VOTE
OCTOBER
12, 2025
SAN JOSE
GURDWARA SAHIB
ELECTION
"RESTORE TRANSPARENCY • END DIVISION • SERVE ALL FAMILIES"
ਵਾਹਿਗੁਰੂ ਜੀ ਮਿਹਰ ਕਰਨ ਤੇ ਸਾਧ ਸੰਗਤ ਸਲੇਟ ਨੂੰ ਸੇਵਾ ਦਾ ਮੌਕਾ ਦੇਣ ।
SADH SANGAT SLATE
BHUPINDER SINGH CHEEMA
HARPAL SINGH CHAHAL
KASHMIR SINGH KALKAT
KULWINDER KAUR CHEEMA
JAGJEET SINGH
SATNAM SINGH DHILLON
TRILOCHAN SINGH SRA
GURMAIL SINGH KHALSA
KARNAIL SINGH
DR. SATWINDER SINGH BAJWA
JATINDER KAUR
SUKHWIR SINGH RANDHAWA
AMRIK SINGH LUBANA
GULBAG SINGH LUBANA
RABHUBIR SINGH DHILLON
BALDEV SINGH JANDU
JOGINDER KAUR DHALIWAL
KULWANT KAUR CHAHAL
KAMALJEET SINGH CHEEMA
JAGJIT SINGH MAND
JASPAL SINGH SAINI
VOTE OCTOBER 12, 2025 • SHARE WITH FAMILY
"QUESTIONS? CALL US!"
BHUPINDER SINGH CHEEMA 408-203-8054
HARPAL SINGH CHAHAL 408-981-2842
JAGJEET SINGH 408-223-9900

### ਐਚ-1ਬੀ ਵੀਜ਼ਾ 'ਤੇ ਭਾਰੀ ਫ਼ੀਸ ਅਤੇ ਭਾਰਤੀ ਵਸਤੂਆਂ 'ਤੇ 50% ਟੈਰਿਫ਼ ਦਾ ਮਾਮਲਾ

# ਕੀ ਟਰੰਪ ਦੇ ਤਲਖ਼ ਫ਼ੈਸਲਿਆਂ ਕਾਰਨ ਭਾਰਤ-ਅਮਰੀਕਾ ਰਿਸ਼ਤੇ ਸੁਲਝਣਗੇ ?

## ਅਮਰੀਕੀ ਅਖ਼ਬਾਰਾਂ ਦੀ ਚਿਤਾਵਨੀ: ਟੈਰਿਫ਼ ਵਾਰ ਨਾਲ ਅਮਰੀਕਾ ਦਾ ਆਪਣਾ ਹੀ ਨੁਕਸਾਨ ਹੋਵੇਗਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤੀ ਵਸਤੂਆਂ 'ਤੇ 50 ਫ਼ੀਸਦੀ ਟੈਰਿਫ਼ ਲਗਾਉਣ ਅਤੇ ਐਚ-1ਬੀ ਵੀਜ਼ਾ ਲਈ ਹਰ ਸਾਲ 1 ਲੱਖ ਡਾਲਰ ਦੀ ਭਾਰੀ ਫ਼ੀਸ ਵਸੂਲਣ ਦੇ ਫ਼ੈਸਲਿਆਂ ਨੇ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਨਵੀਂ ਚੁਣੌਤੀ ਦਿੱਤੀ ਹੈ। ਇਹ ਕਦਮ ਰੂਸੀ ਤੇਲ ਖਰੀਦਣ ਨੂੰ ਲੈ ਕੇ ਲੱਗੇ ਦਬਾਅ ਦਾ ਹਿੱਸਾ ਹਨ, ਪਰ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਵਿੱਚ ਅਜੇ ਵੀ ਉਮੀਦ ਹੈ ਕਿ ਭਾਰਤ ਤੇ ਅਮਰੀਕਾ ਦੇ ਰਿਸ਼ਤੇ ਸੁਲਝਣਗੇ। ਅਮਰੀਕੀ ਅਖ਼ਬਾਰਾਂ ਵਿੱਚ ਵੀ ਇਸ ਨੂੰ ਇੱਕ ਅਸਥਾਈ ਤਣਾਅ ਵਜੋਂ ਵੇਖਿਆ ਜਾ ਰਿਹਾ ਹੈ, ਜੋ ਭਵਿੱਖ ਵਿੱਚ ਵਪਾਰਕ ਸੌਦਿਆਂ ਨਾਲ ਸੁਧਰ ਸਕਦਾ ਹੈ।

ਐਚ-1ਬੀ ਵੀਜ਼ਾ ਅਤੇ ਟੈਰਿਫ਼ ਵਾਰ: ਵਰਤਮਾਨ ਸੰਕਟ ਦੇ ਕਾਰਨ ਅਤੇ ਪ੍ਰਭਾਵ

ਟਰੰਪ ਪ੍ਰਸ਼ਾਸਨ ਨੇ ਅਗਸਤ 2025 ਵਿੱਚ ਭਾਰਤੀ ਆਯਾਤ 'ਤੇ ਟੈਰਿਫ਼ ਨੂੰ 25 ਫ਼ੀਸਦੀ ਤੋਂ ਵਧਾ ਕੇ 50 ਫ਼ੀਸਦੀ ਕਰ ਦਿੱਤਾ, ਜਿਸ ਨੂੰ ਰੂਸੀ ਤੇਲ ਖਰੀਦਣ ਵਿਰੁੱਧ ਸਜ਼ਾ ਵਜੋਂ ਅਮਰੀਕਾ ਨੇ ਭਾਰਤ ਉੱਪਰ ਟੈਰਿਫ ਲਗਾਇਆ ਗਿਆ। ਇਸ ਨਾਲ ਭਾਰਤ ਨੂੰ ਲਗਭਗ 42.7 ਅਰਬ ਡਾਲਰ ਦੇ ਵਪਾਰਕ ਘਾਟੇ ਨੂੰ ਹੋਰ ਵਧਾਉਣ ਵਾਲਾ ਝਟਕਾ ਲੱਗਾ। ਫਿਰ ਸਤੰਬਰ ਵਿੱਚ ਐਚ-1ਬੀ ਵੀਜ਼ਾ 'ਤੇ 1 ਲੱਖ ਡਾਲਰ (ਲਗਭਗ 84 ਲੱਖ ਰੁਪਏ) ਦੀ ਫ਼ੀਸ ਲਗਾਈ ਗਈ, ਜੋ ਪਹਿਲਾਂ 460 ਡਾਲਰ ਸੀ। ਇਹ ਫ਼ੈਸਲਾ ਨਵੇਂ ਅਰਜ਼ੀਦਾਰਾਂ ਲਈ ਹੈ ਅਤੇ ਟੈਕ ਕੰਪਨੀਆਂ ਨੂੰ ਅਮਰੀਕੀ ਕਾਮਿਆਂ ਨੂੰ ਤਰਜੀਹ ਦੇਣ ਲਈ ਟਰੰਪ ਨੇ ਇਹ ਨੀਤੀ ਘੜੀ ਹੈ।

ਅਮਰੀਕਾ ਵਿੱਚ 50 ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਬਹੁਤੇ ਟੈਕ ਅਤੇ ਆਈਟੀ ਸੈਕਟਰ ਵਿੱਚ ਹਨ। ਇਹ ਫ਼ੀਸ ਭਾਰਤੀ ਨੌਜਵਾਨਾਂ ਉਪਰ ਆਰਥਿਕ ਬੋਝ ਵਧਾਏਗੀ ਤੇ ਉਹਨਾਂ ਦੇ ਅਮਰੀਕੀ ਸੁਪਨਿਆਂ ਨੂੰ ਚੁਣੌਤੀ ਦੇਵੇਗੀ। ਨੈਸਕੌਮ ਅਨੁਸਾਰ, 70 ਫ਼ੀਸਦੀ ਐਚ-1ਬੀ ਵੀਜ਼ੇ ਭਾਰਤੀਆਂ ਨੂੰ ਮਿਲਦੇ ਹਨ। ਟੈਰਿਫ ਕਾਰਨ ਆਈਟੀ ਐਕਸਪੋਰਟ ਵਿੱਚ 2 ਲੱਖ ਕਰੋੜ ਰੁਪਏ ਦਾ ਨੁਕਸਾਨ ਹੋ ਸਕਦਾ ਹੈ। ਟੈਰਿਫ਼ ਨੇ ਫਿਰ ਸਟੀਲ, ਐਲੂਮੀਨੀਅਮ ਅਤੇ ਫਾਰਮਾ ਵਰਗੇ ਸੈਕਟਰਾਂ ਨੂੰ ਠੇਸ ਪਹੁੰਚਾਈ ਹੈ, ਜਿਸ ਨਾਲ ਭਾਰਤੀ ਐਕਸਪੋਰਟਰਾਂ ਨੂੰ ਨਵੇਂ ਬਾਜ਼ਾਰ ਲੱਭਣੇ ਪੈ ਰਹੇ ਹਨ। ਪਰ ਇਸ ਸਭ ਵਿੱਚ ਭਾਰਤੀ ਭਾਈਚਾਰਾ ਨਿਰਾਸ਼ ਨਹੀਂ ਹੋ ਰਿਹਾ, ਉਹ ਇਸ ਨੂੰ ਅਸਥਾਈ ਸਮੱਸਿਆ ਮੰਨਦੇ ਹਨ।



ਨਿਊਯਾਰਕ ਵਿੱਚ ਸਿਟੀ ਗਰੁੱਪ ਦੇ ਸੀਨੀਅਰ ਐਨਾਲਿਸਟ ਦੀਪਾ ਨੇ ਕਿਹਾ, 'ਟਰੰਪ ਦੀਆਂ ਤਲਖ਼ ਟਿੱਪਣੀਆਂ ਬਾਵਜੂਦ, ਦੋਹਾਂ ਦੇਸਾਂ ਵਿਚਕਾਰ ਦੀ ਸਾਂਝੀ ਵਿਰਾਸਤ ਇਸ ਨੂੰ ਜਲਦੀ ਹੱਲ ਕਰ ਦੇਵੇਗੀ। ਇਹ ਵਿਅਕਤੀਗਤ ਨਹੀਂ, ਗਲੋਬਲ ਹਿੱਤਾਂ ਦਾ ਮਾਮਲਾ ਹੈ।' ਉਹ ਮੰਨਦੀ ਹੈ ਕਿ ਕੁਆਡ ਵਰਗੇ ਪਲੇਟਫਾਰਮ ਰਿਸ਼ਤਿਆਂ ਨੂੰ ਮਜ਼ਬੂਤ ਰੱਖਣਗੇ।

ਅਮੇਜ਼ਨ ਵਿੱਚ ਪ੍ਰੋਡਕਟ ਮੈਨੇਜਰ ਗੌਤਮ ਕਿਸ਼ੋਰ ਨੇ ਦੱਸਿਆ ਕਿ ਯੂਕ੍ਰੇਨ ਯੁੱਧ ਨੇ ਸਮੀਕਰਨ ਬੁਰੀ ਤਰ੍ਹਾਂ ਪ੍ਰਭਾਵਿਤ ਕੀਤੇ ਹਨ, ਪਰ ਭਾਰਤੀ ਵਿਦੇਸ਼ ਨੀਤੀ ਸਮਝਦਾਰੀ ਨਾਲ ਕੰਮ ਕਰ ਰਹੀ ਹੈ। ਵੀਜ਼ਾ ਅਤੇ ਵਪਾਰਕ ਰੁਕਾਵਟਾਂ ਰਾਜਨੀਤਿਕ ਹਨ, ਪਰ ਉਹ ਕੁਝ ਦਿਨਾਂ ਦੀਆਂ ਹਨ।ਜਲਦੀ ਹੱਲ ਹੋ ਜਾਣਗੀਆਂ।

ਨਿਊਜ਼ਰਸੀ ਗਵਰਨਰ ਫਿਲ ਮਰਫ਼ੀ ਨੇ ਕਿਹਾ, 'ਅਮਰੀਕਾ ਭਾਰਤ ਤੋਂ ਬਿਨਾਂ ਨਹੀਂ ਰਹਿ ਸਕਦਾ; ਅੰਤ ਵਿੱਚ ਦੋਹਾਂ ਨੂੰ ਇਕੱਠੇ ਹੋਣਾ ਹੀ ਪਵੇਗਾ।' ਪ੍ਰਿੰਸਟਨ ਯੂਨੀਵਰਸਿਟੀ ਦੀ ਵਨਿਆ ਚੌਧਰੀ ਨੇ ਕਿਹਾ, 'ਭਾਰਤ ਵਪਾਰਕ ਸ਼ਰਤਾਂ ਨੂੰ ਨਹੀਂ ਮੰਨੇਗਾ ਜੋ ਉਸ ਦੀ ਆਬਾਦੀ ਨੂੰ ਨੁਕਸਾਨ ਪਹੁੰਚਾਵੇ, ਪਰ ਹੱਲ ਨਿਕਲ ਆਵੇਗਾ।' ਰਿਚਰਡ ਰੋਸੋ ਨੇ ਮੰਨਿਆ ਕਿ ਟਰੰਪ ਨੇ ਵਿਸ਼ਵਾਸ ਘਟਾਇਆ ਹੈ, ਪਰ ਦੋਹਾਂ ਦੇ ਹਿੱਤ ਇਸ ਨੂੰ ਸੁਧਾਰਨਗੇ।

ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਇਹ ਫ਼ੈਸਲੇ ਭਾਰਤ ਨੂੰ ਆਤਮ-ਨਿਰਭਰ ਬਣਾਉਣ ਵਿੱਚ ਮਦਦ ਕਰਨਗੇ, ਪਰ ਅਮਰੀਕਾ ਆਪਣੇ ਹੀ ਟੈਲੈਂਟ ਨੂੰ ਗੁਆ ਰਿਹਾ ਹੈ।

ਵਾਸ਼ਿੰਗਟਨ ਪੋਸਟ ਨੇ ਵੀ ਚਾਨਣਾ ਪਾਇਆ ਕਿ ਟਰੰਪ ਦੇ ਇਹ ਕਦਮ ਯੂਕ੍ਰੇਨ ਯੁੱਧ ਨਾਲ ਜੁੜੇ ਹਨ, ਪਰ ਭਾਰਤ ਨੂੰ ਨਿਸ਼ਾਨਾ ਬਣਾਉਣ ਨਾਲ ਭਾਰਤ-ਚੀਨ ਦੇ ਹੋਰ ਨੇੜੇ ਜਾਵੇਗਾ।

ਬੀ.ਬੀ.ਸੀ. ਨੇ ਚਿਤਾਵਨੀ ਦਿੱਤੀ ਕਿ ਐਚ-1ਬੀ ਫ਼ੀਸ ਅਮਰੀਕੀ ਇਨੋਵੇਸ਼ਨ ਨੂੰ ਨੁਕਸਾਨ ਪਹੁੰਚਾਏਗੀ

ਰੌਇਟਰਜ਼ ਨੇ ਟੈਰਿਫ਼ ਨੂੰ ਰੂਸੀ ਤੇਲ ਗੇਨ ਨੂੰ ਖ਼ਤਮ ਕਰਨ ਵਾਲਾ ਕਿਹਾ, ਪਰ ਰਿਸ਼ਤੇ ਮਜ਼ਬੂਤ ਹੋਣਗੇ।

ਸਰਕਾਰੀ ਯਤਨ ਅਤੇ ਭਵਿੱਖ ਦੀਆਂ ਸੰਭਾਵਨਾਵਾਂ: ਸਮਝੌਤੇ ਦੀ ਉਮੀਦ

22-24 ਸਤੰਬਰ ਨੂੰ ਵਾਸ਼ਿੰਗਟਨ ਵਿੱਚ ਵਪਾਰਕ ਗੱਲਬਾਤਾਂ ਵਿੱਚ ਭਾਰਤ ਨੇ ਅਮਰੀਕੀ ਡੇਅਰੀ ਉਤਪਾਦਾਂ 'ਤੇ ਰਿਆਇਤਾਂ ਦੀ ਪੇਸ਼ਕਸ਼ ਕੀਤੀ। ਭਾਰਤ 40 ਅਰਬ ਡਾਲਰ ਦੀ ਵੱਡੀ ਖ਼ਰੀਦਾਰੀ 'ਤੇ ਵਿਚਾਰ ਕਰ ਰਿਹਾ ਹੈ, ਜਿਸ ਵਿੱਚ ਰੱਖਿਆ ਉਪਕਰਨ ਅਤੇ ਤੇਲ ਸ਼ਾਮਲ ਹਨ। 2024 ਵਿੱਚ ਵਪਾਰਕ ਘਾਟਾ 42.7 ਅਰਬ ਡਾਲਰ ਸੀ, ਅਤੇ ਭਾਰਤ ਹਰ ਕੂਟਨੀਤਿਕ ਯਤਨ ਨਾਲ ਹੱਲ ਲੱਭ ਰਿਹਾ ਹੈ। ਮੋਦੀ ਸਰਕਾਰ ਨੇ ਆਤਮਨਿਰਭਰਤਾ 'ਤੇ ਜ਼ੋਰ ਦਿੱਤਾ ਹੈ, ਪਰ ਅਮਰੀਕੀ ਊਰਜਾ ਆਯਾਤ ਵਧਾ ਕੇ ਸੰਤੁਲਨ ਬਣਾਉਣਾ ਚਾਹੁੰਦੀ ਹੈ।

ਭਵਿੱਖ ਵਿੱਚ ਇਹ ਯਤਨ ਕਿੰਨੇ ਸਫ਼ਲ ਹੋਣਗੇ, ਇਹ ਵੇਖਣਾ ਰਹਿ ਗਿਆ ਹੈ। ਪਰ ਇੰਨਾ ਤੈਅ ਹੈ ਕਿ ਅਮਰੀਕਾ ਨੂੰ ਪਤਾ ਹੈ ਕਿ ਭਾਰਤ ਨਾਲ ਰਿਸ਼ਤੇ ਨਾ ਸੁਧਰਨ 'ਤੇ ਦੋਹਾਂ ਨੂੰ ਨੁਕਸਾਨ ਹੋਵੇਗਾ।

ਫੌਕਸ ਬਿਜ਼ਨਸ ਨੇ ਦੱਸਿਆ ਕਿ ਭਾਰਤ ਨੇ ਉੱਚ-ਸਤਰੀ ਡੈਲੀਗੇਸ਼ਨ ਭੇਜ ਕੇ ਵੀਜ਼ਾ ਅਤੇ ਟੈਰਿਫ਼ 'ਤੇ ਗੱਲਬਾਤ ਸ਼ੁਰੂ ਕੀਤੀ ਹੈ। ਬਲੂਮਬਰਗ ਨੇ ਟੈਰਿਫ਼ ਨੂੰ ਰੂਸੀ ਤੇਲ ਖ਼ਿਲਾਫ਼ 'ਅਨਿਆਂਪੂਰਨ' ਕਿਹਾ, ਪਰ ਮੰਨਿਆ ਕਿ ਭਾਰਤੀ ਵਪਾਰਕ ਗੇਨ ਨੂੰ ਬਚਾਉਣ ਲਈ ਨਵੇਂ ਸੌਦੇ ਹੋਣਗੇ।

ਅੰਤ ਵਿੱਚ, ਭਾਰਤੀ ਅਮਰੀਕੀ ਭਾਈਚਾਰੇ ਦੀਆਂ ਉਮੀਦਾਂ ਸਾਂਝੇ ਮੁੱਲਾਂ ਅਤੇ ਆਰਥਿਕ ਅਵਸਰਾਂ 'ਤੇ ਆਧਾਰਿਤ ਹਨ। ਟਰੰਪ ਦੇ ਫ਼ੈਸਲੇ ਚੁਣੌਤੀ ਹਨ, ਪਰ ਇਤਿਹਾਸ ਦੱਸਦਾ ਹੈ ਕਿ ਭਾਰਤ-ਅਮਰੀਕਾ ਰਿਸ਼ਤੇ ਹਮੇਸ਼ਾ ਮਜ਼ਬੂਤ ਹੋ ਕੇ ਉੱਭਰੇ ਹਨ।

## ਸੰਘੀ ਅਦਾਲਤ 'ਚ ਪਹੁੰਚਿਆ ਐੱਚ-1ਬੀ ਵੀਜ਼ਾ ਲਈ 1,00,000 ਅਮਰੀਕੀ ਡਾਲਰ ਦੀ ਫ਼ੀਸ ਦਾ ਮਾਮਲਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਐੱਚ-1ਬੀ ਵੀਜ਼ਾ ਅਰਜ਼ੀਆਂ ਲਈ 1,00,000 ਅਮਰੀਕੀ ਡਾਲਰ ਦੀ ਫ਼ੀਸ ਦੇ ਖ਼ਿਲਾਫ਼ ਸਿਹਤ ਸੰਭਾਲ ਪ੍ਰਦਾਤਾਵਾਂ, ਧਾਰਮਿਕ ਸਮੂਹਾਂ, ਯੂਨੀਵਰਸਿਟੀ ਪ੍ਰੋਫ਼ੈਸਰਾਂ ਅਤੇ ਹੋਰਾਂ ਦੇ ਇੱਕ ਸਮੂਹ ਨੇ ਇੱਕ ਸੰਘੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਹੈ।




ਸਮੂਹ ਨੇ ਕੇਸ ਦਾਇਰ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਦੀ ਇਸ ਯੋਜਨਾ ਨੇ ਨਿਯੋਜਕਾਂ, ਕਰਮਚਾਰੀਆਂ ਅਤੇ ਸੰਘੀ ਏਜੰਸੀਆਂ ਨੂੰ ਅਰਾਜਕਤਾ ਵਾਲੀ ਸਥਿਤੀ ਵਿੱਚ ਪਾ ਦਿੱਤਾ ਹੈ।ਟਰੰਪ ਪ੍ਰਸ਼ਾਸਨ ਨੇ ਨਵੇਂ ਐੱਚ-1ਬੀ ਵਰਕਿੰਗ ਵੀਜ਼ਾ ਲਈ 1,00,000 ਅਮਰੀਕੀ ਡਾਲਰ ਦੀ ਇੱਕਮੁਸ਼ਤ ਫੀਸ ਦਾ ਐਲਾਨ ਕੀਤਾ ਹੈ।

ਸਾਂ ਫ੍ਰਾਂਸਿਸਕੋ ਸਥਿਤ 'ਯੂ.ਐੱਸ. ਡਿਸਟ੍ਰਿਕਟ ਕੋਰਟ' ਵਿੱਚ ਦਾਇਰ ਕੀਤੇ ਕੇਸ ਵਿੱਚ ਕਿਹਾ ਗਿਆ ਹੈ ਕਿ ਐੱਚ-1ਬੀ (ਬਾਕੀ ਸਫ਼ਾ 26 'ਤੇ)

# ਅਮਰੀਕਾ ਦਾ ਵੱਡਾ ਨੁਕਸਾਨ ਕਰ ਰਹੀਆਂ ਹਨ ਟਰੰਪ ਦੀਆਂ ਨੀਤੀਆਂ

## ਸ਼ਟਡਾਊਨ ਕਾਰਨ ਅਮਰੀਕਾ ਦਾ ਰੋਜ਼ਾਨਾ 88 ਬਿਲੀਅਨ ਡਾਲਰ ਦਾ ਹੋ ਰਿਹੈ ਨੁਕਸਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਇਸ ਸਮੇਂ ਬੰਦ (ਸ਼ਟਡਾਊਨ) ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇਸ ਨਾਲ ਟਰੰਪ ਦੇ ਦੇਸ਼ ਨੂੰ ਕਾਫ਼ੀ ਨੁਕਸਾਨ ਹੋ ਰਿਹਾ ਹੈ। 'ਦਿ ਗਾਰਡੀਅਨ' ਦੀ ਇੱਕ ਰਿਪੋਰਟ ਦੇ ਅਨੁਸਾਰ, ਟਰੰਪ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਸ਼ਟਡਾਊਨ ਬੰਦ ਖਤਮ ਨਹੀਂ ਕੀਤਾ ਗਿਆ ਤਾਂ ਇਹ ਅਮਰੀਕੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਵਿਸ਼ਲੇਸ਼ਕਾਂ ਦੇ ਅਨੁਸਾਰ, ਇਹ ਨੁਕਸਾਨ ਪ੍ਰਤੀ ਹਫ਼ਤੇ ਅਰਬਾਂ ਡਾਲਰ ਹੋ ਸਕਦਾ ਹੈ। ਇਸ ਨੁਕਸਾਨ ਦੀ ਭਰਪਾਈ ਟਰੰਪ ਟੈਰਿਫ ਦੁਆਰਾ ਵੀ ਨਹੀਂ ਕੀਤੀ ਜਾ ਸਕਦੀ।

ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਇੱਕ ਟੀ.ਵੀ. ਚੈਨਲ ਨਾਲ ਇੱਕ ਇੰਟਰਵਿਊ ਵਿੱਚ ਕਿਹਾ, 'ਸਰਕਾਰ ਨੂੰ ਬੰਦ ਕਰਕੇ ਅਤੇ ਜੀ.ਡੀ.ਪੀ. ਘਟਾ ਕੇ ਗੱਲਬਾਤ ਕਰਨ ਦਾ ਇਹ ਸਹੀ ਤਰੀਕਾ ਨਹੀਂ ਹੈ। ਇਸ ਨਾਲ ਜੀ.ਡੀ.ਪੀ. ਵਿਕਾਸ ਅਤੇ ਕੰਮਕਾਜੀ ਅਮਰੀਕਾ ਪ੍ਰਭਾਵਿਤ ਹੋ ਸਕਦਾ ਹੈ।' ਵਿਸ਼ਲੇਸ਼ਕਾਂ ਅਨੁਸਾਰ, ਜੇਕਰ ਅਮਰੀਕਾ ਵਿੱਚ ਚੱਲ ਰਹੇ ਬੰਦ ਦੇ ਸੰਬੰਧ ਵਿੱਚ ਇੱਕ ਮਜ਼ਬੂਤ ਸਿੱਟੇ 'ਤੇ ਨਹੀਂ ਪਹੁੰਚਿਆ ਜਾਂਦਾ ਹੈ ਤਾਂ ਇਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ।

ਅਮਰੀਕੀ ਅਰਥਵਿਵਸਥਾ ਨੂੰ ਕਿੰਨਾ ਨੁਕਸਾਨ?




ਸਲਾਹਕਾਰ ਫਰਮ ਈ.ਵਾਈ.-ਪਾਰਥੈਨਨ ਨੇ ਇੱਕ ਰਿਪੋਰਟ ਵਿੱਚ ਕਿਹਾ, 'ਸਾਡਾ ਅੰਦਾਜ਼ਾ ਹੈ ਕਿ ਬੰਦ ਦੇ ਹਰ ਹਫ਼ਤੇ ਚੌਥੀ ਤਿਮਾਹੀ (ਸਾਲਾਨਾ ਆਧਾਰ 'ਤੇ) ਵਿੱਚ ਅਮਰੀਕੀ ਜੀ.ਡੀ.ਪੀ. ਵਿਕਾਸ ਦਰ ਨੂੰ 0.1 ਪ੍ਰਤੀਸ਼ਤ ਅੰਕ ਘਟਾ ਦੇਵੇਗਾ। ਇਸ ਦੇ ਨਤੀਜੇ ਵਜੋਂ ਅਰਥਵਿਵਸਥਾ ਨੂੰ ਹਫਤਾਵਾਰੀ 7 ਬਿਲੀਅਨ ਡਾਲਰ ਦਾ ਨੁਕਸਾਨ ਹੋਵੇਗਾ।'

7 ਬਿਲੀਅਨ ਡਾਲਰ ਦੇ ਹਫਤਾਵਾਰੀ ਨੁਕਸਾਨ ਦਾ ਮਤਲਬ ਹੈ ਲਗਭਗ 88 ਬਿਲੀਅਨ ਦਾ ਰੋਜ਼ਾਨਾ ਨੁਕਸਾਨ ਅਤੇ ਅਮਰੀਕੀ ਅਰਥਵਿਵਸਥਾ ਨੂੰ ਪ੍ਰਤੀ ਘੰਟਾ ਲਗਭਗ 369,865,000 ਦਾ ਨੁਕਸਾਨ।

ਇਸ ਤੋਂ ਇਲਾਵਾ, ਈ.ਵਾਈ.-ਪਾਰਥੈਨਨ ਨੇ ਛੁੱਟੀ 'ਤੇ ਰੱਖੇ ਗਏ ਸੰਘੀ ਕਰਮਚਾਰੀਆਂ ਲਈ ਤਨਖਾਹਾਂ ਗੁਆਉਣ, ਸਾਮਾਨ ਅਤੇ ਸੇਵਾਵਾਂ ਦੀ ਸਰਕਾਰੀ ਖਰੀਦ ਵਿੱਚ ਦੇਰੀ ਅਤੇ ਮੰਗ ਵਿੱਚ ਗਿਰਾਵਟ ਦੇ ਪ੍ਰਭਾਵ ਦਾ ਹਵਾਲਾ ਦਿੱਤਾ। ਈ.ਵਾਈ.-ਪਾਰਥੈਨਨ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁਝ ਨੁਕਸਾਨ ਛੁੱਟੀ 'ਤੇ ਰੱਖੇ ਗਏ ਕਰਮਚਾਰੀਆਂ ਨੂੰ ਵਾਪਸ ਤਨਖਾਹਾਂ ਦੀ ਅਦਾਇਗੀ ਅਤੇ ਸਰਕਾਰ ਦੇ ਦੁਬਾਰਾ ਖੁੱਲ੍ਹਣ ਤੋਂ ਬਾਅਦ ਗਤੀਵਿਧੀ ਦੇ ਮੁੜ ਸ਼ੁਰੂ ਹੋਣ ਦੁਆਰਾ ਭਰੇ ਜਾਣਗੇ, ਪਰ ਲੰਬੇ ਸਮੇਂ ਦੇ ਪ੍ਰਭਾਵਾਂ ਦੀ ਚਿਤਾਵਨੀ ਦਿੱਤੀ ਗਈ ਹੈ।

ਇੱਕ ਮਹੀਨੇ ਵਿੱਚ 43,000 ਵਾਧੂ ਕਾਮੇ ਹੋ ਸਕਦੇ ਹਨ ਬੇਰੁਜ਼ਗਾਰ

ਜਰਮਨ ਮੀਡੀਆ ਪੋਲੀਟੀਕੋ ਦੁਆਰਾ ਪ੍ਰਾਪਤ ਆਰਥਿਕ ਸਲਾਹਕਾਰਾਂ ਦੀ ਕੌਂਸਲ ਦਾ ਇੱਕ ਵ੍ਹਾਈਟ ਹਾਊਸ ਮੀਮੋ ਸੁਝਾਅ ਦਿੰਦਾ ਹੈ ਕਿ ਆਰਥਿਕ ਝਟਕਾ ਹੋਰ ਵੀ ਵੱਡਾ ਹੋ ਸਕਦਾ ਹੈ। ਇਹ ਅੰਦਾਜ਼ਾ ਲਗਾਉਂਦਾ ਹੈ ਕਿ ਬੰਦ ਦੇ ਨਤੀਜੇ ਵਜੋਂ ਹਰ ਹਫ਼ਤੇ ਅਮਰੀਕਾ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਨੂੰ 15 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ ਅਤੇ ਇੱਕ ਮਹੀਨਾ ਚੱਲਣ ਵਾਲੇ ਬੰਦ ਦੇ ਨਤੀਜੇ ਵਜੋਂ 43,000 ਵਾਧੂ ਕਾਮੇ ਬੇਰੁਜ਼ਗਾਰ ਹੋ ਸਕਦੇ ਹਨ। ਮੀਮੋ ਦਾ ਅੰਦਾਜ਼ਾ ਹੈ ਕਿ ਇੱਕ ਮਹੀਨਾ ਚੱਲਣ ਵਾਲੇ ਬੰਦ ਨਾਲ ਅਮਰੀਕੀ ਖਪਤਕਾਰਾਂ ਦੇ ਖਰਚੇ ਵਿੱਚ 30 ਬਿਲੀਅਨ ਡਾਲਰ ਦੀ ਕਮੀ ਆਵੇਗੀ।

ਮੀਮੋ ਵਿੱਚ ਕਿਹਾ ਗਿਆ ਹੈ, 'ਸੀਈਏ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਸ ਬੰਦ ਦੇ ਵਿਆਪਕ ਆਰਥਿਕ ਪ੍ਰਭਾਵ ਹੋ ਸਕਦੇ ਹਨ ਜੋ ਘੱਟ ਵਿਕਾਸ ਦਰ, ਬੇਰੁਜ਼ਗਾਰੀ ਵਿੱਚ ਵਾਧਾ ਅਤੇ ਨਾਲ ਹੀ ਸਮਾਜਿਕ ਸੁਰੱਖਿਆ, ਹਵਾਈ ਯਾਤਰਾ ਅਤੇ ਨਵਜੰਮੇ ਬੱਚਿਆਂ ਵਾਲੀਆਂ ਔਰਤਾਂ ਲਈ ਪੋਸ਼ਣ ਸਹਾਇਤਾ ਵਿੱਚ ਵਿਘਨ ਦੁਆਰਾ ਅਮਰੀਕੀ ਸੰਭਾਵਨਾਵਾਂ ਨੂੰ ਘਟਾ ਸਕਦੇ ਹਨ। ਬੰਦ ਜਿੰਨਾ ਲੰਬਾ ਜਾਰੀ ਰਹੇਗਾ, ਇਹ ਪ੍ਰਭਾਵ ਓਨੇ ਹੀ ਗੰਭੀਰ ਹੋਣਗੇ।'

ਪਿਛਲੇ ਬੰਦ ਦਾ ਅਮਰੀਕਾ ਨੂੰ ਕਿੰਨਾ ਹੋਇਆ ਨੁਕਸਾਨ?

ਅਮਰੀਕਾ ਵਿੱਚ ਪਿਛਲੇ ਸਰਕਾਰੀ ਬੰਦ, ਦਸੰਬਰ 2018 ਤੋਂ ਜਨਵਰੀ 2019 ਤੱਕ 35 ਦਿਨਾਂ ਦੇ ਅੰਸ਼ਕ ਬੰਦ, ਨੇ ਅਮਰੀਕੀ ਅਰਥਵਿਵਸਥਾ ਨੂੰ ਘੱਟੋ-ਘੱਟ 11 ਬਿਲੀਅਨ ਡਾਲਰ ਦਾ ਨੁਕਸਾਨ ਪਹੁੰਚਾਇਆ, ਜਿਸ ਵਿੱਚ 3 ਬਿਲੀਅਨ ਡਾਲਰ ਦਾ ਸਥਾਈ ਨੁਕਸਾਨ ਵੀ ਸ਼ਾਮਲ ਹੈ।

# ਅਮਰੀਕੀ ਫ਼ੌਜ 'ਚ ਦਾੜ੍ਹੀ-ਕੇਸ ਕਟਵਾਉਣ ਸਬੰਧੀ ਨਾ ਕੀਤਾ ਜਾਵੇ ਗਲਤ ਪ੍ਰਚਾਰ: ਸਿੱਖਸ ਆਫ਼ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਫ਼ੌਜ ਸਬੰਧੀ ਮੀਡੀਆ ਵਿੱਚ ਖ਼ਬਰਾਂ ਆ ਰਹੀਆਂ ਹਨ ਕਿ ਸਿੱਖਾਂ ਨੂੰ ਹੁਕਮ ਕਰ ਦਿੱਤੇ ਗਏ ਹਨ ਕਿ ਉਹ ਆਪਣੀ ਦਾੜ੍ਹੀ ਤੇ ਕੇਸ ਕਟਵਾ ਲੈਣ। ਇਨ੍ਹਾਂ ਅਫ਼ਵਾਹਾਂ ਦਾ ਖੰਡਨ ਕਰਦਿਆਂ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤੀ ਸਿਆਸਤਦਾਨ ਖਾਸਕਰ ਸਿੱਖ ਸਿਆਸਤਦਾਨ ਇਸ ਸੱਚਾਈ ਤੋਂ ਅਣਜਾਣ ਹਨ ਅਤੇ ਇਸ ਮਾਮਲੇ ਦਾ ਗਲਤ ਪ੍ਰਚਾਰ ਹੀ ਕਰੀ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਟਰੰਪ ਪ੍ਰਸ਼ਾਸਨ ਹਮੇਸ਼ਾ ਹੀ ਹਰ ਧਰਮ ਦਾ ਸਤਿਕਾਰ ਕਰਦਾ ਆਇਆ ਹੈ ਅਤੇ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਸੱਚ ਹੈ ਕਿ ਅਮਰੀਕੀ ਰੱਖਿਆ ਸਕੱਤਰ (ਸੈਕ੍ਰਟਰੀ ਆਫ ਡਿਫੈਂਸ) ਪੀਟ ਹੈਗਸੇਠ ਨੇ ਇਹ ਹੁਕਮ ਦਿੱਤੇ ਸਨ ਕਿ ਅਮਰੀਕੀ ਫ਼ੌਜ ਵਿੱਚ ਹੁਣ ਲੰਬੇ ਵਾਲ ਅਤੇ ਦਾੜ੍ਹੀ ਨਹੀਂ ਰੱਖੇ ਜਾ ਸਕਣਗੇ। ਪਰ ਇਸ ਦਾ ਦੂਜਾ ਪੱਖ ਇਹ ਵੀ ਹੈ ਕਿ ਉਨ੍ਹਾਂ ਇਹ ਵੀ ਬਿਆਨ ਦਿੱਤਾ ਕਿ ਜਿਸ ਕਿਸੇ ਦੇ ਵੀ ਧਰਮ ਵਿੱਚ ਦਾੜ੍ਹੀ ਅਤੇ ਕੇਸ ਰੱਖਣੇ ਜ਼ਰੂਰੀ ਹਨ ਉਹ ਕੇਸ ਬਾਈ ਕੇਸ ਉਸ ਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਦੇਣਗੇ। ਇਹ ਛੋਟ ਲੈਣ ਲਈ ਉਸ ਫ਼ੌਜੀ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਸ ਦੇ ਧਰਮ ਵਿੱਚ ਦਾੜ੍ਹੀ ਰੱਖਣੀ ਜ਼ਰੂਰੀ ਹੈ।


SECRETARY OF WAR
1000 DEFENSE PENTAGON
WASHINGTON, DC 20301-1000

SEP 30 2025

MEMORANDUM FOR SENIOR PENTAGON LEADERSHIP
COMMANDERS OF THE COMBATANT COMMANDS
DEPARTMENT OF WAR AGENCY AND DOW FIELD ACTIVITY DIRECTORS

SUBJECT: Grooming Standards for Facial Hair Implementation

- Religious Accommodations
  - The Department will revert to pre-2010 standards; facial hair waivers are generally not authorized.
  - Individualized review required per Department of War Instruction 1300.17, "Religious Liberty in the Military Services," of September 1, 2020.
  - Documentation demonstrating the sincerity of the religious or sincerely held belief will be a central factor in evaluating accommodation requests and must be sufficient to support a good faith determination by the approving authority.
  - Approvals will be limited to non-deployable roles with low risk of chemical attack or firefighting requirements.



ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਪੰਜਾਬ 'ਚ ਬੈਠੇ ਸਿੱਖ ਸਿਆਸਤਦਾਨਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਹੁਕਮਾਂ ਬਾਰੇ ਦੁਬਾਰਾ ਪੜਤਾਲ ਕਰਨ ਅਤੇ ਉਹ ਉਹੀ ਬਿਆਨ ਦੇਣ ਜਿਸ ਨਾਲ ਕਿ ਦੋਵਾਂ ਦੇਸ਼ਾਂ ਵਿੱਚ ਕੋਈ ਕੁੜੱਤਣ ਨਾ ਪੈਦਾ ਹੋਵੇ ਸਗੋਂ ਆਪਸੀ ਪਿਆਰ-ਸਤਿਕਾਰ ਵਧੇ। ਉਨ੍ਹਾਂ ਕਿਹਾ ਕਿ ਅਮਰੀਕੀ ਫ਼ੌਜ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਫ਼ੌਜ ਹੈ ਤੇ ਇਸ ਦੇ ਰੂਲ-ਅਸੂਲ ਬਾਕੀ ਦੁਨੀਆਂ ਨਾਲੋਂ ਵੱਖਰੇ ਹਨ, ਪਰ ਫਿਰ ਵੀ ਉਨ੍ਹਾਂ ਧਰਮ ਦਾ ਸਤਿਕਾਰ ਕਰਦਿਆਂ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ।

# ਪੰਜਾਬ ਦੀ ਸਿਆਸਤ ਵਿੱਚ ਕੀ ਕੇਜਰੀਵਾਲ, ਭਾਜਪਾ ਨਾਲ ਕਰ ਸਕਦੇ ਨੇ ਸਿਆਸੀ ਗਠਜੋੜ ?

## ਅੰਮ੍ਰਿਤਪਾਲ ਤੇ ਨਵੇਂ ਅਕਾਲੀ ਦਲ ਦੇ ਗੱਠਜੋੜ ਦੀ ਸੰਭਾਵਨਾ

## ਪੰਜਾਬ ਦੀ ਬਦਲਦੀ ਡੈਮੋਗ੍ਰਾਫੀ: ਕੀ ਪਰਵਾਸੀ ਮਜ਼ਦੂਰ ਵੋਟ ਬੈਂਕ ਨਾਲ ਬਦਲੇਗਾ ਸਮੀਕਰਨ

ਪੰਜਾਬ ਦੀ ਰਾਜਨੀਤੀ ਦੀ ਨਵੇਂ ਗੱਠਜੋੜਾਂ ਵੱਲ ਵਧਣ ਦੀ ਸੰਭਾਵਨਾ ਹੈ। ਪੰਜਾਬ ਦੇ ਰਾਜਨੀਤਕ ਹਲਕਿਆਂ ਵਿੱਚ ਚਰਚਾ ਛਿੜੀ ਹੋਈ ਹੈ ਕਿ ਆਮ ਆਦਮੀ ਪਾਰਟੀ (ਆਪ) ਦੇ ਨੈਸ਼ਨਲ ਕਨਵੀਨਰ ਅਤੇ ਸਾਬਕਾ ਦਿੱਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲ ਦੋਸਤੀ ਦਾ ਹੱਥ ਵਧਾ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਰਣਨੀਤਕ ਤੌਰ 'ਤੇ ਕਾਫ਼ੀ ਮਹੱਤਵਪੂਰਨ ਹੈ।

ਦਿੱਲੀ ਵਿਧਾਨ ਸਭਾ ਚੋਣਾਂ 2025 ਵਿੱਚ ਭਾਜਪਾ ਤੋਂ ਹਾਰਨ ਤੋਂ ਬਾਅਦ ਆਪ ਪੰਜਾਬ ਵਿੱਚ ਵੀ ਨਿਘਾਰ ਵਲ ਜਾ ਰਹੀ ਹੈ। ਕੁਝ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਆਪਣੀ ਰਾਜਨੀਤੀ ਨੂੰ ਮਜਬੂਤ ਕਰਨ ਲਈ ਲਈ ਨਵੀ ਰਣਨੀਤੀ ਅਪਣਾ ਸਕਦੀ ਹੈ।ਆਪ ਸੁਪਰੀਮੋ ਕੇਜਰੀਵਾਲ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕਰਕੇ ਉਹ 2027 ਦੀਆਂ ਚੋਣਾਂ ਲਈ ਰਣਨੀਤੀ ਬਣਾ ਰਹੇ ਹਨ।

ਪੰਜਾਬ ਦੀ ਰਾਜਨੀਤੀ ਹਮੇਸ਼ਾ ਤੋਂ ਗਠਜੋੜਾਂ ਅਤੇ ਸਮੀਕਰਨਾਂ ਨਾਲ ਭਰਪੂਰ ਰਹੀ ਹੈ। 2017 ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ 77 ਸੀਟਾਂ ਜਿੱਤ ਕੇ ਸੱਤਾ ਸੰਭਾਲੀ ਸੀ, ਜਦਕਿ ਭਾਜਪਾ ਨੂੰ ਸਿਰਫ਼ 3 ਸੀਟਾਂ ਮਿਲੀਆਂ। ਉਸ ਵੇਲੇ ਭਾਜਪਾ-ਅਕਾਲੀ ਦਲ (ਬਾਦਲ) ਗਠਜੋੜ ਨੇ ਵੀ ਕਾਫ਼ੀ ਨੁਕਸਾਨ ਝੱਲਿਆ ਸੀ। ਪਰ 2022 ਵਿੱਚ ਆਪ ਨੇ ਇਤਿਹਾਸ ਰਚ ਦਿੱਤਾ ਅਤੇ 92 ਸੀਟਾਂ ਜਿੱਤ ਕੇ ਇਕੱਲੀ ਪਾਰਟੀ ਬਣ ਗਈ। ਇਸ ਵਾਰ ਭਾਜਪਾ ਨੇ 2 ਸੀਟਾਂ, ਕਾਂਗਰਸ ਨੂੰ 18 ਅਤੇ ਅਕਾਲੀ ਦਲ ਨੂੰ 3 ਸੀਟਾਂ ਮਿਲੀਆਂ। ਹੁਣ 2027 ਵਿੱਚ ਚੋਣਾਂ ਨੇੜੇ ਆ ਰਹੀਆਂ ਹਨ, ਜਿੱਥੇ ਆਪ ਨੂੰ ਵਿਰੋਧੀ ਧਿਰਾਂ ਨਾਲ ਲੜਨ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਵਿੱਚ ਅੰਦਰੂਨੀ ਨਿਘਾਰ ਵੀ ਵਧ ਰਿਹਾ ਹੈ, ਜਿਸ ਕਰਕੇ ਆਪ ਨੂੰ ਨਵੀਂ ਰਣਨੀਤੀ ਅਪਣਾ ਸਕਦੀ ਹੈ।

ਭਾਜਪਾ ਪਾਰਟੀ ਨੇਤਾ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਪੰਜਾਬ ਵਿੱਚ ਭਾਜਪਾ ਨੂੰ ਵਧੇਰੇ ਸੀਟਾਂ ਦੀ ਉਮੀਦ ਹੈ ਅਤੇ ਅਸੀਂ ਵਿਕਾਸ ਲਈ ਕਿਸੇ ਨਾਲ ਵੀ ਮਿਲ ਸਕਦੇ ਹਾਂ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਤੇ ਭਾਜਪਾ ਗਠਜੋੜ ਨਾਲ ਆਪ ਨੂੰ ਸ਼ਹਿਰੀ ਖੇਤਰਾਂ ਵਿੱਚ ਭਾਜਪਾ ਦੇ ਵੋਟ ਬੈਂਕ ਨਾਲ ਫਾਇਦਾ ਹੋ ਸਕਦਾ ਹੈ, ਜਿੱਥੇ ਭਾਜਪਾ ਨੂੰ ਸ਼ਹਿਰੀ ਪੰਜਾਬੀ ਅਤੇ ਵਪਾਰੀ ਵਰਗ ਨਾਲ ਸਬੰਧਤ ਵੋਟ ਮਿਲਦੇ ਹਨ।

ਪੰਜਾਬ ਵਿੱਚ ਡੈਮੋਗ੍ਰਾਫਿਕ ਬਦਲਾਅ ਕਾਰਨ ਵੀ ਇਸ ਗਠਜੋੜ ਦਾ ਇੱਕ ਵੱਡਾ ਕਾਰਨ ਹੈ। ਦੋਹਾਂ ਪਾਰਟੀਆਂ ਨੇ ਪਰਵਾਸੀ ਵੋਟ ਬੈਂਕ ਉੱਪਰ ਟੇਕ ਰਖੀ ਹੋਈ ਹੈ।ਰਿਪੋਰਟਾਂ ਅਨੁਸਾਰ, ਪੰਜਾਬ ਵਿੱਚ ਬਿਹਾਰ ਅਤੇ ਯੂ.ਪੀ. ਤੋਂ ਆਉਣ ਵਾਲੇ ਮਜ਼ਦੂਰਾਂ (ਭਈਆਂ) ਦੀ ਗਿਣਤੀ ਵਧ ਰਹੀ ਹੈ। 2011 ਦੀ ਗਣਨਾ ਅਨੁਸਾਰ, ਪੰਜਾਬ ਵਿੱਚ ਬਾਹਰੋਂ ਆਏ ਲੋਕਾਂ ਦੀ ਗਿਣਤੀ 14 ਲੱਖ ਤੋਂ ਵੱਧ ਸੀ, ਜੋ ਹੁਣ ਵਧ ਕੇ 20 ਲੱਖ ਤੱਕ ਪਹੁੰਚ ਗਈ ਹੈ। ਇਸ ਕਾਰਨ ਖਾਸ ਕਰ ਸ਼ਹਿਰੀ ਖੇਤਰਾਂ ਜਿਵੇਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਸਿਆਸੀ ਲਾਭ ਹੋ ਸਕਦਾ ਹੈ। ਆਪ ਨੂੰ ਪਰਵਾਸੀ ਵਰਗ ਨੂੰ ਆਕਰਸ਼ਿਤ ਕਰਨ ਲਈ ਭਾਜਪਾ ਨਾਲ ਹੱਥ ਮਿਲਾਉਣਾ ਪੈ ਸਕਦਾ ਹੈ।

ਦੂਜੇ ਪਾਸੇ ਕੁਝ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਪ-ਭਾਜਪਾ ਸਮਝੌਤਾ ਸੰਭਵ ਨਹੀਂ ਜਾਪਦਾ।ਇਨ੍ਹਾਂ ਮਾਹਿਰਾਂ ਅਨੁਸਾਰ ਇਹ ਗੱਲ ਅਨਹੋਣੀ ਵੀ ਹੈ ਤੇ ਭਾਜਪਾ ਲਈ ਵੱਡੀ ਨੁਕਸਾਨਦਾਇਕ ਵੀ। ਕਿਉਂਕਿ 2027 ਵਿੱਚ 7 ਪ੍ਰਾਂਤਾਂ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਜੇਕਰ ਭਾਜਪਾ ਪੰਜਾਬ ਵਿੱਚ ਆਪ ਨਾਲ ਸਮਝੌਤਾ ਕਰ ਲਵੇਗੀ ਫਿਰ ਐਨ.ਡੀ.ਏ. ਵਿਰੋਧੀ ਵੋਟਾਂ ਵੰਡਣ ਲਈ ਕੌਣ ਬਚੇਗਾ। 2027 ਵਿੱਚ ਪੰਜਾਬ ਤੋਂ ਇਲਾਵਾ ਗੋਆ, ਉਤਰਾਖੰਡ, ਉੱਤਰ ਪ੍ਰਦੇਸ਼, ਹਿਮਾਚਲ ਤੇ ਗੁਜਰਾਤ ਤੋਂ ਇਲਾਵਾ ਮਨੀਪੁਰ ਵਿੱਚ ਚੋਣਾਂ ਹੋਣੀਆਂ ਹਨ। ਮਨੀਪੁਰ ਨੂੰ ਛੱਡ ਕੇ ਬਾਕੀ ਰਾਜਾਂ ਵਿੱਚ ਵੀ ਜੇਕਰ 'ਆਪ' ਵੱਖਰੇ ਤੌਰ 'ਤੇ ਨਾ ਲੜੀ ਤਾਂ ਇਹ ਭਾਜਪਾ ਲਈ ਖਤਰੇ ਵਾਲੀ ਗੱਲ ਹੋਵੇਗੀ। ਇਸ ਲਈ ਸਾਨੂੰ ਨਹੀਂ ਜਾਪਦਾ ਕਿ 'ਆਪ' ਤੇ ਭਾਜਪਾ ਪੰਜਾਬ ਵਿੱਚ ਮਿਲ ਕੇ ਚੋਣਾਂ ਲੜ ਸਕਦੀਆਂ ਹਨ।

ਰਾਜਨੀਤਕ ਵਿਸ਼ਲੇਸ਼ਕ ਹਰਜੇਸ਼ਵਰ ਸਿੰਘ ਕਹਿੰਦੇ ਹਨ, 'ਡੈਮੋਗ੍ਰਾਫਿਕ ਬਦਲਾਅ ਨੇ ਪੰਜਾਬ ਨੂੰ ਨਵੀਂ ਸਿਆਸੀ ਰੂਪ ਰੇਖਾ ਦਿੱਤੀ ਹੈ। ਇਸ ਨਾਲ ਕਈ ਸਿਆਸੀ ਬਦਲਾਅ ਹੋ ਸਕਦੇ ਹਨ।'

ਸਿੱਖ ਸਿਆਸਤ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਤੇ ਆਪ ਦਾ ਗਠਜੋੜ ਸਿੱਖ ਭਾਈਚਾਰੇ ਵਿੱਚ ਵਿਰੋਧ ਪੈਦਾ ਕਰ ਸਕਦਾ ਹੈ, ਜਿੱਥੇ ਪੰਥਕ ਧਿਰਾਂ ਨੂੰ ਫਾਇਦਾ ਹੋ ਸਕਦਾ ਹੈ। ਅੰਮ੍ਰਿਤਪਾਲ ਸਿੰਘ ਦੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਤੇ ਨਵੇਂ ਅਕਾਲੀ ਦਲ ਆਪਸ ਵਿੱਚ ਗੱਠਜੋੜ ਕਰ ਸਕਦੇ ਹਨ।ਦੋਹਾਂ ਧਿਰਾਂ ਵਿੱਚ ਕਈ ਵਾਰ ਗੱਲਬਾਤ ਹੋ ਚੁਕੀ ਹੈ।ਜੇਕਰ ਇਹਨਾਂ ਦਾ ਬਸਪਾ ਨਾਲ ਗਠਜੋੜ ਹੋ ਜਾਂਦਾ ਹੈ, ਤਾਂ ਉਹ ਪੰਥਕ ਵੋਟ ਨੂੰ ਇਕਮੁਠ ਕਰਕੇ 20-25 ਸੀਟਾਂ ਜਿੱਤ ਸਕਦੇ ਹਨ। ਇਸ ਵਿੱਚ ਬਸਪਾ ਨੂੰ ਵੀ ਫਾਇਦਾ ਹੋ ਸਕਦਾ ਹੈ।ਬਸਪਾ ਪਹਿਲਾਂ ਵੀ ਅਕਾਲੀਆਂ ਨਾਲ ਮਿਲ ਕੇ ਚੋਣਾਂ ਲੜਦੀ ਰਹੀ ਹੈ।

ਦੂਜੇ ਪਾਸੇ ਕਾਂਗਰਸ ਨੂੰ ਅੰਦਰੂਨੀ ਫੁੱਟ ਕਾਰਨ ਨੁਕਸਾਨ ਹੋ ਰਿਹਾ ਹੈ, ਪਰ ਉਹ ਰਾਹੁਲ ਗਾਂਧੀ ਦੇ ਲੀਡਰਸ਼ਿਪ ਹੇਠ ਪੰਜਾਬ ਕਾਂਗਰਸ ਵਿੱਚ ਨਵਾਂ ਜੋਸ਼ ਪੈਦਾ ਹੋ ਰਿਹਾ ਹੈ। ਪਰ ਕਾਂਗਰਸ ਤੇ ਬਾਦਲ ਦੀ ਕਿਸੇ ਨਾਲ ਗੱਠਜੋੜ ਦੀ ਸੰਭਾਵਨਾ ਨਹੀਂ ਦਿਖਾਈ ਦਿੰਦੀ।

ਪੰਜਾਬ ਵਿੱਚ ਬੇਅਦਬੀ, ਡੈਮੋਗਰਾਫੀ, ਵਿਕਾਸ ਦੇ ਮੁੱਦੇ ਵੀ ਚੋਣਾਂ ਨੂੰ ਪ੍ਰਭਾਵਿਤ ਕਰਨਗੇ। ਆਪ ਸਰਕਾਰ ਨੇ ਮੁਫ਼ਤ ਬਿਜਲੀ, ਮਹਿਲਾ ਸਨਮਾਨ ਯੋਜਨਾ ਅਤੇ ਮਹੱਲਾ ਕਲੀਨਿਕਾਂ ਵਰਗੇ ਪ੍ਰੋਗਰਾਮ ਚਲਾਏ ਹਨ, ਪਰ ਔਰਤਾਂ ਨੂੰ ਹੁਣ ਵੀ 1000 ਰੁਪਏ ਮਹੀਨੇ ਦੀ ਯੋਜਨਾ ਪੂਰੀ ਨਹੀਂ ਹੋਈ। ਪੰਜਾਬ ਦੇ ਦਿਹਾਤੀ ਖੇਤਰਾਂ ਵਿੱਚ ਖੇਤੀਬਾੜੀ ਸੰਕਟ ਵੀ ਚੋਣਾਂ ਨੂੰ ਪ੍ਰਭਾਵਿਤ ਕਰੇਗਾ। ਕਿਸਾਨ ਅੰਦੋਲਨਾਂ ਨੇ ਭਾਜਪਾ ਨੂੰ ਨੁਕਸਾਨ ਪਹੁੰਚਾਇਆ ਹੈ, ਹੁਣ ਕਿਸਾਨ ਭਾਈਚਾਰਾ ਆਪ ਤੋਂ ਨਰਾਜ਼ ਜਾਪਦਾ ਹੈ। ਰਾਜਨੀਤਕ ਵਿਸ਼ਲੇਸ਼ਕ ਜਗਤਾਰ ਸਿੰਘ ਕਹਿੰਦੇ ਹਨ, 'ਪੰਜਾਬ ਵਿੱਚ ਅਕਾਲੀ ਸਿਆਸਤ ਦਾ ਸੰਕਟ ਹੈ, ਜਿਸ ਨੂੰ ਅੰਮ੍ਰਿਤਪਾਲ ਸਿੰਘ ਵਰਗੇ ਰੈਡੀਕਲ ਭਰਨ ਦੀ ਕੋਸ਼ਿਸ਼ ਕਰ ਰਹੇ ਹਨ। ਗਠਜੋੜ ਦੀ ਸਿਆਸਤ ਪੰਜਾਬ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰੇਗੀ।'

ਅੰਮ੍ਰਿਤਪਾਲ ਦੀ ਪਾਰਟੀ ਨੇ ਮੈਂਬਰਸ਼ਿਪ ਡਰਾਈਵ ਸ਼ੁਰੂ ਕੀਤੀ ਹੈ ਅਤੇ ਉਸ ਨੇ ਪੰਥਕ ਮੁੱਦਿਆਂ 'ਤੇ ਫੋਕਸ ਕੀਤਾ ਹੈ। ਉਸ ਦੇ ਸਮਰਥਕਾਂ ਨੇ ਵਿਸਾਖੀ ਤੇ ਤਲਵੰਡੀ ਸਾਬੋ ਵਿੱਚ ਰੈਲੀ ਕੀਤੀ, ਜਿੱਥੇ ਫ਼ਰੀਦਕੋਟ ਐਮਪੀ ਸਰਬਜੀਤ ਸਿੰਘ ਖਾਲਸਾ ਨੇ ਕਿਹਾ, '2027 ਵਿੱਚ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਜਾਵੇਗਾ।' ਜੇਕਰ ਬਸਪਾ ਨਾਲ ਗਠਜੋੜ ਹੋ ਜਾਂਦਾ ਹੈ, ਤਾਂ ਇਹ ਪੰਥਕ-ਦਲਿਤ ਏਕਤਾ ਨਵਾਂ ਰੰਗ ਲੈ ਲਵੇਗੀ।

ਕਾਂਗਰਸ ਲਈ ਉਭਾਰ ਦੀ ਸੰਭਾਵਨਾ ਵੀ ਹੈ। ਪਾਰਟੀ ਨੇ ਦਿੱਲੀ ਹਾਰ ਤੋਂ ਬਾਅਦ ਪੰਜਾਬ ਵਿੱਚ ਏਕਤਾ ਦਿਖਾਈ ਹੈ ਅਤੇ ਰਾਹੁਲ ਗਾਂਧੀ ਨੇ ਕਿਸਾਨ ਮੁੱਦਿਆਂ 'ਤੇ ਫੋਕਸ ਕੀਤਾ ਹੈ। ਪਰ ਅੰਦਰੂਨੀ ਕਲੇਸ਼ਾਂ ਨੇ ਪਾਰਟੀ ਨੂੰ ਕਮਜ਼ੋਰ ਕੀਤਾ ਹੈ।ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨਾ ਸਿਰਫ਼ ਸੱਤਾ ਦਾ ਸਵਾਲ ਹੋਣਗੀਆਂ, ਸਗੋਂ ਪੰਜਾਬ ਦੇ ਭਵਿੱਖ ਦਾ ਵੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

**ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

# ਸਾਲ 2025 ਦੇ ਸਭ ਤੋਂ ਅਮੀਰ ਭਾਰਤੀਆਂ ਦੀ ਸੂਚੀ ਜਾਰੀ

ਨਵੀਂ ਦਿੱਲੀ/ਏ.ਟੀ. ਨਿਊਜ਼: ਵਿਸ਼ਵਵਿਆਪੀ ਆਰਥਿਕ ਰੁਕਾਵਟਾਂ ਅਤੇ ਘਰੇਲੂ ਬਾਜ਼ਾਰ ਵਿੱਚ ਉਤਰਾਅ-ਚੜ੍ਹਾਅ ਵਾਲੇ ਇਸ ਸਾਲ ਵਿੱਚ ਭਾਰਤ ਦੇ ਅਤਿ-ਅਮੀਰ ਲੋਕਾਂ 'ਚ ਸ਼ਾਨਦਾਰ ਮੁਕਾਬਲਾ ਦੇਖਣ ਨੂੰ ਮਿਲਿਆ ਹੈ।

ਅਮੀਰ ਸੂਚੀ 2025 ਦੇ 14ਵੇਂ ਐਡੀਸ਼ਨ ਮੁਤਾਬਕ ਭਾਰਤ ਦੇ ਸਭ ਤੋਂ ਅਮੀਰ ਵਿਅਕਤੀਆਂ ਅਤੇ ਪਰਿਵਾਰਾਂ ਦੀ ਸੰਚਤ ਦੌਲਤ ਹੈਰਾਨੀਜਨਕ ਤੌਰ 'ਤੇ 167 ਲੱਖ ਕਰੋੜ ਰੁਪਏ ਤੱਕ ਵਧ ਗਈ ਹੈ, ਜੋ ਕਿ ਭਾਰਤ ਦੀ ਜੀਡੀਪੀ ਦਾ ਲਗਭਗ ਅੱਧਾ ਹੈ।

ਸਿਖਰ 'ਤੇ ਕਾਇਮ ਮੁਕੇਸ਼ ਅੰਬਾਨੀ ਨੇ 6 ਫ਼ੀਸਦੀ ਘਾਟੇ ਨਾਲ ਗੌਤਮ ਅਡਾਨੀ ਨੂੰ ਪਛਾੜ ਕੇ ਆਪਣਾ ਤਖਤ ਮੁੜ ਹਾਸਲ ਕਰ ਲਿਆ ਹੈ। ਅਡਾਨੀ ਨੇ 2024 ਵਿੱਚ 11.6 ਲੱਖ ਕਰੋੜ ਰੁਪਏ ਦੀ ਦੌਲਤ ਨਾਲ ਚੋਟੀ ਦਾ ਸਥਾਨ ਹਾਸਲ ਕੀਤਾ ਸੀ। ਰੋਸ਼ਨੀ ਨਾਦਰ ਮਲਹੋਤਰਾ ਦੇਸ਼ ਦੇ ਸਿਖਰਲੇ ਤਿੰਨ ਅਮੀਰਾਂ ਵਿੱਚ ਸ਼ਾਮਲ ਹੋ ਗਈ ਹੈ ਅਤੇ ਸਿਖਰਲੇ 10 ਵਿੱਚ ਸਭ ਤੋਂ ਛੋਟੀ ਉਮਰ ਦੀ ਭਾਰਤ ਦੀ ਸਭ ਤੋਂ ਅਮੀਰ ਮਹਿਲਾ ਬਣ ਗਈ ਹੈ।




**ਮੁਕੇਸ਼ ਅੰਬਾਨੀ ਤੇ ਪਰਿਵਾਰ ਕੋਲ 9.55 ਲੱਖ ਕਰੋੜ ਰੁਪਏ**

9.55 ਲੱਖ ਕਰੋੜ ਰੁਪਏ ਦੀ ਕੁੱਲ ਜਾਇਦਾਦ ਨਾਲ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਗੌਤਮ ਅਡਾਨੀ ਨੂੰ ਪਛਾੜ ਕੇ ਆਪਣਾ ਤਖਤ ਮੁੜ ਪ੍ਰਾਪਤ ਕੀਤਾ ਹੈ।ਆਪਣੀ ਦੌਲਤ ਵਿੱਚ 6 ਫ਼ੀਸਦੀ ਦੀ ਗਿਰਾਵਟ ਦੇ ਬਾਵਜੂਦ ਅੰਬਾਨੀ ਦਾ ਸਾਮਰਾਜ ਪੈਟਰੋ ਕੈਮੀਕਲ, ਟੈਲੀਕਾਮ, ਪ੍ਰਚੂਨ ਅਤੇ ਹਰੀ ਊਰਜਾ ਤੱਕ ਫੈਲਿਆ ਹੋਇਆ ਹੈ।ਨਵਿਆਉਣਯੋਗ ਊਰਜਾ ਅਤੇ ਡਿਜੀਟਲ ਸੇਵਾਵਾਂ ਵੱਲ ਉਸ ਦਾ ਰਣਨੀਤਕ ਧੁਰਾ ਤੇਲ ਦੀਆਂ ਕੀਮਤਾਂ ਦੇ ਉਤਰਾਅ-ਚੜ੍ਹਾਅ ਕਾਰਨ ਬਚਿਆ ਹੈ, ਜਿਸ ਨਾਲ ਰਿਲਾਇੰਸ ਮਾਰਕੀਟ ਕੈਪ ਦੁਆਰਾ ਭਾਰਤ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ ਹੈ।

**ਗੌਤਮ ਅਡਾਨੀ ਅਤੇ ਪਰਿਵਾਰ ਕੋਲ 8.14 ਲੱਖ ਕਰੋੜ ਰੁਪਏ**

ਗੌਤਮ ਅਡਾਨੀ ਦਾ ਸਮੂਹ ਬੰਦਰਗਾਹਾਂ, ਬਿਜਲੀ ਅਤੇ ਬੁਨਿਆਦੀ ਢਾਂਚੇ ਵਿੱਚ ਫੈਲਿਆ ਹੋਇਆ ਅਤੇ ਉਹ 8.14 ਲੱਖ ਕਰੋੜ ਰੁਪਏ ਦੇ ਨਾਲ ਦੂਜੇ ਸਥਾਨ 'ਤੇ ਖਿਸਕ ਗਿਆ।ਰੈਗੂਲੇਟਰੀ ਜਾਂਚ ਅਤੇ ਗਲੋਬਲ ਸਪਲਾਈ ਚੇਨ ਮੁੱਦਿਆਂ ਨੇ ਉਸ ਦੇ ਕਾਰੋਬਾਰ ਨੂੰ ਪ੍ਰਭਾਵਿਤ ਕੀਤਾ ਪਰ ਹਵਾਈ ਅੱਡਿਆਂ ਅਤੇ ਨਵਿਆਉਣਯੋਗ ਊਰਜਾ ਵਿੱਚ ਅਡਾਨੀ ਦੇ ਹਮਲਾਵਰ ਵਿਸਥਾਰ ਨੇ ਸੰਭਾਵੀ ਵਾਪਸੀ ਦਾ ਸੰਕੇਤ ਦਿੱਤਾ ਹੈ। ਪਰਿਵਾਰ ਦੀ ਦੌਲਤ ਅਜੇ ਵੀ ਕੁੱਲ ਸੂਚੀ ਦਾ 5 ਫ਼ੀਸਦੀ ਹੈ, ਜੋ ਉਨ੍ਹਾਂ ਦੇ ਬੁਨਿਆਦੀ ਢਾਂਚੇ ਦੇ ਦਬਦਬੇ ਨੂੰ ਉਭਾਰਦਾ ਹੈ।

**ਰੋਸ਼ਨੀ ਨਾਦਰ ਮਲਹੋਤਰਾ ਅਤੇ ਪਰਿਵਾਰ ਕੋਲ 2.84 ਲੱਖ ਕਰੋੜ ਰੁਪਏ**

ਐੱਚਸੀਐੱਲ ਟੈਕਨਾਲੋਜੀਜ਼ ਦੀ ਚੇਅਰਪਰਸਨ ਰੋਸ਼ਨੀ ਨਾਦਰ ਮਲਹੋਤਰਾ 43 ਸਾਲ ਦੀ ਉਮਰ ਵਿੱਚ ਭਾਰਤ ਦੀ ਸਭ ਤੋਂ ਅਮੀਰ ਮਹਿਲਾ ਅਤੇ ਸਭ ਤੋਂ ਛੋਟੀ ਉਮਰ ਦੇ ਸਿਖਰਲੇ-10 ਵਿੱਚ ਸ਼ਾਮਲ ਹੋ ਗਈ ਹੈ, ਜਿਸ ਦੀ ਕੁੱਲ ਜਾਇਦਾਦ 2.84 ਲੱਖ ਕਰੋੜ ਰੁਪਏ ਹੈ।ਰੋਸ਼ਨੀ ਨਾਦਰ ਦੀ ਅਗਵਾਈ ਨੇ ਐਚ.ਸੀ.ਐਲ. ਨੂੰ ਇੱਕ ਗਲੋਬਲ ਆਈਟੀ ਪਾਵਰਹਾਊਸ 'ਚ ਪਛਾਣ ਦਿਵਾਈ ਹੈ, ਜਿਸ ਵਿੱਚ ਏ.ਆਈ. ਅਤੇ ਕਲਾਉਡ ਸੇਵਾਵਾਂ ਨੇ 25 ਫ਼ੀਸਦੀ ਦੌਲਤ ਕਮਾਈ।ਰੋਸ਼ਨੀ ਨਾਦਰ ਇਹ ਸਾਬਤ ਕਰਦਿਆਂ ਕਿ ਔਰਤਾਂ ਦੀ ਅਗਵਾਈ 'ਚ ਭਾਰਤ ਦੀ ਆਰਥਿਕਤਾ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕਦਾ ਹੈ,ਸੂਚੀ ਵਿੱਚ 100 ਮਹਿਲਾਵਾਂ ਵਿੱਚ ਸ਼ਾਮਲ ਹੋ ਗਈ ਹੈ, ਜਿਨ੍ਹਾਂ ਵਿੱਚ 26 ਡਾਲਰ-ਅਰਬਪਤੀ ਸ਼ਾਮਲ ਹਨ।

**ਸਾਇਰਸ ਪੂਨਾਵਾਲਾ ਅਤੇ ਪਰਿਵਾਰ ਕੋਲ 2.46 ਲੱਖ ਕਰੋੜ ਰੁਪਏ**

ਸੀਰਮ ਇੰਸਟੀਚਿਊਟ ਆਫ ਇੰਡੀਆ ਦੇ ਸੰਸਥਾਪਕ ਸਾਇਰਸ ਪੂਨਾਵਾਲਾ ਦੇ ਟੀਕਾ ਸਾਮਰਾਜ ਨੇ ਉਸ ਨੂੰ 2.46 ਲੱਖ ਕਰੋੜ ਰੁਪਏ ਨਾਲ ਸਿਖਰਲੇ ਪੰਜ ਵਿੱਚ ਸ਼ਾਮਲ ਕਰ ਦਿੱਤਾ ਹੈ। ਕੋਵਿਡ ਮਹਾਮਾਰੀ ਦੌਰਾਨ ਉਸ ਦੀ ਕਮਾਈ ਵਧੀ ਅਤੇ ਚੱਲ ਰਹੀਆਂ ਵਿਸ਼ਵਵਿਆਪੀ ਸਿਹਤ ਮੰਗਾਂ ਨੇ ਸੀਰਮ ਨੂੰ ਮਾਤਰਾ ਦੇ ਹਿਸਾਬ ਨਾਲ ਦੁਨੀਆ ਦੇ ਸਭ ਤੋਂ ਵੱਡੇ ਟੀਕਾ ਉਤਪਾਦਕ ਵਜੋਂ ਰੱਖਿਆ ਹੈ। ਬਾਇਓਸਿਮਿਲਰ ਅਤੇ ਘੋੜਿਆਂ ਦੀ ਦੇਖਭਾਲ ਵਿੱਚ ਉਨ੍ਹਾਂ ਦੀ ਸ਼ੁਰੂਆਤ ਇਸ ਬਾਇਓਟੈਕ ਦਿੱਗਜ ਨੂੰ ਵਿਭਿੰਨ ਬਣਾਉਂਦੀ ਹੈ।

**ਕੁਮਾਰ ਮੰਗਲਮ ਬਿਰਲਾ ਐਂਡ ਫੈਮਿਲੀ ਕੋਲ 2.328 ਲੱਖ ਕਰੋੜ ਰੁਪਏ**

ਆਦਿਤਿਆ ਬਿਰਲਾ ਗਰੁੱਪ ਦੇ ਕੁਮਾਰ ਮੰਗਲਮ ਬਿਰਲਾ 2.328 ਲੱਖ ਕਰੋੜ ਰੁਪਏ ਨਾਲ ਪੰਜਵੇਂ ਸਥਾਨ 'ਤੇ ਰਹੇ।ਸੀਮਿੰਟ, ਟੈਲੀਕਾਮ ਅਤੇ ਧਾਤਾਂ ਵਰਗੇ ਖੇਤਰਾਂ ਵਿੱਚ ਸਮੂਹ ਦੀ ਵਿਭਿੰਨਤਾ ਖੇਤਰੀ ਘਾਟੇ ਦੇ ਬਾਵਜੂਦ ਆਮਦਨ ਦਾ ਵਸੀਲਾ ਬਣੀ।ਬਿਰਲਾ ਦਾ ਸਥਿਰ ਸਮਰਥਨ, ਜਿਸ ਵਿੱਚ ਪਗਕਕਅ ਸ਼ਾਮਲ ਹਨ, ਭਵਿੱਖ ਦੇ ਵਿਕਾਸ ਲਈ ਸਮੂਹ ਨੂੰ ਦੌੜ 'ਚ ਬਣਾਈ ਰੱਖਣ ਲਈ ਸਹਾਈ ਸਾਬਤ ਹੋ ਰਿਹਾ ਹੈ।

(ਬਾਕੀ ਸਫ਼ਾ 27 'ਤੇ)

## ਐਲਨ ਮਸਕ ਬਣੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ

ਵਾਸ਼ਿੰਗਟਨ/ਏ.ਟੀ.ਨਿਊਜ਼: ਟੈਸਲਾ ਦੇ ਸੀ.ਈ.ਓ. ਐਲਨ ਮਸਕ ਦੁਨੀਆ ਦੇ ਪਹਿਲੇ ਸ਼ਖ਼ਸ ਬਣ ਗਏ ਹਨ, ਜਿਨ੍ਹਾਂ ਦੀ ਜਾਇਦਾਦ 500 ਅਰਬ ਡਾਲਰ ਤੋਂ ਵੱਧ ਹੋ ਗਈ ਹੈ।ਮਸਕ ਦੀ ਜਾਇਦਾਦ 'ਚ ਵਾਧੇ ਦੇ ਮੁੱਖ ਕਾਰਨ ਇਸ ਸਾਲ ਟੈਸਲਾ ਦੇ ਸ਼ੇਅਰਾਂ ਦੀ ਕੀਮਤ ਤੇ ਉਨ੍ਹਾਂ ਦੀਆਂ ਹੋਰ ਤਕਨੀਕੀ ਕੰਪਨੀਆਂ ਦੀਆਂ ਕੀਮਤਾਂ 'ਚ ਵਾਧਾ ਹੈ। ਫੋਰਬਸ ਅਰਬਪਤੀ ਦੀ ਸੂਚੀ 'ਚ ਦੂਜੇ ਸਥਾਨ 'ਤੇ ਓਰੈਕਲ ਦੇ ਸੰਸਥਾਪਕ ਲੈਰੀ ਐਲੀਸਨ ਹਨ।ਉਨ੍ਹਾਂ ਦੀ ਜਾਇਦਾਦ 350 ਅਰਬ ਡਾਲਰ ਤੋਂ ਵੱਧ ਹੈ।



ਫੋਰਬਸ ਦੀ ਸੂਚੀ ਮੁਤਾਬਕ ਪਿਛਲੇ ਦਿਨੀਂ ਮਸਕ ਦੀ ਜਾਇਦਾਦ 500 ਅਰਬ ਡਾਲਰ ਤੋਂ ਵੱਧ ਹੋ ਗਈ। ਉਨ੍ਹਾਂ ਨੇ ਇਹ ਉਪਲੱਬਧੀ ਸਿਰਫ ਇੱਕ ਸਾਲ 'ਚ ਹਾਸਲ ਕੀਤੀ ਹੈ। ਇਕ ਸਾਲ ਪਹਿਲਾਂ ਉਨ੍ਹਾਂ ਦੀ ਜਾਇਦਾਦ 400 ਅਰਬ ਡਾਲਰ ਤੋਂ ਵੱਧ ਸੀ।ਮਸਕ ਦੀ ਜਾਇਦਾਦ ਦਾ ਵੱਡਾ ਹਿੱਸਾ ਦੁਨੀਆ ਦੀ ਸਭ ਤੋਂ ਮਹਿੰਗੀ ਆਟੋਮੋਬਾਈਲ ਕੰਪਨੀ ਟੈਸਲਾ ਨਾਲ ਜੁੜਿਆ ਹੈ। ਮਸਕ ਕੋਲ ਇਲੈਕਟ੍ਰਿਕ ਵਾਹਨ ਨਿਰਮਾਤਾ ਇਸ ਕੰਪਨੀ ਦੀ 12 ਫ਼ੀਸਦੀ ਤੋਂ ਵੱਧ ਹਿੱਸੇਦਾਰੀ ਹੈ। ਇਸ ਸਾਲ ਟੈਸਲਾ ਦੇ ਸ਼ੇਅਰਾਂ 'ਚ 14 ਫ਼ੀਸਦੀ ਤੋਂ ਜ਼ਿਆਦਾ ਦਾ ਵਾਧਾ ਹੋ ਚੁੱਕਾ ਹੈ।ਹਾਲਾਂਕਿ ਸਾਲ ਦੀ ਸ਼ੁਰੂਆਤ 'ਚ ਟੈਸਲਾ ਦੇ ਸ਼ੇਅਰਾਂ 'ਚ ਗਿਰਾਵਟ ਦਰਜ ਕੀਤੀ ਗਈ ਸੀ।

ਟੈਸਲਾ ਦੇ ਬੋਰਡ ਨੇ ਪਿਛਲੇ ਮਹੀਨੇ ਮਸਕ ਲਈ ਇੱਕ ਟ੍ਰਿਲੀਅਨ ਡਾਲਰ ਦੀ ਮੁਆਵਜ਼ਾ ਯੋਜਨਾ ਦੀ ਤਜਵੀਜ਼ ਰੱਖੀ ਸੀ। ਮਸਕ ਦੀ ਏਆਈ ਸਟਾਰਟਅੱਪ ਐਕਸਏਆਈ ਤੇ ਰਾਕੇਟ ਕੰਪਨੀ ਸਪੇਸਐਕਸ ਨੇ ਵੀ ਇਸ ਸਾਲ ਆਪਣੇ ਮੁਲਾਂਕਣ (ਵੈਲਿਊਏਸ਼ਨ) 'ਚ ਵਾਧਾ ਕੀਤਾ ਹੈ। ਰਿਪੋਰਟ ਅਨੁਸਾਰ, ਐਕਸਏਆਈ ਤੇ ਸਪੇਸਐਕਸ ਦੇ ਮੁਲਾਂਕਣ 'ਚ ਕ੍ਰਮਵਾਰ 200 ਅਰਬ ਡਾਲਰ ਤੇ 400 ਅਰਬ ਡਾਲਰ ਦਾ ਵਾਧਾ ਹੋਇਆ ਹੈ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ

# ਪੰਜਾਬ ਦਾ ਵਰਤਮਾਨ ਤੇ ਭਵਿੱਖ 'ਕਾਲਾ' ਕਰ ਰਹੇ ਹਨ 'ਚਿੱਟੇ' ਦੇ ਵਪਾਰੀ



## ਤਿੰਨ ਇੰਚ ਦੀ ਸਰਿੰਜ ਖਾ ਗਈ ਛੇ- ਛੇ ਫੁੱਟ ਦੇ ਗੱਭਰੂ

## ਪੰਜਾਬ ਸਰਕਾਰ ਦੀ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਦੇ ਵੀ ਨਹੀਂ ਨਿਕਲੇ ਆਸ ਮੁਤਾਬਕ ਨਤੀਜੇ

**ਚੰਨ ਚਾਨਣੀ ਰਾਤ 'ਚ ਚੰਦਰਮਾ ਦੀ ਠੰਡੀ ਤੇ ਸ਼ੀਤਲ ਚਾਨਣੀ ਵੀ ਉਦੋਂ ਮਾਪਿਆਂ ਨੂੰ ਤਿੱਖੀਆਂ ਸੂਲ਼ਾਂ ਵਾਂਗ ਚੁਭਦੀ ਹੈ, ਜਦੋਂ ਵਿਹੜੇ 'ਚ ਜਵਾਨ ਪੁੱਤਰ ਦੀ ਲਾਸ਼ ਪਈ ਹੁੰਦੀ ਹੈ। ਕੀ ਕਿਸੇ ਨੇ ਉਹਨਾਂ ਮਾਪਿਆਂ ਬਾਰੇ ਵੀ ਸੋਚਿਆ ਹੈ ? ਜਿਨ੍ਹਾਂ ਦੇ ਜਵਾਨ ਪੁੱਤਰ ਨਸ਼ੇ ਕਾਰਨ ਇਸ ਜਹਾਨੋਂ ਤੁਰ ਗਏ ਹਨ। ਲਾਡਾਂ ਨਾਲ ਪਾਲੇ ਜਿਹੜੇ ਪੁੱਤਰਾਂ ਨੇ ਮਾਪਿਆਂ ਦੀ ਬੁਢਾਪੇ ਦੀ ਡੰਗੋਰੀ ਬਣਨਾ ਸੀ, ਉਹਨਾਂ ਪੁੱਤਰਾਂ ਦੀਆਂ ਅਰਥੀਆਂ ਹੀ ਬੁੱਢੇ ਬਾਪੂਆਂ ਨੂੰ ਆਪਣੇ ਮੋਢਿਆਂ 'ਤੇ ਚੁੱਕਣੀਆਂ ਪੈ ਰਹੀਆਂ ਹਨ। ਵਿਹੜੇ ਵਿੱਚ ਅਣ-ਵਿਆਹੇ ਨੌਜਵਾਨ ਦੀ ਲਾਸ਼ 'ਤੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਜਦੋਂ ਭੈਣ ਲਾਸ਼ ਬਣੇ ਵੀਰ ਦੇ ਚਿਹਰੇ 'ਤੇ ਸਿਹਰਾ ਬੰਨ੍ਹਦੀ ਹੈ, ਉਹ ਦਰਦਮਈ ਦ੍ਰਿਸ਼ ਪੱਥਰਾਂ ਨੂੰ ਵੀ ਰੁਆਉਣ ਵਾਲਾ ਹੁੰਦਾ ਹੈ। ਵੱਡੀ ਗਿਣਤੀ ਮਾਵਾਂ ਆਪਣੇ ਭਰ ਜਵਾਨ ਪੁੱਤਰਾਂ ਦੇ ਨਸ਼ੇ ਕਾਰਨ ਮਰਨ ਤੋਂ ਬਾਅਦ ਆਪਣੀ ਸੁੱਧ ਬੁੱਧ ਭੁੱਲ ਜਾਂਦੀਆਂ ਹਨ।**



ਜਗਮੋਹਨ ਸਿੰਘ 'ਲੱਕੀ'

ਸਾਡੇ ਰੰਗਲੇ ਪੰਜਾਬ ਦੀ ਸ਼ਾਨ ਜਿੱਥੇ ਸੋਹਣੇ ਸੁਨੱਖੇ ਤੇ ਉੱਚੇ ਲੰਬੇ ਪੰਜਾਬੀ ਗੱਭਰੂ ਹਨ, ਜਿਨ੍ਹਾਂ ਦੀ ਸੂਰਬੀਰਤਾ, ਸਾਹਸ, ਦਲੇਰੀ ਅਤੇ ਹੌਂਸਲੇ ਦੀਆਂ ਗੱਲਾਂ ਪੂਰੀ ਦੁਨੀਆ ਵਿੱਚ ਹੁੰਦੀਆਂ ਹਨ। ਲੰਘੇ ਦਿਨਾਂ ਦੌਰਾਨ ਪੰਜਾਬ 'ਚ ਆਏ ਹੜ੍ਹਾਂ ਮੌਕੇ ਪੰਜਾਬੀ ਨੌਜਵਾਨਾਂ ਨੇ ਹੜ੍ਹ ਪੀੜਤ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ। ਇਹ ਪੰਜਾਬੀ ਨੌਜਵਾਨ ਦਿਨ ਰਾਤ ਹੜ੍ਹ ਪੀੜਤਾਂ ਦੀ ਸਹਾਇਤਾ ਵਿੱਚ ਲੱਗੇ ਰਹੇ। ਪੰਜਾਬੀ ਨੌਜਵਾਨਾਂ ਦੀ ਇਸ ਸੇਵਾ ਭਾਵਨਾ ਨੂੰ ਪੂਰੀ ਦੁਨੀਆਂ ਨੇ ਵੇਖਿਆ ਅਤੇ ਸਲਾਹਿਆ। ਪਰ ਇਸੇ ਪੰਜਾਬ ਵਿੱਚ ਅਨੇਕਾਂ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਵੀ ਫਸੇ ਹੋਏ ਹਨ ਜੋ ਕਿ ਪੰਜਾਬ ਦੀ ਵੱਖਰੀ ਹੀ ਤਸਵੀਰ ਪੇਸ਼ ਕਰ ਰਹੇ ਹਨ। ਅੱਜ ਸਾਡੇ ਰੰਗਲੇ ਪੰਜਾਬ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੈ। ਅੱਜ ਦੇ ਅਨੇਕਾਂ ਗੱਭਰੂਆਂ ਨੂੰ ਨਸ਼ਿਆਂ ਨੇ ਪੱਟ ਦਿੱਤਾ ਹੈ।

ਲੰਘੇ ਦਿਨੀਂ ਹਲਕਾ ਗੁਰੂਹਰਸਹਾਏ ਅਧੀਨ ਪੈਂਦੇ ਪਿੰਡ ਲੱਖੋ ਕੇ ਬਹਿਰਾਮ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਤਿੰਨ ਨੌਜਵਾਨਾਂ ਦੀ ਇੱਕੋ ਦਿਨ ਮੌਤ ਹੋ ਗਈ। ਪਿੰਡ ਵਾਸੀਆਂ ਅਨੁਸਾਰ ਇਨ੍ਹਾਂ ਤਿੰਨਾਂ ਤੋਂ ਇਲਾਵਾ ਇਸੇ ਪਿੰਡ 'ਚ ਇਸ ਤੋਂ ਸਿਰਫ਼ ਇੱਕ ਦਿਨ ਪਹਿਲਾਂ ਵੀ ਇੱਕ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ ਸੀ। ਇਸੇ ਦਿਨ ਨਾਭਾ ਨੇੜੇ ਇੱਕ ਪਿੰਡ 'ਚ ਵੀ ਨਸ਼ੇ ਦੀ ਓਵਰਡੋਜ਼ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ ਸੀ। ਇਸ ਤੋਂ ਪਹਿਲਾਂ ਵੀ ਪੰਜਾਬ ਵਿੱਚ ਹਰ ਦਿਨ ਵਾਂਗ ਨਸ਼ੇ ਕਾਰਨ ਜਾਂ ਓਵਰਡੋਜ਼ ਕਾਰਨ ਅਨੇਕਾਂ ਨੌਜਵਾਨਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਨਸ਼ੇ ਦੇ ਆਦੀ ਨੌਜਵਾਨਾਂ ਮੌਤਾਂ ਦੀਆਂ ਹਰ ਦਿਨ ਅਜਿਹੀਆਂ ਖ਼ਬਰਾਂ ਪੜ੍ਹਨ/ਸੁਣਨ ਦੇ ਲੋਕ ਵੀ ਇੱਕ ਤਰ੍ਹਾਂ ਹੁਣ ਆਦੀ ਹੋ ਚੁੱਕੇ ਹਨ।

ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਹਰ ਦਿਨ ਚਿੱਟੀਆਂ ਚੁੰਨੀਆਂ ਵਾਲੀਆਂ ਬੀਬੀਆਂ ਮਕਾਨ ਜਾਂਦੀਆਂ ਦਿਖਾਈ ਦਿੰਦੀਆਂ ਹਨ। ਇਸ ਤੋਂ ਇਲਾਵਾ ਹਰ ਦਿਨ ਨਸ਼ੇ ਕਾਰਨ ਮਰਨ ਵਾਲੇ ਨੌਜਵਾਨਾਂ ਦੀਆਂ ਅਰਥੀਆਂ ਵੀ ਸਿਵਿਆਂ ਦੇ ਰਾਹ ਪਈਆਂ ਨਜ਼ਰ ਪੈਂਦੀਆਂ ਹਨ। ਅਰਥੀਆਂ ਦੇ ਨਾਲ ਚੁੱਪਚਾਪ ਤੁਰੇ ਜਾ ਰਹੇ ਲੋਕਾਂ ਦੇ ਗਮਗੀਨ ਚਿਹਰੇ ਬਹੁਤ ਕੁਝ ਕਹਿੰਦੇ ਜਾਪਦੇ ਹਨ। ਇਹਨਾਂ ਦੇ ਨਾਲ ਜਾ ਰਹੀਆਂ ਬੀਬੀਆਂ ਅਤੇ ਨਸ਼ੇ ਕਾਰਨ ਮਰਨ ਵਾਲੇ ਨੌਜਵਾਨਾਂ ਦੀਆਂ ਮਾਵਾਂ ਤੇ ਭੈਣਾਂ ਵੱਲੋਂ ਪਾਏ ਜਾ ਰਹੇ ਕੀਰਨੇ ਕੰਧਾਂ 'ਚ ਸੁਰਾਖ਼ ਕਰਨ ਤੱਕ ਜਾਂਦੇ ਹਨ।

ਇੱਕ ਮਾੜੀ ਗੱਲ ਇਹ ਵੀ ਹੋ ਰਹੀ ਹੈ ਕਿ ਨਸ਼ੇ ਕਾਰਨ ਪੰਜਾਬੀ ਗੱਭਰੂਆਂ ਦੇ ਬਲਦੇ ਸਿਵਿਆਂ 'ਤੇ ਸਿਆਸਤਦਾਨ ਆਪਸ ਵਿੱਚ ਹੀ ਮਿਹਣੋ-ਮਿਹਣੀ ਹੋ ਰਹੇ ਹਨ ਪਰ ਇਹਨਾਂ ਵਿਚੋਂ ਕਿਸੇ ਵੀ ਸਿਆਸਤਦਾਨ ਵੱਲੋਂ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ, ਸਾਰੇ ਸਿਆਸੀ ਆਗੂ ਬਲਦੇ ਸਿਵਿਆਂ ਦੀਆਂ ਲਾਟਾਂ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ। ਸਿਆਸੀ ਆਗੂਆਂ ਦੀ ਤਾਂ ਗੱਲ ਹੀ ਛੱਡੋ, ਪੰਜਾਬ ਵਿਚੋਂ ਨਸ਼ੇ ਦੀ ਸਮੱਸਿਆ ਹੱਲ ਕਰਨ ਲਈ ਸਮੇਂ ਦੀਆਂ ਸਾਰੀਆਂ ਸਰਕਾਰਾਂ ਫੇਲ੍ਹ ਹੋ ਗਈਆਂ ਹਨ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚੋਂ ਨਸ਼ੇ ਨੂੰ ਸਮਾਪਤ ਕੀਤਾ ਜਾਵੇਗਾ ਪਰ ਇਹ ਸਰਕਾਰ ਅਜੇ ਤੱਕ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਕਾਮਯਾਬ ਨਹੀਂ ਹੋਈ। ਮੌਜੂਦਾ ਸਰਕਾਰ ਨੇ ਭਾਵੇਂ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਚਲਾਈ ਹੋਈ ਹੈ ਪਰ ਫਿਰ ਵੀ ਪੰਜਾਬ 'ਚ ਨਸ਼ਾ ਅਜੇ ਵੀ ਚੱਲ ਰਿਹਾ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪੰਜਾਬ ਵਿੱਚ ਨਸ਼ੇ ਦੇ ਸੌਦਾਗਰਾਂ, ਕੁਝ ਪੁਲਿਸ ਅਧਿਕਾਰੀਆਂ ਅਤੇ ਕੁਝ ਸਿਆਸੀ ਆਗੂਆਂ ਦਾ ਮਜ਼ਬੂਤ ਗਠਜੋੜ ਹੈ, ਜਿਸ ਕਾਰਨ ਇਹਨਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ। ਪੰਜਾਬ ਪੁਲਿਸ ਨਸ਼ਿਆਂ ਖ਼ਿਲਾਫ਼ ਕਾਰਵਾਈ ਦੇ ਨਾਮ 'ਤੇ ਨਸ਼ਾ ਵਪਾਰ ਦੀਆਂ ਛੋਟੀਆਂ ਮੱਛੀਆਂ ਨੂੰ ਕਾਬੂ ਕਰ ਲੈਂਦੀ ਹੈ ਪਰ ਨਸ਼ੇ ਦੇ ਵੱਡੇ ਮਗਰਮੱਛ ਪੁਲਿਸ ਦੀ ਕਾਰਵਾਈ ਤੋਂ ਬਚੇ ਰਹਿੰਦੇ ਹਨ। ਵਿਰੋਧੀ ਆਗੂ ਤਾਂ ਇਹ ਦੋਸ਼ ਲਗਾ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਨਸ਼ਾ ਪਹਿਲਾਂ ਨਾਲੋਂ ਵੀ ਵਧ ਗਿਆ ਹੈ।

ਨਸ਼ੇ ਬਾਰੇ ਕਿਹਾ ਜਾਂਦਾ ਹੈ ਕਿ ਨਸ਼ੇ ਤਾਂ ਅੱਤਵਾਦ ਨਾਲੋਂ ਵੀ ਭੈੜੇ ਹੁੰਦੇ ਹਨ। ਪੰਜਾਬ ਵਿੱਚ ਨਸ਼ਾ ਬਹੁਤ ਵੱਡੀ ਸਮੱਸਿਆ ਬਣ ਗਿਆ ਹੈ। ਪੰਜਾਬ ਵਿੱਚ ਵੱਡੀ ਗਿਣਤੀ ਨੌਜਵਾਨ ਮੁੰਡੇ ਨਸ਼ੇ ਦੇ ਆਦੀ ਹਨ। ਹੁਣ ਤਾਂ ਕੁਝ ਕੁੜੀਆਂ ਵੀ ਨਸ਼ੇ ਵਿੱਚ ਚੂਰ ਹੋ ਜਾਂਦੀਆਂ ਹਨ, ਜਿਨ੍ਹਾਂ ਦੀਆਂ ਵੀਡੀਓ ਅਕਸਰ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਨੌਜਵਾਨ ਨਸ਼ਾ ਇਸ ਕਾਰਨ ਕਰਦੇ ਹਨ ਕਿ ਪੰਜਾਬ ਵਿੱਚ ਇਹ ਅਸਾਨੀ ਨਾਲ ਮਿਲ ਜਾਂਦਾ ਹੈ। ਇੱਥੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਨਸ਼ਾ ਤਾਂ ਨਾਬਾਲਗਾਂ ਤੱਕ ਵੀ ਆਸਾਨੀ ਨਾਲ ਪਹੁੰਚ ਰਿਹਾ ਹੈ। ਅਨੇਕਾਂ ਸਕੂਲੀ ਬੱਚਿਆਂ ਦੇ ਵੀ ਨਸ਼ੇ ਦੀ ਗ੍ਰਿਫਤ ਵਿੱਚ ਹੋਣ ਦੀਆਂ ਖ਼ਬਰਾਂ ਅਕਸਰ ਹੀ ਆਉਂਦੀਆਂ ਰਹਿੰਦੀਆਂ ਹਨ। ਨਸ਼ੇ ਦੇ ਪ੍ਰਕੋਪ ਕਾਰਨ ਇੱਕ ਭੈਣ, ਧੀ ਤੇ ਇੱਕ ਮਾਂ ਦੇ ਰੂਪ ਵਿੱਚ ਔਰਤ ਸਭ ਤੋਂ ਵੱਧ ਪੀੜਤ ਹੈ। ਜਿਸ ਔਰਤ ਦਾ ਇਕਲੌਤਾ ਪੁੱਤ ਨਸ਼ਿਆਂ ਦੀ ਦਲਦਲ ਵਿੱਚ ਧਸ ਕੇ ਸਿਵਿਆਂ ਦੇ ਰਾਹ ਪਿਆ ਹੈ, ਉਸ ਦੀ ਮਾਨਸਿਕ, ਸਰੀਰਕ, ਆਰਥਿਕ ਅਤੇ ਪਰਿਵਾਰਕ ਹਾਲਤ ਕੱਖਾਂ ਤੋਂ ਹੌਲੀ ਅਤੇ ਪਾਣੀਓਂ ਪਤਲੀ ਹੁੰਦੀ ਹੈ।

ਪੰਜਾਬ ਵਿਚੋਂ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨ ਲਈ ਮੌਜੂਦਾ ਸਰਕਾਰ ਨੂੰ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ। ਸਿਆਸੀ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਿਆਸਤ ਚਮਕਾਉਣ ਦੀ ਥਾਂ ਨਸ਼ੇ ਦੀ ਸਮਾਪਤੀ ਦੇ ਲਈ ਸਰਕਾਰ ਨੂੰ ਸਹਿਯੋਗ ਦੇਣ। ਇਸ ਤੋਂ ਇਲਾਵਾ ਵੱਖ- ਵੱਖ ਸਮਾਜ ਸੇਵੀ ਜਥੇਬੰਦੀਆਂ, ਕਿਸਾਨ ਮਜ਼ਦੂਰ ਯੂਨੀਅਨਾਂ ਅਤੇ ਹੋਰ ਸੰਸਥਾਵਾਂ ਨੂੰ ਨਸ਼ੇ ਦੀ ਸਮੱਸਿਆ ਦੇ ਹੱਲ ਲਈ ਸਾਂਝੇ ਰੂਪ ਵਿੱਚ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਕਿ ਨਸ਼ੇ ਕਾਰਨ ਮੌਤ ਦੇ ਮੂੰਹ ਜਾ ਰਹੇ ਪੰਜਾਬ ਦੇ ਗੱਭਰੂਆਂ ਨੂੰ ਬਚਾਇਆ ਜਾ ਸਕੇ। ਪੰਜਾਬ ਦੇ ਜਿਹੜੇ ਗੱਭਰੂ ਨਸ਼ੇ ਤੋਂ ਦੂਰ ਹਨ ਅਤੇ ਪੰਜਾਬ ਦੀ ਸ਼ਾਨ ਹਨ, ਉਹਨਾਂ ਤੋਂ ਪੰਜਾਬ ਦੇ ਸਾਰੇ ਨੌਜਵਾਨਾਂ ਨੂੰ ਪ੍ਰੇਰਨਾ ਲੈ ਕੇ ਨਸ਼ੇ ਤੋਂ ਦੂਰ ਰਹਿਣਾ ਚਾਹੀਦਾ ਹੈ।

## ਪੰਜਾਬ 'ਚ ਨਸ਼ਾ ਤਸਕਰਾਂ ਦੀ ਗਿਣਤੀ ਨਸ਼ੇੜੀਆਂ ਨਾਲੋਂ ਵੱਧ



ਕੌਮੀ ਅਪਰਾਧ ਰਿਕਾਰਡਜ਼ ਬਿਊਰੋ (ਐੱਨ. ਸੀ. ਆਰ. ਬੀ.) ਵੱਲੋਂ ਜਾਰੀ ਕੀਤੀ ਗਈ ਤਾਜ਼ਾ ਦੇਸ਼ਵਿਆਪੀ ਵਿਸ਼ਲੇਸ਼ਣਾਤਮਕ ਰਿਪੋਰਟ ਅਨੁਸਾਰ, ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਿਆਂ ਦੀ ਗਿਣਤੀ, ਇਨ੍ਹਾਂ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਨਾਲੋਂ ਵੱਧ ਹੈ। ਰਿਪੋਰਟ ਮੁਤਾਬਕ ਪ੍ਰਤੀ ਲੱਖ ਆਬਾਦੀ ਦੇ ਹਿਸਾਬ ਨਾਲ ਨਸ਼ਾ ਤਸਕਰੀ ਦੇ ਸਭ ਤੋਂ ਵੱਧ 25.3 ਮਾਮਲਿਆਂ ਨਾਲ ਪੰਜਾਬ ਦੇਸ਼ ਭਰ ਵਿੱਚ ਪਹਿਲੇ ਸਥਾਨ 'ਤੇ ਰਿਹਾ। ਇਸ ਦੇ ਉਲਟ, ਨਸ਼ਿਆਂ ਦੀ ਵਰਤੋਂ ਦੇ ਮਾਮਲੇ 12.4 ਪ੍ਰਤੀ ਲੱਖ ਰਹੇ ਜੋ ਕਿ ਵਰਤੋਂ ਨਾਲੋਂ ਜ਼ਿਆਦਾ ਤਸਕਰੀ ਵੱਲ ਸਪੱਸ਼ਟ ਝੁਕਾਅ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ ਪੰਜਾਬ ਲਗਾਤਾਰ ਦੂਜੇ ਸਾਲ ਨਸ਼ੇ ਦੀ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿੱਚ ਦੇਸ਼ 'ਚ ਸਭ ਤੋਂ ਅੱਗੇ ਰਿਹਾ। ਇੱਥੇ ਅਜਿਹੀਆਂ 89 ਮੌਤਾਂ ਦਰਜ ਕੀਤੀਆਂ ਗਈਆਂ। ਹਾਲਾਂਕਿ, ਇਹ ਗਿਣਤੀ ਪਿਛਲੇ ਸਾਲ 144 ਸੀ।

ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਨਸ਼ਾ ਤਸਕਰੀ ਦੇ ਅਨੁਪਾਤ ਵਿੱਚ ਦੇਸ਼ ਦੇ ਦੂਜੇ ਸਭ ਤੋਂ ਵੱਡੇ ਰਾਜ ਵਜੋਂ ਸਾਹਮਣੇ ਆਇਆ ਹੈ। ਪਹਾੜੀ ਰਾਜ ਵਿੱਚ 2023 ਵਿੱਚ ਐੱਨ ਡੀ ਪੀ ਐੱਸ ਐਕਟ ਤਹਿਤ 2,146 ਮਾਮਲੇ ਦਰਜ ਹੋਏ। ਇਨ੍ਹਾਂ ਵਿੱਚੋਂ ਨਸ਼ੇ ਦੀ ਵਰਤੋਂ ਕਰਨ ਦੇ 547 ਮਾਮਲੇ ਅਤੇ ਤਸਕਰੀ ਦੇ 1,599 ਮਾਮਲੇ ਸਨ। ਇਸ ਤਹਿਤ ਨਸ਼ਿਆਂ ਦੀ ਵਰਤੋਂ ਕਰਨ ਲਈ 7.3 ਪ੍ਰਤੀ ਲੱਖ ਦੇ ਮੁਕਾਬਲੇ ਤਸਕਰੀ ਕਰਨ ਲਈ ਅਨੁਪਾਤ 21.3 ਪ੍ਰਤੀ ਲੱਖ ਦਾ ਰਿਹਾ।



## ਪਰਮਜੀਤ ਸਿੰਘ ਦੀ ਨਾਜਾਇਜ਼ ਹਿਰਾਸਤ

# ਅਮਰੀਕਾ ਵਿੱਚ ਇੱਕ ਸਿੱਖ ਦੀ ਦਰਦਭਰੀ ਦਾਸਤਾਨ

### ਟਰੰਪ ਹਕੂਮਤ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਉੱਪਰ ਨਸਲਵਾਦ ਦਾ ਰੰਗ ਚੜ੍ਹਿਆ

### ਹਿਊਮਨ ਰਾਈਟਸ ਅਤੇ ਅੰਤਰਰਾਸ਼ਟਰੀ ਮੀਡੀਆ ਨੇ ਟਰੰਪ ਸਰਕਾਰ ਦੀ ਕੀਤੀ ਆਲੋਚਨਾ

### ਪਰਿਵਾਰ ਅਤੇ ਸਿੱਖ ਜਥੇਬੰਦੀਆਂ ਕਾਨੂੰਨੀ ਜੱਦੋਜਹਿਦ ਲਈ ਹੋਏ ਸਰਗਰਮ

ਅਮਰੀਕਾ ਵਿੱਚ ਰਹਿੰਦੇ ਪੰਜਾਬੀ ਵਪਾਰੀ ਪਰਮਜੀਤ ਸਿੰਘ ਨੂੰ ਇੱਕ ਪੁਰਾਣੇ ਛੋਟੇ ਜੁਰਮ ਲਈ ਹਿਰਾਸਤ ਵਿੱਚ ਲੈ ਲਿਆ ਗਿਆ ਹੈ। 30 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਅਮਰੀਕਾ ਵਿੱਚ ਵੱਸੇ ਇਸ 48 ਸਾਲਾ ਵਿਅਕਤੀ ਨੂੰ ਬ੍ਰੇਨ ਟਿਊਮਰ ਅਤੇ ਦਿਲ ਦੀਆਂ ਬਿਮਾਰੀਆਂ ਹਨ, ਪਰ ਉਸ ਨੂੰ ਜੇਲ੍ਹ ਵਿੱਚ ਲੋੜੀਂਦੀ ਮੈਡੀਕਲ ਸਹਾਇਤਾ ਨਹੀਂ ਮਿਲ ਰਹੀ। ਇਹ ਮਾਮਲਾ ਟਰੰਪ ਹਕੂਮਤ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਵਿਵਾਦ ਨੂੰ ਹਵਾ ਦੇ ਰਿਹਾ ਹੈ। ਪੰਜਾਬ ਦੇ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਬੀਰੋਵਾਲ ਨਾਲ ਸਬੰਧ ਰੱਖਣ ਵਾਲੇ ਪਰਮਜੀਤ ਨੂੰ 30 ਜੁਲਾਈ 2025 ਨੂੰ ਸ਼ਿਕਾਗੋ ਦੇ ਓ ਹੇਅਰ ਏਅਰਪੋਰਟ ’ਤੇ ਇਮੀਗ੍ਰੇਸ਼ਨ ਅਫਸਰਾਂ ਨੇ ਹਿਰਾਸਤ ਵਿੱਚ ਲੈ ਲਿਆ ਸੀ। ਉਹ ਆਪਣੇ ਪਿੰਡ ਤੋਂ ਵਾਪਸੀ ਬਾਅਦ ਪਰਤੇ, ਤਾਂ ਉਨ੍ਹਾਂ ਨੂੰ ਇੱਕ 25 ਸਾਲ ਪੁਰਾਣੇ ਮਾਮਲੇ ‘ਪੇ-ਫੋਨ ਵਰਤਣ ਬਿਨਾਂ ਪੈਸੇ ਨਾ ਭਰਨ ’ ਦੇ ਅਧਾਰ ’ਤੇ ਰੋਕਿਆ ਗਿਆ। ਉਸ ਸਮੇਂ ਉਹ ਆਪਣੀ ਪਤਨੀ ਲਖਵਿੰਦਰ ਕੌਰ ਅਤੇ 14 ਸਾਲਾਂ ਦੀ ਧੀ ਨੂੰ ਪੰਜਾਬ ਵਿੱਚ ਛੱਡ ਕੇ ਆ ਰਹੇ ਸਨ, ਤਾਂ ਜੋ ਧੀ ਪੰਜਾਬੀ ਸਿੱਖ ਸਕੇ। ਉਨ੍ਹਾਂ ਦਾ 16 ਸਾਲਾਂ ਦਾ ਪੁੱਤਰ ਅਤੇ ਪਤਨੀ ਅਮਰੀਕੀ ਨਾਗਰਿਕ ਹਨ। ਪਰਮਜੀਤ ਸਿੰਘ ਗ੍ਰੀਨ ਕਾਰਡ ਹੋਲਡਰ ਹੈ ਅਤੇ ਉਹ ਇੰਡੀਆਨਾ ਰਾਜ ਦੇ ਫੋਰਟ ਵੇਨ ਵਿੱਚ ਗੈਸ ਸਟੇਸ਼ਨਾਂ ਦੇ ਵੱਡੇ ਕਾਰੋਬਾਰ ਨੂੰ ਚਲਾਉਂਦੇ ਹਨ, ਜਿੱਥੇ 300 ਤੋਂ 400 ਲੋਕ ਨੌਕਰੀਆਂ ਕਰਦੇ ਹਨ। ਉਨ੍ਹਾਂ ਨੂੰ ਹਵਾਈ ਅੱਡੇ ’ਤੇ ਪੰਜ ਦਿਨ ਰੱਖਿਆ ਗਿਆ, ਜਿੱਥੇ ਉਨ੍ਹਾਂ ਦੀ ਸਿਹਤ ਖ਼ਰਾਬ ਹੋ ਗਈ ਅਤੇ ਉਨ੍ਹਾਂ ਨੂੰ ਐਮਰਜੈਂਸੀ ਵਿੱਚ ਭੇਜਿਆ ਗਿਆ। ਹੁਣ ਉਹ ਕੈਂਟਕੀ ਕਾਊਂਟੀ ਜੇਲ੍ਹ ਵਿੱਚ ਹਨ, ਜਿੱਥੇ ਉਨ੍ਹਾਂ ਨੂੰ ਬ੍ਰੇਨ ਟਿਊਮਰ ਦੀ ਦੂਜੀ ਸਰਜਰੀ ਅਕਤੂਬਰ ਵਿੱਚ ਕਰਵਾਉਣੀ ਸੀ, ਪਰ ਉਹ ਨਹੀਂ ਹੋ ਸਕੀ। ਉਨ੍ਹਾਂ ਨੂੰ ਐਓਟਿਕ ਹਾਰਟ ਵਾਲਵ ਵਰਗੀਆਂ ਬਿਮਾਰੀਆਂ ਹਨ ਅਤੇ ਨਿਗ੍ਹਾ ਘਟ ਰਹੀ ਹੈ। ਭਤੀਜੀ ਕਿਰਨ ਵਿਰਕ ਨੇ ਦੱਸਿਆ ਕਿ ਪਰਿਵਾਰ ਹਰ ਪਲ ਚਿੰਤਤ ਹੈ ਅਤੇ ਉਨ੍ਹਾਂ ਨੂੰ ਰੋਜ਼ਾਨਾ ਗੱਲ ਕਰਨ ਵਿੱਚ ਵੀ ਮੁਸ਼ਕਿਲ ਆ ਰਹੀ ਹੈ। ਇਹ ਮਾਮਲਾ ਨਾ ਸਿਰਫ਼ ਇੱਕ ਪਰਿਵਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਅਮਰੀਕਾ ਵਿੱਚ ਰਹਿੰਦੇ ਗ੍ਰੀਨ ਕਾਰਡ ਹੋਲਡਰਾਂ ਲਈ ਡਰ ਪੈਦਾ ਕਰ ਰਿਹਾ ਹੈ।

ਟਰੰਪ ਹਕੂਮਤ ਦੀ ਨੀਤੀ: ਨਸਲਵਾਦੀ ਵਰਤੋਂ ਜਾਂ ਕਾਨੂੰਨੀ ਕਾਰਵਾਈ?

ਡੋਨਾਲਡ ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਇਮੀਗ੍ਰੇਸ਼ਨ ਨੀਤੀਆਂ ਹੋਰ ਸਖ਼ਤ ਹੋ ਗਈਆਂ ਹਨ। ਪ੍ਰੋਜੈਕਟ 2025 ਵਰਗੇ ਯੋਜਨਾਵਾਂ ਅਧੀਨ ਅਮਰੀਕਾ ਵਿੱਚ ਵੱਡੇ ਪੈਮਾਨੇ ’ਤੇ ਡਿਪੋਰਟੇਸ਼ਨ ਚਲ ਰਹੀ ਹੈ, ਜਿਸ ਵਿੱਚ ਗ੍ਰੀਨ ਕਾਰਡ ਹੋਲਡਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਰਮਜੀਤ ਸਿੰਘ ਦੇ ਮਾਮਲੇ ਵਿੱਚ ਆਈ.ਸੀ.ਈ. (ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ) ਨੇ ਇੱਕ 1999 ਦੇ ਛੋਟੇ ਜੁਰਮ ਨੂੰ ਬਹਾਨਾ ਬਣਾ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜੋ ਕਿ 10 ਦਿਨਾਂ ਦੀ ਜੇਲ੍ਹ ਅਤੇ 1.5 ਸਾਲ ਸਸਪੈਂਡ ਸਜ਼ਾ ਨਾਲ ਖ਼ਤਮ ਹੋ ਚੁੱਕਾ ਸੀ। ਵਕੀਲ ਲੂਈ ਐਂਜਲਸ ਨੇ ਕਿਹਾ ਕਿ ਇਹ ਹਿਰਾਸਤ ਗ਼ੈਰ-ਕਾਨੂੰਨੀ ਹੈ ਅਤੇ ਸਰਕਾਰ ਨੇ ਇੱਕ ਫੋਰਜ਼ਰੀ ਕੇਸ ਦਾ ਰਿਕਾਰਡ ਵੀ ਨਹੀਂ



ਪੇਸ਼ ਕੀਤਾ। ਟਰੰਪ ਹਕੂਮਤ ਨੇ ਜੁਲਾਈ 2025 ਵਿੱਚ ‘ਵਨ ਬਿਗ ਬਿਊਟੀਫੁਲ ਬਿਲ ਐਕਟ’ ਪਾਸ ਕੀਤਾ, ਜਿਸ ਨਾਲ ਆਈ.ਸੀ.ਈ. ਨੂੰ 170 ਬਿਲੀਅਨ ਡਾਲਰ ਮਿਲੇ ਹਨ, ਜੋ ਡਿਟੈਨਸ਼ਨ ਅਤੇ ਡਿਪੋਰਟੇਸ਼ਨ ਲਈ ਵਰਤੇ ਜਾ ਰਹੇ ਹਨ। ਇਸ ਨਾਲ ਡਿਟੈਨਸ਼ਨ ਸੈਂਟਰਾਂ ਦੀ ਗਿਣਤੀ ਵਧੀ ਹੈ ਅਤੇ 58,000 ਤੋਂ ਵੱਧ ਲੋਕ ਹਿਰਾਸਤ ਵਿੱਚ ਹਨ, ਜਿਨ੍ਹਾਂ ਵਿੱਚੋਂ 70 ਫੀਸਦੀ ਨੇ ਕੋਈ ਜੁਰਮ ਨਹੀਂ ਕੀਤਾ।

ਨੈਸ਼ਨਲ ਇਮੀਗ੍ਰੇਸ਼ਨ ਲਾਅ ਸੈਂਟਰ (ਐਨ.ਆਈ.ਐਲ.ਸੀ.) ਅਨੁਸਾਰ, ਗ੍ਰੀਨ ਕਾਰਡ ਹੋਲਡਰਾਂ ਨੂੰ ਪੁਰਾਣੇ ਜੁਰਮਾਂ ਲਈ ਨਿਸ਼ਾਨਾ ਬਣਾਉਣਾ ਨਸਲਵਾਦੀ ਵਿਤਕਰੇ ਨੂੰ ਵਧਾਉਂਦਾ ਹੈ, ਕਿਉਂਕਿ ਇਹ ਨੀਤੀਆਂ ਦੂਸਰੇ ਨਸਲੀ ਭਾਈਚਾਰਿਆਂ ਨੂੰ ਜ਼ਿਆਦਾ ਨੁਕਸਾਨ ਪਹੁੰਚਾਉਂਦੀਆਂ ਹਨ। ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟਰੰਪ ਦੀਆਂ ਨੀਤੀਆਂ ਨੇ ਡਿਪੋਰਟੇਸ਼ਨ ਨੂੰ 56 ਫੀਸਦੀ ਵਧਾ ਦਿੱਤਾ ਹੈ, ਜਿਸ ਵਿੱਚ ਲਾਅਫੁਲ ਪਰਮਾਨੈਂਟ ਰੈਜ਼ੀਡੈਂਟਸ ਵੀ ਸ਼ਾਮਲ ਹਨ। ਪੀਊ ਰਿਸਰਚ ਸੈਂਟਰ ਦੇ ਸਰਵੇ ਵਿੱਚ 47 ਫੀਸਦੀ ਅਮਰੀਕੀ ਇਨ੍ਹਾਂ ਨੀਤੀਆਂ ਨੂੰ ਨਕਾਰਾਤਮਕ ਮੰਨਦੇ ਹਨ। ਪ੍ਰਿਜ਼ਮ ਰਿਪੋਰਟਸ ਅਨੁਸਾਰ, ਇਹ ਨੀਤੀਆਂ ਕ੍ਰਿਮੀਨਲ ਜਸਟਿਸ ਸਿਸਟਮ ਨੂੰ ਵਰਤ ਕੇ ਨਸਲਵਾਦ ਨੂੰ ਵਧਾਉਂਦੀਆਂ ਹਨ, ਜਿਸ ਵਿੱਚ ਬਲੈਕ ਅਤੇ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਪਰਮਜੀਤ ਦੇ ਵਕੀਲ ਨੇ ਕਿਹਾ ਕਿ ਸਰਕਾਰ ਨੇ ਬੌਂਡ ’ਤੇ ਸਟੇਅ ਲੈ ਕੇ ਉਨ੍ਹਾਂ ਨੂੰ ਰੋਕਿਆ ਹੈ, ਜੋ ਕਿ ਅਨੈਤਿਕ ਹੈ। ਇਹ ਮਾਮਲਾ ਟਰੰਪ ਦੀ ‘ਮੈਸ ਡਿਪੋਰਟੇਸ਼ਨ’ ਨੀਤੀ ਦਾ ਹਿੱਸਾ ਲੱਗਦਾ ਹੈ, ਜਿਸ ਨਾਲ ਲੱਖਾਂ ਲੋਕ ਡਰ ਰਹੇ ਹਨ।

ਹਿਊਮਨ ਰਾਈਟਸ ਗਰੁੱਪਾਂ ਅਤੇ ਅੰਤਰਰਾਸ਼ਟਰੀ ਅਖ਼ਬਾਰਾਂ ਦੀ ਰਾਏ

ਹਿਊਮਨ ਰਾਈਟਸ ਗਰੁੱਪਾਂ ਨੇ ਪਰਮਜੀਤ ਸਿੰਘ ਦੇ ਮਾਮਲੇ ਨੂੰ ਲੈ ਕੇ ਤਿੱਖੀ ਆਲੋਚਨਾ ਕੀਤੀ ਹੈ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏ.ਸੀ.ਐਲ.ਯੂ.) ਅਤੇ ਹਿਊਮਨ ਰਾਈਟਸ ਵਾਚ ਨੇ ਆਈ.ਸੀ.ਈ. ਦੇ ਡਿਟੈਨਸ਼ਨ ਸੈਂਟਰਾਂ ਵਿੱਚ ਮੈਡੀਕਲ ਸਹਾਇਤਾ ਨਾ ਦੇਣ ਕਾਰਨ ਚਿੰਤਾ ਜ਼ਾਹਰ ਕੀਤੀ ਹੈ। ਏ.ਸੀ.ਐਲ.ਯੂ. ਦੀ ਜੂਨ 2024 ਦੀ ਰਿਪੋਰਟ ਅਨੁਸਾਰ, 2017 ਤੋਂ 2021 ਤੱਕ ਆਈ.ਸੀ.ਈ. ਹਿਰਾਸਤ ਵਿੱਚ 52 ਲੋਕਾਂ ਦੀਆਂ ਮੌਤਾਂ ਵਿੱਚੋਂ 95 ਫੀਸਦੀ ਰੋਕੀ ਜਾ ਸਕਦੀਆਂ ਸਨ, ਜੇਕਰ ਠੀਕ ਮੈਡੀਕਲ ਕੇਅਰ ਮਿਲ ਜਾਂਦਾ। ਇਸ ਵਿੱਚ ਗਲਤ ਡਾਇਗਨੋਸਿਸ, ਦੇਰੀ ਨਾਲ ਇਲਾਜ ਅਤੇ ਐਮਰਜੈਂਸੀ ਕੇਅਰ ਦੀ ਘਾਟ ਸ਼ਾਮਲ ਹੈ।

(ਬਾਕੀ ਸਫ਼ਾ 26 ’ਤੇ)

# ਟਰੰਪ ਦੇ ਟੈਰਿਫ਼ ਕਾਰਨ ਆਪਣੀ ਦਹਾਕਿਆਂ ਪੁਰਾਣੀ ਚਮਕ ਗੁਆ ਸਕਦਾ ਹੈ ਸੂਰਤ ਦਾ ਹੀਰਾ ਉਦਯੋਗ

ਸੂਰਤ/ਏ.ਟੀ.ਨਿਊਜ਼ : ਅਮਰੀਕਾ ਵੱਲੋਂ ਹੀਰਿਆਂ ਅਤੇ ਗਹਿਣਿਆਂ ’ਤੇ ਟੈਰਿਫ਼ ਵਧਾਉਣ ਦੇ ਫੈਸਲੇ ਤੋਂ ਬਾਅਦ ਦੁਨੀਆ ਭਰ ’ਚ ਹੀਰਿਆਂ ਲਈ ਮਸ਼ਹੂਰ ਸੂਰਤ ਵਿੱਚ ਮੰਦੀ ਵਾਲਾ ਮਾਹੌਲ ਬਣ ਗਿਆ ਹੈ। ਉਦਯੋਗ ਮੰਡਲਾਂ ਦਾ ਕਹਿਣਾ ਹੈ ਕਿ ਇਸ ਟੈਰਿਫ਼ ਦੇ ਐਲਾਨ ਕਾਰਨ ਨਿਰਯਾਤ ਘਟ ਰਹੇ ਹਨ ਅਤੇ ਹਜ਼ਾਰਾਂ ਮਜ਼ਦੂਰਾਂ ਦੇ ਰੁਜ਼ਗਾਰ ’ਤੇ ਖ਼ਤਰਾ ਮੰਡਰਾ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਹੀਰਿਆਂ ਅਤੇ ਕੀਮਤੀ ਰਤਨ ’ਤੇ ਟੈਰਿਫ਼ ਵਧਾ ਕੇ 55 ਫੀਸਦੀ ਤੱਕ ਕਰ ਦਿੱਤਾ ਹੈ। ਇਸ ਨਾਲ ਭਾਰਤੀ ਨਿਰਯਾਤਕਾਰਾਂ ਨੂੰ ਗੰਭੀਰ ਝਟਕਾ ਲੱਗਾ ਹੈ ਕਿਉਂਕਿ ਅਮਰੀਕਾ ਭਾਰਤ ਲਈ

### ਭਾਰਤ ਲਈ ਹੀਰਿਆਂ ਦਾ ਸਭ ਤੋਂ ਵੱਡਾ ਬਾਜ਼ਾਰ ਹੈ ਅਮਰੀਕਾ





ਹੀਰਿਆਂ ਦਾ ਸਭ ਤੋਂ ਵੱਡਾ ਬਾਜ਼ਾਰ ਹੈ।

ਸੂਰਤ ਦੇ ਕਈ ਕਾਰਖਾਨਿਆਂ ਨੇ ਉਤਪਾਦਨ ਘਟਾ ਦਿੱਤਾ ਹੈ ਅਤੇ ਕੁਝ ਨੇ ਦਿਵਾਲੀ ਤੋਂ ਬਾਅਦ ਲਾਕਡਾਊਨ ਕਰਨ ਦਾ ਫੈਸਲਾ ਕਰ ਲਿਆ ਹੈ। ਰਿਪੋਰਟਾਂ ਮੁਤਾਬਕ ਆਰਡਰਾਂ ਦੀ ਗਿਣਤੀ ਵਿੱਚ 30 ਤੋਂ 40 ਫੀਸਦੀ ਤੱਕ ਕਮੀ ਆਈ ਹੈ, ਜਿਸ ਕਾਰਨ ਕੰਮਕਾਜ ਮੰਦਾ ਚੱਲ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਾਮਿਆਂ ਦੀਆਂ ਤਨਖਾਹਾਂ ’ਚ 5,000 ਤੋਂ 10,000 ਹਜ਼ਾਰ ਤੱਕ ਕਟੌਤੀ ਵੀ ਕੀਤੀ ਜਾ ਸਕਦੀ ਹੈ।

ਇੱਕ ਮਜ਼ਦੂਰ ਨੇ ਦੱਸਿਆ ਕਿ ਉਹ ਜਿਸ ਫੈਕਟਰੀ ’ਚ ਹੀਰੇ ਤਰਾਸ਼ਣ ਦਾ ਕੰਮ ਕਰਦਾ ਸੀ, ਉੱਥੇ ਹੁਣ ਕੰਮ ਨਹੀਂ ਹੈ, ਜਿਸ ਕਾਰਨ ਉਹ ਘਰ ਚਲਾਉਣ ਲਈ ਹੁਣ ਟੈਕਸੀ ਚਲਾ ਰਿਹਾ ਹੈ। ਇਸ ਤੋਂ ਇਲਾਵਾ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਟੈਰਿਫ਼ ਘਟਾਉਣ ਲਈ ਅਮਰੀਕਾ ਨਾਲ ਗੱਲਬਾਤ ਨਾ ਕੀਤੀ ਗਈ ਤਾਂ ਸੂਰਤ ਦਾ ਹੀਰਾ ਉਦਯੋਗ ਆਪਣੀ ਦਹਾਕਿਆਂ ਪੁਰਾਣੀ ਚਮਕ ਗੁਆ ਸਕਦਾ ਹੈ, ਜਿਸ ਕਾਰਨ ਲੱਖਾਂ ਪਰਿਵਾਰਾਂ ਦੀ ਰੋਜ਼ੀ ਜੁੜੀ ਹੋਈ ਹੈ।

# ਵਿਸ਼ਵ ’ਚ ਫਿਰ ਆ ਸਕਦੀ ਹੈ 1929 ਵਰਗੀ ਵੱਡੀ ਮੰਦੀ

### ਆਉਣ ਵਾਲੇ ਆਰਥਿਕ ਤੂਫ਼ਾਨ ਦੇ ਮਿਲ ਰਹੇ ਹਨ ਸੰਕੇਤ

### ਸਭ ਤੋਂ ਵੱਡੇ ਨਿਵੇਸ਼ਕ ਵਾਰਨ ਬਫੇਟ ਅਤੇ ਰਾਬਰਟ ਕਿਓਸਾਕੀ ਵਿਚਕਾਰ ਨਿਵੇਸ਼ ਸੰਬੰਧੀ ਛਿੜੀ ਬਹਿਸ ਨੇ ਲੋਕਾਂ ਦਾ ਧਿਆਨ ਖਿੱਚਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਦੁਨੀਆ ਦੇ ਦੋ ਸਭ ਤੋਂ ਵੱਡੇ ਦਿੱਗਜ ਨਿਵੇਸ਼ਕ ਵਾਰਨ ਬਫੇਟ ਅਤੇ ਰਾਬਰਟ ਕਿਓਸਾਕੀ ਵਿਚਕਾਰ ਨਿਵੇਸ਼ ਨੂੰ ਲੈ ਕੇ ਬਹਿਸ ਨੇ ਇੱਕ ਵਾਰ ਫਿਰ ਨਿਵੇਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਦੋਂ ਕਿ ਬਫੇਟ ਸਾਲਾਂ ਤੋਂ ਸੋਨੇ ਅਤੇ ਚਾਂਦੀ ਦੇ ਨਿਵੇਸ਼ਾਂ ਤੋਂ ਪਰਹੇਜ਼ ਕਰਦਾ ਸੀ, ਉਸਦੀ ਰਾਏ ਹਾਲ ਹੀ ਵਿੱਚ ਬਦਲ ਗਈ ਹੈ। ਇਸ ਤਬਦੀਲੀ ਨੇ ਕਿਓਸਾਕੀ ਨੂੰ ਚਿਤਾਵਨੀ ਦੇਣ ਲਈ ਪ੍ਰੇਰਿਤ ਕੀਤਾ ਹੈ ਕਿ ਸਟਾਕ ਅਤੇ ਬਾਂਡ ਬਾਜ਼ਾਰਾਂ ਵਿੱਚ ਇੱਕ ਮਹੱਤਵਪੂਰਨ ਗਿਰਾਵਟ ਅਤੇ 1929 ਵਰਗੀ ਸੰਭਾਵੀ ਵੱਡੀ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪਿਛਲੇ ਸਾਲ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ 50% ਤੋਂ ਵੱਧ ਦਾ ਵਾਧਾ ਹੋਇਆ ਹੈ, ਜੋ ਦਰਸਾਉਂਦਾ ਹੈ ਕਿ ਇਹ ਕੀਮਤੀ ਧਾਤਾਂ ਆਰਥਿਕ ਅਨਿਸ਼ਚਿਤਤਾ ਦੇ ਸਮੇਂ ਨਿਵੇਸ਼ਕਾਂ ਲਈ ਸੁਰੱਖਿਅਤ ਪਨਾਹਗਾਹਾਂ ਵਜੋਂ ਕੰਮ ਕਰਦੀਆਂ ਹਨ। ਇਸ ਦੌਰਾਨ, ‘ਰਿਚ ਡੈਡ, ਪੂਅਰ ਡੈਡ’ ਦੇ ਲੇਖਕ ਰਾਬਰਟ ਕਿਓਸਾਕੀ ਨੇ ਮਸ਼ਹੂਰ ਨਿਵੇਸ਼ਕ ਵਾਰਨ ਬਫੇਟ ’ਤੇ ਨਿਸ਼ਾਨਾ ਸਾਧਿਆ ਹੈ। ਬਫੇਟ ਹਮੇਸ਼ਾ ਸੋਨੇ ਵਿੱਚ ਨਿਵੇਸ਼ ਕਰਨ ਦੇ ਵਿਰੁੱਧ ਰਿਹਾ ਹੈ। ਹਾਲਾਂਕਿ, ਉਸਦੀ ਰਾਏ ਵਿੱਚ ਹਾਲ ਹੀ ਵਿੱਚ ਤਬਦੀਲੀ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ।

ਕਿਓਸਾਕੀ ਅਤੇ ਬਫੇਟ ਦੇ ਹਮੇਸ਼ਾ ਵੱਖੋ-ਵੱਖਰੇ ਨਿਵੇਸ਼ ਵਿਚਾਰ ਰਹੇ ਹਨ। ਬਫੇਟ ਨੇ ਪਹਿਲਾਂ ਸੋਨੇ ਅਤੇ ਚਾਂਦੀ ਨੂੰ ‘ਬੇਕਾਰ’ ਅਤੇ ‘ਗੈਰ-ਉਤਪਾਦਕ’ ਦੱਸਿਆ ਸੀ, ਜਦੋਂ ਕਿ ਕਿਓਸਾਕੀ ਆਰਥਿਕ ਅਨਿਸ਼ਚਿਤਤਾ ਦੇ ਸਮੇਂ ਦੌਰਾਨ ਉਨ੍ਹਾਂ ਨੂੰ ਭਰੋਸੇਯੋਗ ਨਿਵੇਸ਼



ਮੰਨਦਾ ਹੈ। ਹੁਣ ਜਦੋਂ ਬਫੇਟ ਨੇ ਸੋਨੇ ਅਤੇ ਚਾਂਦੀ ਲਈ ਆਪਣਾ ਸਮਰਥਨ ਬਦਲ ਦਿੱਤਾ ਹੈ, ਕਿਓਸਾਕੀ ਇਸਨੂੰ ਸਟਾਕ ਅਤੇ ਬਾਂਡ ਬਾਜ਼ਾਰਾਂ ਵਿੱਚ ਸੰਭਾਵੀ ਗਿਰਾਵਟ ਦੇ ਸੰਕੇਤ ਵਜੋਂ ਵੇਖਦਾ ਹੈ।

ਵਾਰਨ ਬਫੇਟ ਨੇ ਹਮੇਸ਼ਾ ਕਿਹਾ ਸੀ ਕਿ ਸੋਨੇ ਦੀ ਖੁਦਾਈ ਕੀਤੀ ਜਾਂਦੀ ਹੈ, ਪਿਘਲਾਇਆ ਜਾਂਦਾ ਹੈ ਅਤੇ ਫਿਰ ਦੱਬਿਆ ਜਾਂਦਾ ਹੈ, ਜਿਸਦਾ ਕੋਈ ਮਹੱਤਵਪੂਰਨ ਉਤਪਾਦਕ ਮੁੱਲ ਨਹੀਂ ਹੁੰਦਾ, ਪਰ ਹਾਲ ਹੀ ਵਿੱਚ ਉਸਦੀ ਰਾਏ ਬਦਲ ਗਈ ਹੈ। ਕਿਓਸਾਕੀ ਨੇ ਟਵੀਟ ਕੀਤਾ, ‘ਸਾਲਾਂ ਤੋਂ ਬਫੇਟ ਸੋਨੇ ਅਤੇ ਚਾਂਦੀ ਵਿੱਚ ਨਿਵੇਸ਼ ਕਰਨ ਵਾਲਿਆਂ ਦਾ ਮਜ਼ਾਕ ਉਡਾਉਂਦੇ ਆ ਰਹੇ ਹਨ। ਹੁਣ, ਉਸਦੀ ਪ੍ਰਸ਼ੰਸਾ ਸੁਣ ਕੇ ਜੀਅ ਘਬਰਾ ਜਾਂਦਾ ਹੈ। ਇਸਦਾ ਮਤਲਬ ਹੈ ਕਿ ਸਟਾਕ ਅਤੇ ਬਾਂਡ ਬਾਜ਼ਾਰ ਕਰੈਸ਼ ਹੋਣ ਵਾਲੇ ਹਨ।’

ਕਿਓਸਾਕੀ ਦਾ ਮੰਨਣਾ ਹੈ ਕਿ ਜੇਕਰ ਬਫੇਟ ਵਰਗੇ ਦਿੱਗਜ ਵੀ ਸੋਨੇ ਅਤੇ ਚਾਂਦੀ ਨੂੰ ਸੁਰੱਖਿਅਤ ਪਨਾਹਗਾਹ ਮੰਨਦੇ ਹਨ, ਤਾਂ ਰਵਾਇਤੀ ਨਿਵੇਸ਼ ਹੁਣ ਜੋਖਮ ਭਰੇ ਹੋ ਸਕਦੇ ਹਨ।

ਕਿਓਸਾਕੀ ਨੇ ਲੰਬੇ ਸਮੇਂ ਤੋਂ ਸੋਨਾ, ਚਾਂਦੀ ਅਤੇ ਕ੍ਰਿਪਟੋਕਰੰਸੀਆਂ ਨੂੰ ਉਤਸ਼ਾਹਿਤ ਕੀਤਾ ਹੈ। ਉਹ ਕਹਿੰਦਾ ਹੈ ਕਿ ਇਹ ਸੰਪਤੀਆਂ ਵਧਦੀ ਮਹਿੰਗਾਈ, ਭੂ-ਰਾਜਨੀਤਿਕ ਤਣਾਅ ਅਤੇ ਵਿਸ਼ਵ ਵਪਾਰ ਯੁੱਧਾਂ ਦੇ ਸਮੇਂ ਵਿੱਚ ਨਿਵੇਸ਼ਕਾਂ ਨੂੰ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਉਹ ਚਿਤਾਵਨੀ ਦਿੰਦਾ ਹੈ ਕਿ ਇੱਕ ਆਰਥਿਕ ਸੰਕਟ ਨੇੜੇ ਹੈ, ਜੋ ਕਿ 1929 ਦੇ ਮਹਾਂ ਮੰਦੀ ਜਿੰਨਾ ਗੰਭੀਰ ਹੈ ਉਹ ਨਿਵੇਸ਼ਕਾਂ ਨੂੰ ਸਲਾਹ ਦਿੰਦਾ ਹੈ ਕਿ ਉਹ ਆਪਣਾ ਧਿਆਨ ਸਟਾਕ ਅਤੇ ਬਾਂਡ ਵਰਗੇ ਰਵਾਇਤੀ ਨਿਵੇਸ਼ਾਂ ਤੋਂ ਸੁਰੱਖਿਅਤ ਵਿਕਲਪਾਂ ਵੱਲ ਤਬਦੀਲ ਕਰਨ। ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਨੇ ਕਿਓਸਾਕੀ ਦੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ। ਉਹ ਨਿਵੇਸ਼ਕਾਂ ਨੂੰ ਬਫੇਟ ਦੀ ਰਾਏ ਵਿੱਚ ਤਬਦੀਲੀ ਨੂੰ ਗੰਭੀਰਤਾ ਨਾਲ ਲੈਣ ਦੀ ਤਾਕੀਦ ਕਰਦਾ ਹੈ, ਕਿਉਂਕਿ ਇਹ ਇੱਕ ਆਉਣ ਵਾਲੇ ਆਰਥਿਕ ਤੂਫਾਨ ਦਾ ਸੰਕੇਤ ਦੇ ਸਕਦਾ ਹੈ।

# ਰਾਜੀਵ-ਸੰਤ ਭਿੰਡਰਾਂਵਾਲੇ ਦੀ ਮੁਲਾਕਾਤ ਕਰਾਉਣ ਤੋਂ ਕਿਉਂ ਅਸਫਲ ਰਿਹਾ ਕੈਪਟਨ ਅਮਰਿੰਦਰ ਸਿੰਘ

## ਸਿਮਰਨਜੀਤ ਸਿੰਘ ਮਾਨ ਰਾਹੀਂ ਸੰਤ ਭਿੰਡਰਾਂਵਾਲੇ ਨਾਲ ਗੱਲਬਾਤ ਕਰਨ ਲਈ ਬਣੀ ਸੀ ਸਹਿਮਤੀ

### ਇੰਦਰਾ ਗਾਂਧੀ ਨੇ ਕਿਉਂ ਰੋਕੀ ਮੁਲਾਕਾਤ ?

### ਕੇਂਦਰ ਸਰਕਾਰ ਨੇ ਗੱਲਬਾਤ ਦੇ ਮੌਕੇ ਨੂੰ ਪੂਰੀ ਤਰ੍ਹਾਂ ਕਿਉਂ ਨਕਾਰਿਆ ?

ਨਵੀਂ ਦਿੱਲੀ/ਏ.ਟੀ.ਨਿਊਜ਼: ਪੰਜਾਬ ਦੇ ਸਭ ਤੋਂ ਗੰਭੀਰ ਅਤੇ ਉਥਲ-ਪੁਥਲ ਵਾਲੇ ਸਮੇਂ, 1980 ਦੇ ਸ਼ੁਰੂਆਤੀ ਸਾਲਾਂ ਵਿੱਚ, ਜਦੋਂ ਸੂਬਾ ਸਿਆਸੀ ਅਤੇ ਸਮਾਜਿਕ ਸੰਕਟ ਦੀ ਲਪੇਟ ਵਿੱਚ ਸੀ, ਸਾਬਕਾ ਕਾਂਗਰਸ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੂੰ ਰਾਜੀਵ ਗਾਂਧੀ ਨੇ ਇੱਕ ਅਹਿਮ ਅਤੇ ਨਾਜ਼ੁਕ ਜ਼ਿੰਮੇਵਾਰੀ ਸੌਂਪੀ ਸੀ — ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਮੁਲਾਕਾਤ ਦਾ ਪ੍ਰਬੰਧ ਕਰਨ ਦੀ। ਇਹ ਮੁਲਾਕਾਤ ਪੰਜਾਬ ਦੇ ਹਾਲਾਤ ਨੂੰ ਸੁਲਝਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੋ ਸਕਦੀ ਸੀ, ਪਰ ਅਫਸੋਸ ਕਿ ਇਹ ਮੁਲਾਕਾਤ ਕਦੇ ਹੋ ਨਾ ਸਕੀ। ਇਸ ਦੀ ਵਜ੍ਹਾ ਅਤੇ ਪਿੱਛੇ ਦੀ ਕਹਾਣੀ ਸੀਨੀਅਰ ਪੱਤਰਕਾਰ ਅਤੇ ਲੇਖਕ ਹਰਿੰਦਰ ਬਵੇਜਾ ਦੀ ਨਵੀਂ ਕਿਤਾਬ ਵਿੱਚ ਸਾਹਮਣੇ ਆਈ ਹੈ। ਇਸ ਦਾ ਜ਼ਿਕਰ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਵਿਖੇ ਹੋਏ ਕਿਤਾਬ ਦੇ ਲੋਕ ਅਰਪਣ ਸਮਾਗਮ ਦੌਰਾਨ ਸਾਂਝਾ ਕੀਤਾ।

**ਮੁਲਾਕਾਤ ਦੀ ਕੋਸ਼ਿਸ਼ ਅਤੇ ਅਸਫਲਤਾ**

ਕੈਪਟਨ ਅਮਰਿੰਦਰ ਸਿੰਘ ਨੇ ਸਮਾਗਮ ਵਿੱਚ ਆਪਣੇ ਸੰਬੋਧਨ ਦੌਰਾਨ ਇਸ ਘਟਨਾ ਦੀਆਂ ਵਿਸਤ੍ਰਿਤ ਜਾਣਕਾਰੀਆਂ ਦਿੱਤੀਆਂ। ਉਨ੍ਹਾਂ ਦੱਸਿਆ, 'ਰਾਜੀਵ ਗਾਂਧੀ ਨੇ ਮੈਨੂੰ ਸੱਦ ਕੇ ਪੁੱਛਿਆ, 'ਕੀ ਤੁਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਮੁਲਾਕਾਤ ਦਾ ਪ੍ਰਬੰਧ ਕਰ ਸਕਦੇ ਹੋ?' ਮੈਂ ਜਵਾਬ ਦਿੱਤਾ, 'ਮੈਂ ਕੋਸ਼ਿਸ਼ ਕਰਦਾ ਹਾਂ।' ਮੈਂ ਜਾਣਦਾ ਸੀ ਕਿ ਇਹ ਕੰਮ ਆਸਾਨ ਨਹੀਂ ਸੀ, ਪਰ ਪੰਜਾਬ ਦੇ ਹਾਲਾਤ ਨੂੰ ਦੇਖਦੇ ਹੋਏ ਇਹ ਜ਼ਰੂਰੀ ਸੀ।

ਕੈਪਟਨ ਨੇ ਇਸ ਕੰਮ ਲਈ ਪੰਜਾਬ ਪੁਲਿਸ ਦੇ ਤਤਕਾਲੀ ਸੀਨੀਅਰ ਸੁਪਰਡੈਂਟ ਪੁਲਿਸ ਸਿਮਰਨਜੀਤ ਸਿੰਘ ਮਾਨ ਨਾਲ ਸੰਪਰਕ ਕੀਤਾ, ਜੋ ਸੰਤ ਭਿੰਡਰਾਂਵਾਲੇ ਦੇ ਕਾਫੀ ਨੇੜੇ ਸਨ। ਸਿਮਰਨਜੀਤ ਸਿੰਘ ਮਾਨ ਨੇ ਭਿੰਡਰਾਂਵਾਲੇ ਨਾਲ ਗੱਲਬਾਤ ਕੀਤੀ ਅਤੇ ਮੁਲਾਕਾਤ ਲਈ ਸਹਿਮਤੀ ਬਣ ਗਈ। ਮੁਲਾਕਾਤ ਦਾ ਸਥਾਨ ਅੰਬਾਲਾ ਹਵਾਈ ਅੱਡਾ ਤੈਅ ਹੋਇਆ, ਜਿੱਥੇ ਸੰਤ ਭਿੰਡਰਾਂਵਾਲੇ ਨੇ ਆਉਣ ਦੀ ਹਾਮੀ ਭਰੀ ਸੀ। ਕੈਪਟਨ ਨੇ ਅੱਗੇ ਦੱਸਿਆ, 'ਅਸੀਂ ਦਿੱਲੀ ਤੋਂ ਉਡਾਣ ਭਰਨ ਦੀ ਤਿਆਰੀ ਕਰ ਲਈ ਸੀ। ਸਭ ਕੁਝ ਲਗਭਗ ਪੱਕਾ ਹੋ ਚੁੱਕਾ ਸੀ, ਅਤੇ ਅਸੀਂ ਮੁਲਾਕਾਤ ਦੇ ਨੇੜੇ ਪਹੁੰਚ ਰਹੇ ਸੀ।' ਪਰ ਇਸ ਮੁਲਾਕਾਤ ਨਾ ਹੋ ਸਕੀ। ਕੈਪਟਨ ਨੇ ਖੁਲਾਸਾ



ਕੀਤਾ, 'ਜਦੋਂ ਅਸੀਂ ਅੰਬਾਲਾ ਵੱਲ ਜਾਣ ਦੀ ਤਿਆਰੀ ਕਰ ਰਹੇ ਸੀ, ਅਚਾਨਕ ਸਾਨੂੰ ਸੁਨੇਹਾ ਮਿਲਿਆ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਚਾਹੁੰਦੇ ਹਨ ਕਿ ਰਾਜੀਵ ਇਸ ਮੁਲਾਕਾਤ ਨੂੰ ਰੱਦ ਕਰਕੇ ਵਾਪਸ ਦਿੱਲੀ ਪਰਤ ਆਉਣ।' ਇਸ ਦੀ ਵਜ੍ਹਾ ਸੀ ਸੁਰੱਖਿਆ ਨਾਲ ਜੁੜਿਆ ਖਦਸ਼ਾ। ਕੈਪਟਨ ਅਨੁਸਾਰ, ਇਹ ਡਰ ਸੀ ਕਿ ਮੁਲਾਕਾਤ ਦੌਰਾਨ ਰਾਜੀਵ ਗਾਂਧੀ 'ਤੇ ਹਮਲਾ ਹੋ ਸਕਦਾ ਸੀ। ਇਸ ਖਦਸ਼ੇ ਨੇ ਮੁਲਾਕਾਤ ਨੂੰ ਰੋਕ ਦਿੱਤਾ, ਅਤੇ ਇਹ ਸੰਭਾਵੀ ਗੱਲਬਾਤ, ਜੋ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਦੀ ਦਿਸ਼ਾ ਵਿੱਚ ਅਹਿਮ ਹੋ ਸਕਦੀ ਸੀ, ਅਧੂਰੀ ਰਹਿ ਗਈ।

**ਸੰਤ ਭਿੰਡਰਾਂਵਾਲੇ ਦਾ ਜਵਾਬ**

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਮੁਲਾਕਾਤ ਲਈ ਸਹਿਮਤੀ ਦਿੱਤੀ ਸੀ, ਜੋ ਇਸ ਗੱਲ ਦਾ ਸੰਕੇਤ ਸੀ ਕਿ ਉਹ ਵੀ ਸੰਭਾਵੀ ਗੱਲਬਾਤ ਲਈ ਤਿਆਰ ਸਨ। ਸਿਮਰਨਜੀਤ ਸਿੰਘ ਮਾਨ ਦੇ ਜ਼ਰੀਏ ਹੋਈ ਗੱਲਬਾਤ ਵਿੱਚ ਸੰਤ ਭਿੰਡਰਾਂਵਾਲੇ ਨੇ ਅੰਬਾਲਾ ਹਵਾਈ ਅੱਡੇ 'ਤੇ ਮੁਲਾਕਾਤ ਲਈ ਹਾਮੀ ਭਰੀ ਸੀ। ਪਰ ਇਸ ਤੋਂ ਅੱਗੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਮਿਲਦੀ ਕਿ ਉਨ੍ਹਾਂ ਦੀ ਸਹਿਮਤੀ ਦੇ ਪਿੱਛੇ ਕੀ ਇਰਾਦੇ ਸਨ ਜਾਂ ਉਹ ਇਸ ਮੁਲਾਕਾਤ ਤੋਂ ਕੀ ਉਮੀਦ ਕਰ ਰਹੇ ਸਨ। ਸੰਤ ਭਿੰਡਰਾਂਵਾਲੇ ਉਸ ਸਮੇਂ ਪੰਜਾਬ ਵਿੱਚ ਖ਼ਾਲਿਸਤਾਨ ਅੰਦੋਲਨ ਦੇ ਇੱਕ ਪ੍ਰਮੁੱਖ ਚਿਹਰੇ ਸਨ, ਅਤੇ ਉਨ੍ਹਾਂ ਦੀ ਸਹਿਮਤੀ ਇਸ ਗੱਲ ਦਾ ਸੰਕੇਤ ਸੀ ਕਿ ਉਹ ਸਰਕਾਰ ਨਾਲ ਗੱਲਬਾਤ ਦੇ ਮੌਕੇ ਨੂੰ ਪੂਰੀ ਤਰ੍ਹਾਂ ਨਕਾਰ ਨਹੀਂ ਰਹੇ ਸਨ।

**ਇੰਦਰਾ ਗਾਂਧੀ ਦੀ ਰੋਕ**

ਇਸ ਮੁਲਾਕਾਤ ਦੇ ਰੱਦ ਹੋਣ ਵਿੱਚ ਸਭ ਤੋਂ ਵੱਡੀ ਭੂਮਿਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸੀ। ਕੈਪਟਨ ਅਮਰਿੰਦਰ ਸਿੰਘ ਦੇ ਅਨੁਸਾਰ, ਇੰਦਰਾ ਗਾਂਧੀ ਨੂੰ ਸੁਰੱਖਿਆ ਏਜੰਸੀਆਂ ਜਾਂ ਹੋਰ ਸੂਤਰਾਂ ਤੋਂ ਇਹ ਜਾਣਕਾਰੀ ਮਿਲੀ ਸੀ ਕਿ ਇਹ ਮੁਲਾਕਾਤ ਰਾਜੀਵ ਗਾਂਧੀ ਲਈ ਖਤਰਨਾਕ ਸਾਬਤ ਹੋ ਸਕਦੀ ਹੈ। 1980 ਦੇ ਸ਼ੁਰੂਆਤੀ ਸਾਲ ਪੰਜਾਬ ਵਿੱਚ ਖਾੜਕੂਵਾਦ ਅਤੇ ਹਿੰਸਾ ਦੇ ਸਿਖਰ 'ਤੇ ਸਨ ਅਤੇ ਸੰਤ ਭਿੰਡਰਾਂਵਾਲੇ ਦੀ ਅਗਵਾਈ ਵਿੱਚ ਸਿੱਖ ਅੰਦੋਲਨ ਨੇ ਸਰਕਾਰ ਲਈ ਗੰਭੀਰ ਚੁਣੌਤੀਆਂ ਖੜ੍ਹੀਆਂ ਕਰ ਰੱਖੀਆਂ ਸਨ। ਇਸ ਮਾਹੌਲ ਵਿੱਚ, ਇੰਦਰਾ ਗਾਂਧੀ ਦਾ ਇਹ ਫੈਸਲਾ ਸ਼ਾਇਦ ਸੁਰੱਖਿਆ ਦੇ ਮੱਦੇਨਜ਼ਰ ਸੀ, ਪਰ ਇਸ ਨੇ ਇੱਕ ਅਹਿਮ ਮੌਕੇ ਨੂੰ ਖਤਮ ਕਰ ਦਿੱਤਾ, ਜੋ ਸ਼ਾਇਦ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਸੀ।

(ਬਾਕੀ ਸਫ਼ਾ 27 'ਤੇ)

# 2024 ਦੌਰਾਨ ਭਾਰਤ 'ਚ ਆਨਰ ਕਿਲਿੰਗਾਂ ਦੇ ਮਾਮਲੇ ਵਧੇ

### ਝਾਰਖੰਡ ਆਨਰੱਚ ਖਾਪ ਪੰਚਾਇਤਾਂ ਦਾ ਜਾਰੀ ਹੈ ਅੱਤਿਆਚਾਰ

### ਪੰਜਾਬ ਵਿੱਚ ਗੋਤਰ ਅਤੇ ਧਰਮ ਦੀ ਜਕੜ ਕਾਰਨ ਹੋ ਰਹੀ ਹੈ ਆਨਰ ਕਿਲਿੰਗ

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਨੇ ਅਜੇ ਤੱਕ 2024 ਵਾਲੀ ਪੂਰੀ ਰਿਪੋਰਟ ਜਾਰੀ ਨਹੀਂ ਕੀਤੀ ਹੈ, ਜੋ ਕਿ ਅਕਤੂਬਰ 2025 ਵਿੱਚ ਆਉਣ ਵਾਲੀ ਹੈ। ਪਰ ਮੀਡੀਆ ਰਿਪੋਰਟਾਂ ਅਤੇ ਪੁਲਿਸ ਅੰਕੜਿਆਂ ਅਨੁਸਾਰ, 2024 ਵਿੱਚ ਭਾਰਤ ਵਿੱਚ ਅਣਖਾਂ ਕਾਰਨ ਕਤਲ ਸਬੰਧੀ ਮਾਮਲੇ ਵਧੇ ਹਨ, ਜੋ ਕਿ ਪਿਛਲੇ ਸਾਲਾਂ ਦੇ ਰੁਝਾਨ ਨੂੰ ਜਾਰੀ ਰੱਖਦੇ ਹਨ।2023 ਵਿੱਚ 38 ਮਾਮਲੇ ਦਰਜ ਹੋਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਝਾਰਖੰਡ (9), ਹਰਿਆਣਾ (6), ਪੰਜਾਬ ਅਤੇ ਮੱਧ ਪ੍ਰਦੇਸ਼ (5-5) ਵਿੱਚ ਹੋਏ ਸਨ। 2024 ਵਿੱਚ ਵੀ ਇਹ ਰਾਜ ਵਧੇਰੇ ਪ੍ਰਭਾਵਿਤ ਹੋਏ ਹਨ, ਜਿੱਥੇ ਗੋਤਰ, ਜਾਤ ਅਤੇ ਧਰਮ ਦੇ ਨਾਮ ਉੱਪਰ ਜਾਨ ਲਈਆਂ । ਐੱਨ.ਜੀ.ਓਜ਼ ਅਨੁਸਾਰ, ਅਸਲ ਅੰਕੜਾ ਰਿਪੋਰਟ







ਨਾਲੋਂ ਬਹੁਤ ਵੱਧ ਹੈ, ਕਿਉਂਕਿ ਬਹੁਤੇ ਮਾਮਲੇ ਲੁਕਾਏ ਜਾਂਦੇ ਹਨ।

ਇਸ ਸਾਲ ਵਿੱਚ ਰਿਪੋਰਟ ਹੋਏ ਮਾਮਲਿਆਂ ਵਿੱਚ ਔਰਤਾਂ ਨੂੰ ਆਪਣੀ ਮਰਜ਼ੀ ਨਾਲ ਵਿਆਹ ਕਰਨ 'ਤੇ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਪਰਿਵਾਰ ਵੱਲੋਂ ਅਣਖ ਨੂੰ ਬਚਾਉਣ ਦੇ ਨਾਂ 'ਤੇ ਹਿੰਸਾ ਕੀਤੀ ਗਈ ਸੀ। ਹੇਠਾਂ 2024 ਵਿੱਚ ਵੱਡੇ ਰਾਜਾਂ ਵਿੱਚ ਹੋਈਆਂ ਚੋਣਵੀਂ ਘਟਨਾਵਾਂ ਅਤੇ ਅੰਦਾਜ਼ਨ ਅੰਕੜੇ ਦਿੱਤੇ ਗਏ ਹਨ।

**ਝਾਰਖੰਡ: ਵਧਦੇ ਗੋਤਰੀ ਤਣਾਅ ਤੇ ਹਿੰਸਾ**

2023 ਵਿੱਚ 9 ਮਾਮਲੇ ਨਾਲ ਸਭ ਤੋਂ ਅੱਗੇ ਰਿਹਾ ਝਾਰਖੰਡ ।2024 ਵਿੱਚ ਵੀ ਅਨਰ ਕਿਲਿੰਗਾਂ ਨੇ ਨਵਾਂ ਰੂਪ ਅਪਣਾਇਆ ਸੀ। ਕਬਾਇਲੀ ਖੇਤਰਾਂ ਵਿੱਚ ਆਰਥਿਕ ਵਿਕਾਸ ਨਾਲ ਨੌਜਵਾਨਾਂ ਵਿੱਚ ਆਜ਼ਾਦੀ ਦੀ ਭਾਵਨਾ ਵਧੀ ਹੈ, ਪਰ ਪੁਰਾਣੀਆਂ ਰੀਤਾਂ ਵਿੱਚ ਫਸੇ ਸਮਾਜ ਤੇ ਪਰਿਵਾਰ ਇਸ ਨੂੰ ਬਰਦਾਸ਼ਤ ਨਹੀਂ ਕਰ ਰਹੇ। ਐੱਨਜੀਓ 'ਐਵੀਡੈਂਸ' ਅਨੁਸਾਰ, 2024 ਵਿੱਚ ਘੱਟੋ-ਘੱਟ 7-8 ਮਾਮਲੇ ਰਿਪੋਰਟ ਹੋਏ ਸਨ, ਜਿਨ੍ਹਾਂ ਵਿੱਚੋਂ ਕਈ ਟ੍ਰਾਈਬਲ ਅਤੇ ਨੀਚੀ ਜਾਤੀਆਂ ਨਾਲ ਜੁੜੇ ਸਨ।

ਜਨਵਰੀ ਦੌਰਾਨ ਰਾਂਚੀ ਨੇੜੇ ਇੱਕ 22 ਸਾਲਾਂ ਦੀ ਲੜਕੀ ਨੂੰ ਉਸ ਦੇ ਪਰਿਵਾਰ ਨੇ ਇੱਕ ਵੱਖਰੀ ਜਾਤੀ ਦੇ ਮੁੰਡੇ ਨਾਲ ਰਿਸ਼ਤੇ ਕਰਕੇ ਜੀਉਂਦਿਆਂ ਜਲਾ ਦਿੱਤਾ। ਪੁਲਿਸ ਨੇ ਤਿੰਨ ਨੂੰ ਗ੍ਰਿਫ਼ਤਾਰ ਕੀਤਾ, ਪਰ ਗੁਆਂਢੀ ਪਿੰਡ ਵਾਸੀਆਂ ਨੇ ਪਰਿਵਾਰ ਨੂੰ ਸਮਰਥਨ ਦਿੱਤਾ ਸੀ।ਅਪ੍ਰੈਲ ਵਿੱਚ ਗਿਰੀਡੀਹ ਜ਼ਿਲ੍ਹੇ ਵਿੱਚ ਇੱਕ ਜੋੜੇ ਨੂੰ ਗੋਲੀ ਮਾਰ ਦਿੱਤੀ ਗਈ ਸੀ, ਜੋ ਕਿ ਗੋਤਰ ਤੋਂ ਬਾਹਰ ਜਾਕੇ ਵਿਆਹ ਕਰ ਰਹੇ ਸਨ। ਇਹ ਘਟਨਾਵਾਂ ਇਸ ਝਾਰਖੰਡ ਨੂੰ ਅਨਰ ਕਿਲਿੰਗਾਂ ਦੀ ਰਾਜਧਾਨੀ ਬਣਾਉਣ ਵਾਲੀਆਂ ਹਨ।

**ਪੰਜਾਬ: ਗੋਤਰ ਅਤੇ ਧਰਮ ਨਾਲ ਜੁੜੀਆਂ ਘਟਨਾਵਾਂ**

ਪੰਜਾਬ ਵਿੱਚ 2023 ਵਿੱਚ 5 ਮਾਮਲੇ ਹੋਣ ਤੋਂ ਬਾਅਦ, 2024 ਵਿੱਚ ਘੱਟੋ-ਘੱਟ 4 ਮਾਮਲੇ ਰਿਪੋਰਟ ਹੋਏ, ਜੋ ਕਿ ਗੋਤਰੀ ਵਿਆਹਾਂ ਨਾਲ ਜੁੜੇ ਹਨ।ਪੰਜਾਬ ਪੁਲਿਸ ਅਨੁਸਾਰ, 2011 ਤੋਂ ਹੁਣ ਤੱਕ 40 ਤੋਂ ਵੱਧ ਮਾਮਲੇ ਵਾਪਰ ਚੁੱਕੇ ਹਨ।

ਮਈ ਵਿੱਚ ਬਰਨਾਲਾ ਵਿੱਚ ਮਨਪ੍ਰੀਤ ਕੌਰ (25) ਅਤੇ ਗੁਰਦੀਪ ਸਿੰਘ (30) ਨੂੰ ਗੋਲੀ ਮਾਰ ਦਿੱਤੀ ਗਈ ਸੀ, ਕਿਉਂਕਿ ਉਹ ਇੱਕੋ ਗੋਤਰ ਵਿੱਚ ਵਿਆਹ ਕਰ ਰਹੇ ਸਨ। ਪਰਿਵਾਰ ਨੇ ਇਸ ਨੂੰ 'ਗਲਤੀ ਨਾਲ ਫਾਇਰਿੰਗ' ਕਹਿ ਕੇ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਪੋਸਟਮਾਰਟਮ ਨੇ ਆਨਰ ਕਿਲਿੰਗ ਦੀ ਪੁਸ਼ਟੀ ਕੀਤੀ। ਜੁਲਾਈ ਵਿੱਚ ਲੁਧਿਆਣਾ ਨੇੜੇ ਇੱਕ ਇੰਟਰ-ਫੇਥ ਜੋੜੇ ਨੂੰ ਮਾਰ ਦਿੱਤਾ ਗਿਆ ਸੀ। ਇਹ ਘਟਨਾਵਾਂ ਪੰਜਾਬੀ ਸਮਾਜ ਵਿੱਚ ਆਧੁਨਿਕਤਾ ਅਤੇ ਪਰੰਪਰਾ ਵਿਚਕਾਰ ਟਾਕਰੇ ਨੂੰ ਦਰਸਾਉਂਦੀਆਂ ਹਨ, ਜਿੱਥੇ ਵਿਦੇਸ਼ਾਂ ਵਿੱਚ ਵੱਸਣ ਵਾਲੇ

(ਬਾਕੀ ਸਫ਼ਾ 26 'ਤੇ)

# ਕੈਨੇਡਾ ਦੇ ਟਰਾਂਸਪੋਰਟ ਵਿਭਾਗ ਵੱਲੋਂ ਟਰੱਕ ਡਰਾਈਵਰਾਂ ਖ਼ਿਲਾਫ਼ ਸਖ਼ਤੀ

### ਅਲਬਰਟਾ 'ਚ ਪੰਜ ਡਰਾਈਵਰ ਸਿਖਲਾਈ ਕੇਂਦਰਾਂ ਦੀ ਮਾਨਤਾ ਰੱਦ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਤੇ ਅਮਰੀਕਾ ਵਿੱਚ ਪਿਛਲੇ ਮਹੀਨਿਆਂ ਦੌਰਾਨ ਹੋਏ ਵੱਡੇ ਟਰੱਕ ਹਾਦਸਿਆਂ ਮਗਰੋਂ ਦੋਵਾਂ ਦੇਸ਼ਾਂ ਦਾ ਟਰਾਂਸਪੋਰਟ ਵਿਭਾਗ ਕਾਫੀ ਚੌਕਸ ਹੋ ਗਿਆ ਹੈ। ਵਿਭਾਗ ਨੇ ਬੀਤੇ ਵਿੱਚ ਕੀਤੀਆਂ ਗ਼ਲਤੀਆਂ 'ਚ ਸੁਧਾਰ ਕਰਦਿਆਂ ਲਿਹਾਜ਼ਦਾਰੀ ਪਾਲਣ ਵਾਲੇ ਨਿਰੀਖਕਾਂ ਦੀ ਸੇਵਾਵਾਂ ਖ਼ਤਮ ਕਰਨ ਦੇ ਨਾਲ ਸੈਂਕੜੇ ਟਰੱਕ ਡਰਾਈਵਿੰਗ ਲਾਇਸੈਂਸ ਰੱਦ ਕਰ ਦਿੱਤੇ ਹਨ। ਇਹੀ ਨਹੀਂ ਪੰਜ ਡਰਾਈਵਿੰਗ ਸਿਖਲਾਈ ਕੇਂਦਰਾਂ ਦੀ ਮਾਨਤਾ ਵੀ ਰੱਦ ਕੀਤੀ ਗਈ ਹੈ।

ਪਿਛਲੇ ਸਾਲਾਂ ਦੌਰਾਨ ਸੁਣਨ ਵਿੱਚ ਆਉਂਦਾ ਰਿਹਾ ਕਿ ਜਿਸ ਦਾ ਟਰੱਕ ਡਰਾਈਵਰੀ ਦਾ ਲਾਇਸੈਂਸ ਕਿਤੋਂ ਨਾ ਬਣਦਾ ਹੋਵੇ, ਉਹ ਅਲਬਰਟਾ ਸੂਬੇ 'ਚੋਂ ਜਾ ਕੇ ਬਣਵਾ ਲੈਂਦਾ ਸੀ।ਅਲਬਰਟਾ ਦੇ ਟਰਾਂਸਪੋਰਟ ਵਿਭਾਗ ਨੇ ਸਖ਼ਤੀ ਵਰਤਦਿਆਂ ਆਪਣੇ ਪੰਜ ਡਰਾਈਵਰ ਸਿਖਲਾਈ ਕੇਂਦਰਾਂ ਦੀ ਮਾਨਤਾ ਰੱਦ ਕਰ ਦਿੱਤੀ ਹੈ।

ਟੈਸਟ ਲੈ ਕੇ ਲਾਇਸੈਂਸ ਦੇਣ ਵਾਲੇ 9 ਵਿਭਾਗੀ ਨਿਰੀਖਕਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ ਅਤੇ ਕਈ ਟਰਾਂਸਪੋਰਟ ਕੰਪਨੀਆਂ ਦੀ ਮਾਨਤਾ ਰੱਦ ਕੀਤੀ ਹੈ। ਪਿਛਲੇ ਮਹੀਨਿਆਂ ਵਿੱਚ ਜਾਰੀ ਹੋਏ ਸੈਂਕੜੇ ਡਰਾਈਵਿੰਗ ਲਾਇਸੈਂਸ ਰੱਦ ਕਰ ਦਿੱਤੇ ਹਨ ਅਤੇ ਕਈਆਂ ਨੂੰ ਮੁੜ ਤੋਂ ਟੈਸਟ ਦੇ ਕੇ ਲਾਇਸੈਂਸ ਨਵਿਆਉਣ ਦੇ ਨੋਟਿਸ ਜਾਰੀ ਕੀਤੇ ਹਨ।

ਵਿਭਾਗੀ ਸੂਤਰਾਂ ਅਨੁਸਾਰ ਓਂਟਾਰੀਓ ਸੂਬੇ ਨੇ ਵੀ ਸਖਤੀ ਲਈ ਤਿਆਰੀ ਕੱਸ ਲਈ ਹੈ। ਨਿਰੀਖਕਾਂ ਅਤੇ ਅਫਸਰਾਂ ਨੂੰ ਨਵੇਂ ਨਿਰਦੇਸ਼ ਮਿਲਣ ਲੱਗੇ ਹਨ। ਟੈਸਟ ਵਿੱਚ ਸਖਤੀ ਦੇ ਨਾਲ ਨਾਲ ਇੱਛੁਕਾਂ ਦੀ ਮਾਨਸਿਕਤਾ ਪਰਖ ਜ਼ਰੂਰੀ ਕੀਤੇ ਜਾਣ ਦੇ ਨਿਯਮ ਬਣਨ ਲੱਗੇ ਹਨ। ਹੋਰ ਰਾਜਾਂ ਵਿੱਚ ਵੀ ਸੜਕੀ ਨਿਯਮ ਸਖਤ ਕੀਤੇ ਜਾਣ ਲਈ ਸਰਵੇਖਣ ਕਰਵਾਏ ਜਾਣ ਲੱਗੇ ਹਨ ਅਤੇ ਟਰੈਫਿਕ ਪੁਲੀਸ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ ਹਨ।ਓਂਟਾਰੀਓ ਦੇ ਕੁਝ ਸ਼ਹਿਰਾਂ ਦੀਆਂ ਮਿਉਂਸਿਪੈਲਿਟੀਆਂ ਵਲੋਂ ਸਪੀਡ ਕੈਮਰਿਆਂ ਦੀ ਗਿਣਤੀ ਵਧਾਈ ਜਾਣ ਲੱਗੀ ਹੈ ਤਾਂ ਜੋ ਤੇਜ਼ ਰਫ਼ਤਾਰੀ ਨੂੰ ਠੱਲ ਪੈ ਸਕੇ। ਇਨ੍ਹਾਂ ਸਖ਼ਤੀਆਂ ਨਾਲ ਸੜਕ ਸੁਰੱਖਿਆ ਵਿੱਚ ਕਿੰਨਾ ਸੁਧਾਰ ਆਏਗਾ, ਇਸ ਦਾ ਪਤਾ ਕੁਝ ਮਹੀਨੇ ਬਾਅਦ ਹੀ ਲੱਗ ਸਕੇਗਾ।

# ਫਰਿਜ਼ਨੋ ਵਿਖੇ ਗਦਰੀ ਬਾਬਿਆ ਦੀ ਯਾਦ ਨੂੰ ਸਮਰਪਿਤ ਮੇਲਾ 19 ਅਕਤੂਬਰ ਨੂੰ

ਫਰਿਜ਼ਨੋ /ਕੈਲੀਫੋਰਨੀਆ/ ਏ.ਟੀ.ਨਿਊਜ਼: ਗਦਰੀ ਬਾਬਿਆਂ ਦਾ ਦੇਸ਼ ਦੀ ਅਜ਼ਾਦੀ ਲਈ ਵੱਡਾ ਯੋਗਦਾਨ ਰਿਹਾ ਹੈ। ਉਹਨਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਦੇਸ਼ ਵਿਦੇਸ਼ ਵਿੱਚ ਵੱਡੇ ਸਮਾਗਮ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਫਰਿਜ਼ਨੋ ਦੀ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਯੂ.ਐਸ. ਹੈਰੀਟੇਜ਼ ਵੱਲੋਂ 19 ਅਕਤੂਬਰ ਦਿਨ ਐਂਤਵਾਰ ਨੂੰ ਸਥਾਨਿਕ ਟਿੱਲੀ ਐਲੀਮੈਂਟਰੀ ਸਕੂਲ ਦੇ ਈਵੈਂਟ ਸੈਂਟਰ ਵਿਖੇ ਗਦਰੀ ਬਾਬਿਆਂ ਦੀ ਯਾਦ ਵਿੱਚ ਮੇਲਾ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਸ਼ਾਮੀ 2 ਤੋਂ 6 ਵਜੇ ਦਰਮਿਆਨ ਹੋਵੇਗਾ। ਇਸ ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਜਥੇਬੰਦੀ ਦੇ



(ਬਾਕੀ ਸਫ਼ਾ 26 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਖ਼ਾਲਸਾ ਜਥਾ ਗੁਰਦੁਆਰੇ ’ਤੇ ਨਸਲੀ ਹਮਲਿਆਂ ਨੇ ਵਧਾਇਆ ਸੁਰੱਖਿਆ ਦਾ ਸੰਕਟ

## ਸੋਸ਼ਲ ਮੀਡੀਆ ਦੀ ਨਸਲੀ ਨ਼ਫਰਤ ਬਾਰੇ ਯੂ. ਕੇ. ਸਰਕਾਰ ਚੁੱਪ ਕਿਉਂ ?

## ਗੁਰਦੁਆਰਿਆਂ ਉੱਪਰ 40,000 ਪੌਂਡ ਦਾ ਆ ਰਿਹਾ ਹੈ ਸੁਰੱਖਿਆ ਖ਼ਰਚ








ਬ੍ਰਿਟੇਨ ਦੇ ਪੱਛਮੀ ਲੰਡਨ ਦੇ ਸ਼ੈ.ਫਰਡਜ਼ ਬੁਸ਼ ਵਿਖੇ ਸਥਿਤ ਖ਼ਾਲਸਾ ਜਥਾ ਗੁਰਦੁਆਰਾ, ਜੋ 1913 ਵਿੱਚ ਸਥਾਪਿਤ ਹੋਇਆ ਸੀ। ਇਹ ਯੂ. ਕੇ. ਦਾ ਸਭ ਤੋਂ ਪੁਰਾਣਾ ਸਿੱਖ ਗੁਰਦੁਆਰਾ ਹੈ। ਪਰ ਅੱਜਕੱਲ੍ਹ ਇਹ ਨਸਲਵਾਦ ਕਾਰਨ ਇਤਿਹਾਸਕ ਧਾਰਮਿਕ ਸਥਾਨ ਸੁਰੱਖਿਆ ਦੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਗੁਰਦੁਆਰੇ ਦੇ ਟਰੱਸਟੀ ਮਨਦੀਪ ਸਿੰਘ ਦੱਸਦੇ ਹਨ ਕਿ ਹਾਲ ਹੀ ਵਿੱਚ ਸਿੱਖ ਭਾਈਚਾਰੇ ਵਿਰੁੱਧ ਵਧੀ ਹਿੰਸਾ ਅਤੇ ਨਸਲੀ ਅਪਰਾਧਾਂ ਨੇ ਭਾਈਚਾਰੇ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਉਨ੍ਹਾਂ ਨੂੰ 1970 ਦੇ ਦਹਾਕੇ ਦੀ ਯਾਦ ਆਉਂਦੀ ਹੈ, ਜਦੋਂ ਨੈਸ਼ਨਲ ਫ਼ਰੰਟ ਵਰਗੇ ਸੰਗਠਨਾਂ ਦੇ ਨਸਲਵਾਦੀ ਹਮਲਿਆਂ ਨੇ ਘੱਟ-ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ ਸੀ। ਉਹ ਕਹਿੰਦੇ ਹਨ ਕਿ ਹੁਣ ਸੋਸ਼ਲ ਮੀਡੀਆ ਨੇ ਨ਼ਫਰਤ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਸਥਿਤੀ ਹੋਰ ਗੰਭੀਰ ਹੋ ਗਈ ਹੈ।

ਇਸ ਗੁਰਦੁਆਰੇ ਨੇ ਸੁਰੱਖਿਆ ਲਈ ਸੀ.ਸੀ.ਟੀ.ਵੀ., ਲੋਹੇ ਦੇ ਗੇਟ ਅਤੇ 24 ਘੰਟੇ ਸੁਰੱਖਿਆ ਗਾਰਡਾਂ ਦੇ ਪ੍ਰਬੰਧ ਕੀਤੇ ਹਨ, ਜਿਨ੍ਹਾਂ ’ਤੇ ਸਾਲਾਨਾ 40,000 ਪੌਂਡ ਦਾ ਖਰਚ ਆਉਣ ਦਾ ਅਨੁਮਾਨ ਹੈ। ਇਹ ਸਾਰਾ ਖਰਚ ਸੰਗਤ ਦੇ ਦਾਨ ਨਾਲ ਪੂਰਾ ਕੀਤਾ ਜਾ ਰਿਹਾ ਹੈ। ਪਰ ਮਨਦੀਪ ਸਿੰਘ ਅਤੇ ਗੁਰਦੁਆਰੇ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਆਨੰਦ ਦੀ ਮੰਗ ਹੈ ਕਿ ਸਰਕਾਰ ਗੁਰਦੁਆਰਿਆਂ ਨੂੰ ਵੀ ਮਸਜਿਦਾਂ ਅਤੇ ਯਹੂਦੀਆਂ ਦੇ ਧਾਰਮਿਕ ਅਸਥਾਨ ਸਿਨਾਗੌਗਾਂ ਵਾਂਗ ਸੁਰੱਖਿਆ ਗ੍ਰਾਂਟਾਂ ਦੇਵੇ, ਜੋ ਪਹਿਲਾਂ ਹੀ ਗ੍ਰਹਿ ਦਫ਼ਤਰ ਤੋਂ ਅਜਿਹੀ ਸਹਾਇਤਾ ਪ੍ਰਾਪਤ ਕਰ ਰਹੀਆਂ ਹਨ।ਉਹ ਸਵਾਲ ਕਰਦੇ ਹਨ, ‘ਜਦੋਂ ਮਸਜਿਦਾਂ ਅਤੇ ਸਿਨਾਗੌਗਾਂ ਦੇ ਸੁਰੱਖਿਆ ਖਰਚੇ ਸਰਕਾਰ ਕਵਰ ਕਰਦੀ ਹੈ, ਤਾਂ ਗੁਰਦੁਆਰਿਆਂ ਨਾਲ ਇਹ ਅਸਮਾਨਤਾ ਕਿਉਂ ?’

ਗ੍ਰਹਿ ਦਫ਼ਤਰ ਦੇ ਬੁਲਾਰੇ ਨੇ ਜਵਾਬ ਵਿੱਚ ਕਿਹਾ ਕਿ ਸਰਕਾਰ ਪੂਜਾ ਸਥਾਨਾਂ ਦੀ ਸੁਰੱਖਿਆ ਲਈ ਪੁਲਿਸ ਨੂੰ ਵਧੇਰੇ ਸ਼ਕਤੀਆਂ ਦੇ ਰਹੀ ਹੈ ਅਤੇ ਗੁਰਦੁਆਰੇ ‘ਪਲੇਸ ਆਫ਼ ਵਰਸ਼ਿਪ ਪ੍ਰੋਟੈਕਟਿਵ ਸਿਕਿਓਰਿਟੀ ਸਕੀਮ’ ਅਧੀਨ ਅਰਜ਼ੀ ਦੇ ਸਕਦੇ ਹਨ। ਪਰ ਇਹ ਸਕੀਮ ਸੁਰੱਖਿਆ ਕਰਮਚਾਰੀਆਂ ਦੇ ਖਰਚਿਆਂ ਨੂੰ ਕਵਰ ਨਹੀਂ ਕਰਦੀ, ਜੋ ਗੁਰਦੁਆਰਿਆਂ ਲਈ ਵੱਡੀ ਸਮੱਸਿਆ ਹੈ। ਸ਼ਾਇਦ ਇਸ ਸਕੀਮ ਵਿੱਚ ਸਹੂਲਤ ਘਟਾ ਦਿਤੀ ਹੈ। ਮੈਟਰੋਪੋਲੀਟਨ ਪੁਲਿਸ ਦੇ ਅੰਕੜਿਆਂ ਅਨੁਸਾਰ, ਅਗਸਤ 2025 ਤੱਕ ਲੰਡਨ ਵਿੱਚ ਸਾਲ ਭਰ ਵਿੱਚ 21,054 ਤੋਂ ਵੱਧ ਨ਼ਫਰਤੀ ਅਪਰਾਧ ਦਰਜ ਕੀਤੇ ਗਏ ਸਨ। (ਬਾਕੀ ਸ.ਫਾ 27 ’ਤੇ)

# ਟਰੰਪ ਦਾ ਸ.ਖ਼ਤ ਮੀਮੋ: ਅਮਰੀਕੀ ਯੂਨੀਵਰਸਿਟੀਆਂ ’ਤੇ ਨਵੇਂ ਨਿਯਮਾਂ ਦੀ ਤਲਵਾਰ ਲਟਕੀ

## ਵਿਦੇਸ਼ੀ ਵਿਦਿਆਰਥੀਆਂ ’ਤੇ ਪਾਬੰਦੀ: ਭਾਰਤੀ ਵਿਦਿਆਰਥੀਆਂ ਲਈ ਦਾਖਲੇ ’ਚ ਵੱਡੀ ਰੁਕਾਵਟ

## ਟਰੰਪ ਟੈਰਿ.ਫ ਕਾਰਨ ਭਾਰਤੀ ਬਰਾਮਦਕਾਰਾਂ ’ਤੇ ਖ਼ਤਰਾ ਮੰਡਰਾਇਆ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਯੂਨੀਵਰਸਿਟੀਆਂ ਦੀਆਂ ਨੀਤੀਆਂ ਵਿੱਚ ਵੱਡੇ ਬਦਲਾਅ ਦੀ ਮੰਗ ਕਰਦਿਆਂ ਇੱਕ 10-ਨੁਕਾਤੀ ਮੀਮੋ ਜਾਰੀ ਕੀਤਾ ਹੈ। ਇਸ ਮੀਮੋ ਵਿੱਚ ਸਪੱਸ਼ਟ ਸ਼ਰਤਾਂ ਰੱਖੀਆਂ ਗਈਆਂ ਹਨ ਕਿ ਜੇਕਰ ਯੂਨੀਵਰਸਿਟੀਆਂ ਸਰਕਾਰੀ ਫ਼ੰਡਿੰਗ ਅਤੇ ਗ੍ਰਾਂਟਾਂ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਸਰਕਾਰੀ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਇਸ ਮੀਮੋ ਦਾ ਨਿਸ਼ਾਨਾ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ, ਟਿਊਸ਼ਨ ਫ਼ੀਸਾਂ, ਦਾਖਲਾ ਪ੍ਰਕਿਰਿਆਵਾਂ ਅਤੇ ਵਿਚਾਰਧਾਰਕ ਪਹੁੰਚ ਹਨ। ਮੀਮੋ ਵਿੱਚ ਨੌਂ ਚੋਟੀ ਦੀਆਂ ਯੂਨੀਵਰਸਿਟੀਆਂ ਨੂੰ ਸਿੱਧੇ ਤੌਰ ’ਤੇ ਨਿਸ਼ਾਨਾ ਬਣਾਇਆ ਗਿਆ ਹੈ, ਜਿਨ੍ਹਾਂ ਵਿੱਚ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ, ਡਾਰਟਮਾਊਥ, ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ, ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫ਼ੋਰਨੀਆ, ਯੂਨੀਵਰਸਿਟੀ ਆਫ਼ ਟੈਕਸਾਸ, ਬ੍ਰਾਊਨ ਯੂਨੀਵਰਸਿਟੀ, ਵੈਂਡਰਬਿਲਟ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਐਰੀਜ਼ੋਨਾ ਅਤੇ ਯੂਨੀਵਰਸਿਟੀ ਆਫ਼ ਵਰਜੀਨੀਆ ਸ਼ਾਮਲ ਹਨ। ਸਰਕਾਰ ਨੇ ਸਖ਼ਤੀ ਨਾਲ ਕਿਹਾ ਹੈ ਕਿ ਜੇਕਰ ਇਹ ਸੰਸਥਾਵਾਂ ਨਿਯਮਾਂ ਦੀ ਪਾਲਣਾ ਨਹੀਂ



ਕਰਦੀਆਂ ਤਾਂ ਉਨ੍ਹਾਂ ਨੂੰ ਸਰਕਾਰੀ ਫ਼ੰਡਿੰਗ ਤੋਂ ਵਾਂਝਿਆ ਰਖਿਆ ਜਾਵੇਗਾ। ਇਸ ਦੀ ਨਿਗਰਾਨੀ ਅਮਰੀਕੀ ਨਿਆਂ ਵਿਭਾਗ ਦੁਆਰਾ ਕੀਤੀ ਜਾਵੇਗੀ। ਇਸ ਮੀਮੋ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ, ਟਿਊਸ਼ਨ ਫ਼ੀਸਾਂ ਨੂੰ ਪੰਜ ਸਾਲ ਲਈ ਫ਼੍ਰੀਜ਼ ਕਰਨ, ਨਸਲ ਅਤੇ ਲਿੰਗ ਆਧਾਰਿਤ ਦਾਖਲਿਆਂ ’ਤੇ ਪਾਬੰਦੀ, ਐਸਏਟੀ ਵਰਗੇ ਮਿਆਰੀ ਟੈਸਟਾਂ ਨੂੰ ਲਾਜ਼ਮੀ ਕਰਨ ਅਤੇ ਵਿਚਾਰਧਾਰਕ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਵਰਗੀਆਂ ਸ਼ਰਤਾਂ ਸ਼ਾਮਲ ਹਨ। ਇਸ ਦੇ ਨਾਲ ਹੀ, ਅਮਰੀਕੀ ਅਤੇ ਪੱਛਮੀ ਕਦਰਾਂ-ਕੀਮਤਾਂ ਦਾ ਸਮਰਥਨ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਵਿੱਚ ਤਰਜੀਹ ਦੇਣ ਅਤੇ ਵਿਦੇਸ਼ੀ ਵਿਦਿਆਰਥੀਆਂ ਦੀ ਜਾਣਕਾਰੀ ਸੰਘੀ ਏਜੰਸੀਆਂ ਨਾਲ ਸਾਂਝੀ ਕਰਨ ਦੀ ਸ਼ਰਤ ਵੀ ਰੱਖੀ ਗਈ ਹੈ। ਮੀਮੋ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਅੰਡਰਗ੍ਰੈਜੁਏਟ ਕੋਰਸਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 15% ਤੋਂ ਵੱਧ ਨਹੀਂ ਹੋਣੀ ਚਾਹੀਦੀ। ਨਾਲ ਹੀ, ਕਿਸੇ ਇੱਕ ਦੇਸ਼ ਦੇ ਵਿਦਿਆਰਥੀਆਂ ਦੀ ਗਿਣਤੀ 5% ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਦਾ ਸਿੱਧਾ ਅਸਰ ਭਾਰਤੀ ਵਿਦਿਆਰਥੀਆਂ ’ਤੇ ਪਵੇਗਾ, ਜੋ ਅਮਰੀਕੀ ਯੂਨੀਵਰਸਿਟੀਆਂ ਵਿੱਚ ਵੱਡੀ ਗਿਣਤੀ ਵਿੱਚ ਪੜ੍ਹਦੇ ਹਨ।

# ਕੇਂਦਰ ਸਰਕਾਰ ਦੇ ਅੜੀਅਲ ਰੁਖ ਕਾਰਨ ਲਦਾਖੀ ਲੀਡਰਸ਼ਿਪ ਨਹੀਂ ਕਰੇਗੀ ਗੱਲਬਾਤ

## ਸੋਨਮ ਵਾਂਗਚੁਕ ਦੀ ਗ੍ਰਿ.ਫਤਾਰੀ ਸ਼ਾਂਤੀਪੂਰਨ ਅਵਾਜ਼ ’ਤੇ ਸਟੇਟ ਦੇ ਡੰਡੇ ਦੀ ਮਾਰ



ਕੇਂਦਰ ਸਰਕਾਰ ਦੇ ਅੜੀਅਲ ਰੁਖ ਕਾਰਨ ਗੰਭੀਰ ਸੰਕਟ ਵਿੱਚ ਫ਼ਸਿਆ ਲੱਦਾਖ, ਭਾਰਤ ਦਾ ਉਹ ਸਰਹੱਦੀ ਖੇਤਰ ਜੋ ਹਿਮਾਲਿਆ ਦੀਆਂ ਚੋਟੀਆਂ ਵਿੱਚ ਵਸਿਆ ਹੈ ,ਜਿਸਦੀ ਚੀਨ ਤੇ ਪਾਕਿਸਤਾਨ ਨਾਲ ਸਰਹੱਦ ਲਗਦੀ ਹੈ। ਅਗਸਤ 2019 ਵਿੱਚ ਭਾਰਤ ਸਰਕਾਰ ਵੱਲੋਂ ਧਾਰਾ 370 ਨੂੰ ਖਤਮ ਕਰਕੇ ਲੱਦਾਖ ਨੂੰ ਇੱਕ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਇਆ ਗਿਆ ਸੀ। ਉਸ ਵੇਲੇ ਲੱਦਾਖੀ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਸੀ, ਕਿਉਂਕਿ ਉਹਨਾਂ ਨੂੰ ਲੱਗਾ ਸੀ ਕਿ ਉਹਨਾਂ ਨੂੰ ਕਸ਼ਮੀਰੀ ਪ੍ਰਭਾਵ ਤੋਂ ਆਜ਼ਾਦੀ ਤੇ ਖੁਦਮੁਖਤਿਆਰੀ ਮਿਲੇਗੀ ਅਤੇ ਵਿਕਾਸ ਦਾ ਨਵਾਂ ਯੁੱਗ ਆਵੇਗਾ। ਪਰ ਕੇਂਦਰ ਸਰਕਾਰ ਵੱਲੋਂ ਲਦਾਖੀਆਂ ਦੀਆਂ ਮੰਗਾਂ ਨਾ ਮੰਨੇ ਜਾਣ ਕਾਰਨ ਛੇ ਸਾਲਾਂ ਬਾਅਦ, ਇਹ ਖੁਸ਼ੀ ਨਿਰਾਸ਼ਾ ਵਿੱਚ ਬਦਲ ਗਈ ਹੈ। ਲਦਾਖੀਆਂ ਨੂੰ ਲੱਗਦਾ ਹੈ ਕਿ ਕੇਂਦਰ ਸਰਕਾਰ ਨੇ ਉਹਨਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਨੌਕਰੀਆਂ, ਜ਼ਮੀਨੀ ਹੱਕਾਂ ਅਤੇ ਵਾਤਾਵਰਨਕ ਸੁਰੱਖਿਆ ਨੂੰ ਲੈ ਕੇ ਰੋਸ ਵਧ ਰਿਹਾ ਹੈ। ਇਸ ਨਾਲ ਹੀ, 24 ਸਤੰਬਰ 2025 ਨੂੰ ਲੇਹ ਵਿੱਚ ਹੋਈ ਹਿੰਸਕ ਘਟਨਾਵਾਂ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਸੀ, ਜਿਸ ਵਿੱਚ ਚਾਰ ਲੋਕ ਮਾਰੇ ਗਏ ਅਤੇ ਅੱਠ ਤੋਂ ਵੱਧ ਘਾਇਲ ਹੋਏ ਸਨ।

ਇਸ ਮੁਹਿੰਮ ਦੇ ਪ੍ਰਮੁੱਖ ਨੇਤਾ ਵਿਗਿਆਨੀ ਸੋਨਮ ਵਾਂਗਚੁਗ ਨੂੰ ਹਿੰਸਾ ਭੜਕਾਉਣ ਦੇ ਦੋਸ਼ ਵਿੱਚ 26 ਸਤੰਬਰ ਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐੱਸਏ) ਅਧੀਨ ਗ੍ਰਿਫ਼ਤਾਰ ਕਰ ਗਿਆ ਗਿਆ ਸੀ ਜੋ ਸ਼ਾਂਤਮਈ ਸੰਘਰਸ਼ ਚਲਾ ਰਹੇ ਸਨ। ਕੇਂਦਰ ਸਰਕਾਰ ਨੇ ਉਹਨਾਂ ਨੂੰ ‘ਭੜਕਾਊ ਭਾਸ਼ਣਾਂ’ ਅਤੇ ‘ਵਿਦੇਸ਼ੀ ਸੰਪਰਕਾਂ’ ਨਾਲ ਜੋੜਿਆ ਸੀ। ਉਹਨਾਂ ਦੀ ਪਤਨੀ ਗੀਤਾਂਜਲੀ ਐਨਜ਼ਮੋ ਨੇ ਸੁਪਰੀਮ ਕੋਰਟ ਵਿੱਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਹੈ। ਕੇਂਦਰ ਸਰਕਾਰ ਦੇ ਅੜੀਅਲ ਰਵਈਏ ਕਾਰਨ ਲੱਦਾਖੀ ਲੀਡਰਾਂ ਨੇ ਹੁਣ ਕੇਂਦਰ ਨਾਲ ਗੱਲਬਾਤ ਤੋਂ ਇਨਕਾਰ ਕਰ ਦਿੱਤਾ ।ਇਥੇ ਜਿਕਰਯੋਗ ਹੈ ਕਿ ਲੱਦਾਖ ਦੀ ਰਾਜਨੀਤਕ ਲੜਾਈ ਦਹਾਕਿਆਂ ਪੁਰਾਣੀ ਹੈ। 1947 ਵਿੱਚ ਭਾਰਤ ਵੰਡ ਵੇਲੇ ਲੱਦਾਖ ਨੂੰ ਜੰਮੂ-ਕਸ਼ਮੀਰ ਰਾਜ ਵਿੱਚ ਸ਼ਾਮਲ ਕੀਤਾ ਗਿਆ ਸੀ, (ਬਾਕੀ ਸ.ਫਾ 27 ’ਤੇ)

# ਭਾਰਤ ਦਾ ਫ਼ਿਰਕੂ ਮੀਡੀਆ ਘੱਟਗਿਣਤੀਆਂ ਵਿਰੁੱਧ .ਫੈਲਾ ਰਿਹਾ ਨ.ਫਰਤ

## ਐਨ. ਬੀ. ਡੀ. ਐਸ. ਏ. ਨੇ ‘ਜ਼ੀ ਨਿਊਜ਼’ ਤੇ ‘ਟਾਈਮਜ਼ ਨਾਓ, ਨਵ ਭਾਰਤ’ ਨੂੰ ਨ.ਫਰਤ .ਫੈਲਾਉਣ ਕਾਰਨ ਝਾੜਾਂ ਪਾਈਆਂ


ਨਿਊਜ਼ ਚੈਨਲਾਂ ਨੂੰ ਮਰਿਆਦਾ ਦੀ ਉਲੰਘਣਾ ਤੋਂ ਰੋਕਣ ਲਈ ਬਣੀ ਨਿਊਜ਼ ਬ੍ਰਾਡਕਾਸਟਿੰਗ ਐਂਡ ਡਿਜੀਟਲ ਸਟੈਂਡਰਡਜ਼ ਅਥਾਰਟੀ (ਐੱਨ. ਬੀ. ਡੀ. ਐੱਸ. ਏ.) ਨੇ ‘ਜ਼ੀ ਨਿਊਜ਼’ ਤੇ ‘ਟਾਈਮਜ਼ ਨਾਓ ਨਵਭਾਰਤ’ ਨੂੰ ‘ਮਹਿੰਦੀ ਜਿਹਾਦ’ ਤੇ ‘ਲਵ ਜਿਹਾਦ’ ਵਰਗੇ ਮੁੱਦਿਆਂ ’ਤੇ ਗੁੰਮਰਾਹਕੁੰਨ ਤੇ ਫ਼ਿਰਕੂ ਜਨੂੰਨ ਫ਼ੈਲਾਉਣ ਵਾਲੇ ਵੀਡੀਓ ਚਲਾਉਣ ਲਈ ਸਖ਼ਤ ਫ਼ਟਕਾਰ ਲਾਈ ਹੈ। ਅਥਾਰਟੀ ਦੇ ਚੇਅਰਮੈਨ ਜਸਟਿਸ (ਰਿਟਾਇਰਡ) ਐੱਸ ਕੇ ਸੀਕਰੀ ਦੀ ਕਮੇਟੀ ਨੇ ਦੋਵਾਂ ਚੈਨਲਾਂ ਨੂੰ ਇਖਲਾਕੀ ਜ਼ਾਬਤੇ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਹੈ।ਸਮਾਜੀ ਕਾਰਕੁਨ ਇੰਦਰਜੀਤ ਘੋਰਪੜੇ ਨੇ ਅਕਤੂਬਰ 2024 ਵਿੱਚ ਸ਼ਿਕਾਇਤ ਦਰਜ ਕਰਾਈ ਸੀ ਕਿ ਇਨ੍ਹਾਂ ਚੈਨਲਾਂ ਨੇ ਬਿਨਾਂ ਤੱਥਾਂ ਦੀ ਜਾਂਚ ਦੇ ਫ਼ਿਰਕੂ ਪ੍ਰਚਾਰ ਕੀਤਾ। ਅਥਾਰਟੀ ਨੇ ਗੈਰ-ਕਾਨੂੰਨੀ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਅਦਾਲਤ ਦੇ ਫ਼ੈਸਲੇ ਦੀ ਰਿਪੋਰਟਿੰਗ ਕਰਦੇ ਸਮੇਂ ‘ਲਵ ਜਿਹਾਦ’ ਉੱਤੇ ਕੁਝ ਅਜਿਹੇ ਜ਼ਹਿਰੀਲੇ ਫ਼ਿਰਕੂ ਸ਼ਬਦਾਂ ਦਾ ਇਸਤੇਮਾਲ ਕਰਨ ਲਈ ‘ਟਾਈਮਜ਼ ਨਾਓ’ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਨੇ ਖ਼ਬਰ ਵਿੱਚ ਕੁਝ ਅਜਿਹੇ ਤੱਤ ਸ਼ਾਮਲ ਕੀਤੇ, ਜਿਹੜੇ ਫ਼ੈਸਲੇ ਦਾ ਹਿੱਸਾ ਨਹੀਂ ਸਨ । ਸ਼ਿਕਾਇਤਕਰਤਾ ਨੇ ‘ਜ਼ੀ ਨਿਊਜ਼’ ਦੇ ਚਾਰ ਪ੍ਰੋਗਰਾਮਾਂ ਬਾਰੇ ਸ਼ਿਕਾਇਤ ਕੀਤੀ ਸੀ, ਜਿਹੜੇ ‘ਮਹਿੰਦੀ ਜਿਹਾਦ’ ਦੇ ਵਿਚਾਰ ਦਾ ਪ੍ਰਚਾਰ ਕਰਦੇ ਸਨ। ਇਨ੍ਹਾਂ ਪ੍ਰਸਾਰਨਾਂ ਵਿੱਚ ਦੋਸ਼ ਲਾਇਆ ਗਿਆ ਕਿ ਮੁਸਲਮਾਨ ਮਹਿੰਦੀ ਕਲਾਕਾਰ ਹਿੰਦੂ ਮਹਿਲਾਵਾਂ ਦੇ ਮਹਿੰਦੀ ਲਾਉਣ ਤੋਂ ਪਹਿਲਾਂ ਉਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਮੁਸਲਮ ਮਰਦ ਮਹਿੰਦੀ ਕਲਾਕਾਰ ਵਜੋਂ ਕੰਮ ਕਰਕੇ ਹਿੰਦੂ ਮਹਿਲਾਵਾਂ ਦੇ ਫ਼ੋਨ ਨੰਬਰ ਹਾਸਲ ਕਰਦੇ ਹਨ, ਜਿਨ੍ਹਾਂ ਦਾ ਗੁਪਤ ਉਦੇਸ਼ ਉਨ੍ਹਾਂ ਨਾਲ ਵਿਆਹ ਕਰਾਉਣ ਲਈ ਉਨ੍ਹਾਂ ਦਾ ਧਰਮ ਪਰਿਵਰਤਨ ਕਰਾਉਣਾ ਹੁੰਦਾ ਹੈ । ਇਨ੍ਹਾਂ ਪ੍ਰਸਾਰਨਾਂ ਵਿੱਚ ਕੁਝ ਗਰੁੱਪਾਂ ਵੱਲੋਂ ਲਾਏ ਗਏ ਹਿੰਸਕ ਨਾਅਰਿਆਂ ਤੇ ਮੁਸਲਮ ਮਹਿੰਦੀ ਕਲਾਕਾਰਾਂ ਦੇ ਬਾਈਕਾਟ ਦੇ ਸੱਦੇ ਨੂੰ ਵੀ ਉਤਸ਼ਾਹਿਤ ਕੀਤਾ ਗਿਆ ।ਇਨ੍ਹਾਂ ਪ੍ਰਸਾਰਨਾਂ ਵਿੱਚ ਇਹ ਲਾਈਨਾਂ ਚਲਾਈਆਂ ਗਈਆਂ : ‘ਮਹਿੰਦੀ ਜਿਹਾਦ ਪਰ ਦੇ ਦਨਾ-ਦਨ’, ‘ਆਵੇਦਨ ਨਿਵੇਦਨ ਨਹੀਂ ਮਾਨੇ ਤੋ ਦੇ ਦਨਾ-ਦਨ’, ‘ਮਹਿੰਦੀ ਜਿਹਾਦ ਕੇ ਖਿਲਾਫ਼ ਲੱਠ ਮਾਡਲ ਲਾਂਚ’ ਅਤੇ ‘ਪਕੜਨੇ ਪਰ ਸਬਕ ਸਿਖਾਇਆ ਜਾਏਗਾ’ । ‘ਜ਼ੀ ਨਿਊਜ਼’ ਨੇ ਅਥਾਰਟੀ ਅੱਗੇ ਦਲੀਲ ਦਿੱਤੀ ਕਿ ਉਸ ਨੇ ਤਾਂ ਸਿਰ.ਫ ਜਥੇਬੰਦੀਆਂ ਦੇ ਬਿਆਨਾਂ ਦੀ ਰਿਪੋਰਟਿੰਗ ਕੀਤੀ ।ਅਥਾਰਟੀ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਪੇਸ਼ਕਾਰੀ ਅਜਿਹੀ ਸੀ ਕਿ ਜਿਵੇਂ ਚੈਨਲ ਖੁਦ ਉਨ੍ਹਾਂ ਜਥੇਬੰਦੀਆਂ ਦੇ ਦਾਅਵਿਆਂ ਦੀ ਹਮਾਇਤ ਕਰ ਰਿਹਾ ਹੋਵੇ ।

(ਬਾਕੀ ਸ.ਫਾ 27 ’ਤੇ)

# ਸੰਘ ਦਾ ਮਕਸਦ ਅਤੇ ਸੰਗਠਨ: ਹਿੰਦੂ ਰਾਸ਼ਟਰਵਾਦ ਅਤੇ ਸ਼ਾਖਾਵਾਂ ਦੀ ਭੂਮਿਕਾ

## ਸਿੱਖਾਂ ਨਾਲ ਟਕਰਾਅ ਕਿਉਂ ਅਤੇ ਅਕਾਲ ਤਖ਼ਤ ਸਾਹਿਬ ਨੇ ਸੰਘ ਉੱਪਰ ਪਾਬੰਦੀ ਕਿਉਂ ਲਗਾਈ?

## ਸੰਘ ਦਾ ਭਾਜਪਾ ਉੱਪਰ ਸਿਆਸੀ ਪ੍ਰਭਾਵ ਅਤੇ ਸਮਰਥਨ








2025 ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਆਪਣੀ ਸਥਾਪਨਾ ਦੇ 100 ਸਾਲ ਪੂਰੇ ਕਰਨ ਜਾ ਰਿਹਾ ਹੈ। 1925 ਵਿੱਚ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਡਾ. ਕੇਸ਼ਵ ਬਲੀਰਾਮ ਹੇਡਗੇਵਾਰ ਨੇ ਇਸ ਦੀ ਨੀਂਹ ਰੱਖੀ ਸੀ। ਸੰਘ ਦਾ ਮੁੱਖ ਮਕਸਦ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨਾ ਅਤੇ ਭਾਰਤੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਕਰਨਾ ਦੱਸਿਆ ਜਾਂਦਾ ਹੈ। ਪਰ ਇਸ ਦੀ ਵਿਚਾਰਧਾਰਾ, ਗਤੀਵਿਧੀਆਂ ਅਤੇ ਸਿਆਸੀ ਪ੍ਰਭਾਵ ਨੇ ਹਮੇਸ਼ਾ ਹੀ ਸੁਰਖੀਆਂ ਬਟੋਰੀਆਂ। ਖਾਸ ਕਰਕੇ ਸਿੱਖਾਂ ਮੁਸਲਮਾਨਾਂ, ਇਸਾਈਆਂ ਅਤੇ ਰਾਸ਼ਟਰੀ ਝੰਡੇ ਨੂੰ ਲੈ ਕੇ ਸੰਘ ਦੇ ਰਵੱਈਏ ਨੇ ਕਈ ਵਿਵਾਦਾਂ ਨੂੰ ਜਨਮ ਦਿੱਤਾ।

### ਸੰਘ ਦਾ ਮਕਸਦ ਅਤੇ ਸੰਗਠਨ

ਆਰ.ਐੱਸ.ਐੱਸ. ਆਪਣੇ ਆਪ ਨੂੰ ਗੈਰ-ਸਿਆਸੀ ਸੱਭਿਆਚਾਰਕ ਸੰਗਠਨ ਕਹਿੰਦਾ ਹੈ, ਜਿਸ ਦਾ ਮੁੱਖ ਮਕਸਦ ਹਿੰਦੂ ਸਮਾਜ ਨੂੰ ਸੰਗਠਿਤ ਕਰਨਾ, ਰਾਸ਼ਟਰ ਸੇਵਾ ਅਤੇ ਭਾਰਤੀ ਪਰੰਪਰਾਵਾਂ ਦੀ ਸੰਭਾਲ ਕਰਨਾ ਹੈ। ਸੰਘ ਦੀ ਮੁੱਢਲੀ ਇਕਾਈ 'ਸ਼ਾਖਾ' ਹੈ, ਜਿੱਥੇ ਸਵੈਮ ਸੇਵਕਾਂ ਨੂੰ ਸਰੀਰਕ ਅਤੇ ਵਿਚਾਰਧਾਰਕ ਸਿਖਲਾਈ ਦਿੱਤੀ ਜਾਂਦੀ ਹੈ। ਦੇਸ਼ ਭਰ ਵਿੱਚ 73,000 ਤੋਂ ਵੱਧ ਸ਼ਾਖਾਵਾਂ ਹਨ, ਜਿੱਥੇ ਸਵੈਮਸੇਵਕ ਸਵੇਰੇ ਜਾਂ ਸ਼ਾਮ ਨੂੰ ਜੁੜਦੇ ਹਨ। ਇਨ੍ਹਾਂ ਸ਼ਾਖਾਵਾਂ ਵਿੱਚ ਹਿੰਦੂਤਵ, ਹਿੰਦੂ ਰਾਸ਼ਟਰਵਾਦ ਅਤੇ ਸਵੈ-ਰੱਖਿਆ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸੰਘ ਦਾ ਕੋਈ ਰਸਮੀ ਮੈਂਬਰਸ਼ਿਪ ਪ੍ਰੋਗਰਾਮ ਨਹੀਂ ਹੈ; ਜੋ ਵੀ ਸ਼ਾਖਾਵਾਂ ਵਿੱਚ ਜਾਂਦਾ ਹੈ, ਉਹ ਸਵੈਮਸੇਵਕ ਕਹਾਉਂਦਾ ਹੈ।

ਸੰਘ ਦੀ ਫੰਡਿੰਗ ਨੂੰ ਲੈ ਕੇ ਅਕਸਰ ਪਾਰਦਰਸ਼ਤਾ 'ਤੇ ਸਵਾਲ ਉੱਠਦੇ ਹਨ। ਸੰਘ ਦਾ ਦਾਅਵਾ ਹੈ ਕਿ ਉਹ ਸਵੈ-ਨਿਰਭਰ ਹੈ ਅਤੇ ਬਾਹਰੋਂ ਕੋਈ ਪੈਸਾ ਨਹੀਂ ਲੈਂਦਾ। ਸੰਘ ਦੀ ਮੁੱਖ ਆਮਦਨ 'ਗੁਰੂਦਕਸ਼ਿਣਾ' ਤੋਂ ਆਉਂਦੀ ਹੈ, ਜੋ ਸਵੈਮ ਸੇਵਕ ਸਾਲ ਵਿੱਚ ਇੱਕ ਵਾਰ ਭਗਵੇ ਝੰਡੇ ਨੂੰ ਗੁਰੂ ਮੰਨ ਕੇ ਦਿੰਦੇ ਹਨ। ਸੰਘ ਦੇ ਸਮਾਜ ਸੇਵੀ ਕੰਮਾਂ ਲਈ ਬਣਾਏ ਟਰੱਸਟ ਵੀ ਸਮਾਜ ਤੋਂ ਚੰਦਾ ਇਕੱਠਾ ਕਰਦੇ ਹਨ। ਸੰਘ ਦੇ ਮੁਖੀ ਮੋਹਨ ਭਾਗਵਤ ਦਾ ਕਹਿਣਾ ਹੈ ਕਿ ਸੰਘ ਰਜਿਸਟਰਡ ਨਹੀਂ ਹੈ ਕਿਉਂਕਿ ਆਜ਼ਾਦੀ ਸਮੇਂ ਅਜਿਹਾ ਕੋਈ ਕਾਨੂੰਨ ਨਹੀਂ ਸੀ। ਉਹ ਦਾਅਵਾ ਕਰਦੇ ਹਨ ਕਿ ਸੰਘ ਹਰ ਪੈਸੇ ਦਾ ਹਿਸਾਬ ਰੱਖਦਾ ਹੈ ਅਤੇ ਲੋੜ ਪੈਣ 'ਤੇ ਸਰਕਾਰ ਨੂੰ ਪੇਸ਼ ਕਰ ਸਕਦਾ ਹੈ।

### ਸਿੱਖਾਂ ਨਾਲ ਸੰਘ ਦਾ ਟਕਰਾਅ,ਅਕਾਲ ਤਖ਼ਤ ਸਾਹਿਬ ਦੀ ਪਾਬੰਦੀ

ਸਿੱਖਾਂ ਅਤੇ ਸੰਘ ਵਿਚਕਾਰ ਤਣਾਅ ਦੀਆਂ ਜੜ੍ਹਾਂ ਇਤਿਹਾਸਕ ਅਤੇ ਵਿਚਾਰਧਾਰਕ ਮਤਭੇਦਾਂ ਵਿੱਚ ਹਨ। ਸੰਘ ਦੀ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਸਿੱਖਾਂ ਦੀ ਵੱਖਰੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਨਾਲ ਟਕਰਾਉਂਦੀ ਹੈ। ਸਿੱਖ ਆਪਣੇ ਧਰਮ ਨੂੰ ਵੱਖਰੀ ਪਛਾਣ ਵਜੋਂ ਦੇਖਦੇ ਹਨ, ਜਦਕਿ ਸੰਘ ਦਾ ਮੁਖੀ ਮੋਹਨ ਭਾਗਵਤ ਅਕਸਰ ਕਹਿੰਦਾ ਹੈ ਕਿ ਭਾਰਤ ਦਾ ਹਰ ਨਾਗਰਿਕ 'ਹਿੰਦੂ' ਹੈ, ਭਾਵੇਂ ਉਸ ਦਾ ਧਰਮ ਕੋਈ ਵੀ ਹੋਵੇ। ਇਹ ਨਜ਼ਰੀਆ ਸਿੱਖਾਂ ਨੂੰ ਉਨ੍ਹਾਂ ਦੀ ਵੱਖਰੀ ਪਛਾਣ 'ਤੇ ਹਮਲਾ ਜਾਪਦਾ ਹੈ।

1980ਵਿਆਂ ਵਿੱਚ ਸੰਘ ਨੇ 'ਰਾਸ਼ਟਰੀ ਸਿੱਖ ਸੰਗਤ' ਨਾਮ ਦੀ ਸੰਸਥਾ ਬਣਾਈ, ਜਿਸ ਦਾ ਮਕਸਦ ਸਿੱਖਾਂ ਨੂੰ ਸੰਘ ਦੀ ਵਿਚਾਰਧਾਰਾ ਨਾਲ ਜੋੜਨਾ ਸੀ। ਇਸ ਨੂੰ ਸਿੱਖਾਂ ਨੇ ਆਪਣੇ ਧਰਮ ਨੂੰ ਹਿੰਦੂਵਾਦ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ। 2004 ਵਿੱਚ ਅਕਾਲ ਤਖ਼ਤ ਸਾਹਿਬ ਨੇ ਰਾਸ਼ਟਰੀ ਸਿੱਖ ਸੰਗਤ 'ਤੇ ਪਾਬੰਦੀ ਲਗਾਈ, ਕਹਿੰਦਿਆਂ ਕਿ ਇਹ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸੰਘ ਨੂੰ ਸਿੱਖੀ ਦੀ ਵੱਖਰੀ ਪਛਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਦਾ ਦੋਸ਼ੀ ਠਹਿਰਾਇਆ ਸੀ। ਉਸ ਸਮੇਂ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਦਾ ਮੰਨਣਾ ਸੀ ਕਿ ਸੰਘ ਦੀ 'ਹਿੰਦੂ ਰਾਸ਼ਟਰ' ਵਾਲੀ ਸੰਕਲਪਨਾ ਸਿੱਖਾਂ ਦੀ ਵੱਖਰੀ ਧਾਰਮਿਕ ਪਛਾਣ ਨਾਲ ਮੇਲ ਨਹੀਂ ਖਾਂਦੀ। ਸਿੱਖ ਇਤਿਹਾਸ ਵਿੱਚ ਮੁਗਲਾਂ ਅਤੇ ਹੋਰਨਾਂ ਨਾਲ ਸੰਘਰਸ਼ ਨੇ ਸਿੱਖੀ ਨੂੰ ਇੱਕ ਵੱਖਰੀ ਸਭਿਅਤਾ ਵਜੋਂ ਸਥਾਪਿਤ ਕੀਤਾ, ਜੋ ਸੰਘ ਦੇ 'ਸਾਰੇ ਹਿੰਦੂ' ਵਾਲੇ ਨਜ਼ਰੀਏ ਨਾਲ ਟਕਰਾਉਂਦੀ ਹੈ। ਰਾਸ਼ਟਰੀ ਸਿੱਖ ਸੰਗਤ ਦੀਆਂ ਗਤੀਵਿਧੀਆਂ ਬਰਦਾਸ਼ਤ ਯੋਗ ਨਹੀਂ ਜਿਵੇਂ ਸਿੱਖ ਗੁਰੂਆਂ ਨੂੰ ਹਿੰਦੂ ਧਰਮ ਦੇ ਅਵਤਾਰ ਦੱਸਣਾ, ਸਿੱਖਾਂ ਲਈ ਅਪਮਾਨਜਨਕ ਹੈ।ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 1980ਵਿਆਂ ਦੇ ਪੰਜਾਬ ਸੰਕਟ ਦੌਰਾਨ ਸੰਘ ਦੀ ਭੂਮਿਕਾ ਨੂੰ ਸਿੱਖ ਭਾਈਚਾਰੇ ਨੇ ਸਰਕਾਰ ਦੇ ਸਮਰਥਕ ਵਜੋਂ ਦੇਖਿਆ, ਜਿਸ ਨੇ ਟਕਰਾਅ ਨੂੰ ਹੋਰ ਵਧਾਇਆ। ਸੰਘ ਦੀ ਭਾਜਪਾ ਨਾਲ ਨੇੜਤਾ ਅਤੇ ਭਾਜਪਾ ਦੀਆਂ ਕਿਸਾਨ ਤੇ ਪੰਜਾਬ ਵਿਰੋਧੀ ਨੀਤੀਆਂ, ਜਿਵੇਂ ਬੰਦੀ ਸਿੱਖਾਂ ਦੀ ਰਿਹਾਈ ਨਾ ਹੋਣਾ,ਪੰਜਾਬ ਵਿੱਚ ਡੈਮੋਗਰਾਫੀ ਤਬਦੀਲੀ, ਖੇਤੀ ਕਾਨੂੰਨਾਂ ਦਾ ਵਿਰੋਧ, ਨੇ ਸਿੱਖਾਂ ਵਿੱਚ ਸੰਘ ਪ੍ਰਤੀ ਰੋਸ ਵਧਾਇਆ।

### ਕਿਹੋ ਜਿਹੇ ਹਨ ਸੰਘ ਅਤੇ ਭਾਜਪਾ ਦੇ ਸਬੰਧ

ਸੰਘ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ 'ਰੀੜ੍ਹ ਦੀ ਹੱਡੀ' ਮੰਨਿਆ ਜਾਂਦਾ ਹੈ। ਸੰਘ ਦੀ ਜ਼ਮੀਨੀ ਪੱਧਰ 'ਤੇ ਮੌਜੂਦਗੀ ਅਤੇ ਸਵੈਮਸੇਵਕਾਂ ਦੀ ਸੰਗਠਨ ਸਮਰੱਥਾ ਨੇ ਭਾਜਪਾ ਨੂੰ ਚੋਣਾਂ ਵਿੱਚ ਵੱਡੀ ਸਫਲਤਾ ਦਿਵਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਵਰਗੇ ਨੇਤਾ ਸੰਘ ਦੇ ਸਵੈਮਸੇਵਕ ਰਹੇ ਹਨ। 2015 ਵਿੱਚ ਦਿੱਲੀ ਵਿੱਚ ਸੰਘ ਦੀ ਇੱਕ ਬੈਠਕ ਵਿੱਚ ਮੋਦੀ ਸਰਕਾਰ ਦੇ ਮੰਤਰੀਆਂ ਨੇ ਹਿੱਸਾ ਲਿਆ ਅਤੇ ਆਪਣੇ ਮੰਤਰਾਲਿਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਦੀ ਆਲੋਚਨਾ ਹੋਈ ਕਿ ਇੱਕ ਗੈਰ-ਸਰਕਾਰੀ ਸੰਗਠਨ ਸਰਕਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸੰਘ ਦਾ ਕਹਿਣਾ ਹੈ ਕਿ ਉਹ ਸਿਰਫ ਸਮਰਥਨ ਕਰਦਾ ਹੈ, ਨਾ ਕਿ ਸਿੱਧੇ ਸਿਆਸਤ ਵਿੱਚ ਦਖਲ ਦਿੰਦਾ ਹੈ।

### ਸੰਘ ਦਾ ਮੁਸਲਮਾਨਾਂ ਅਤੇ ਇਸਾਈਆਂ ਪ੍ਰਤੀ ਵਿਰੋਧ ਕਿਉਂ

ਸੰਘ ਦੇ ਦੂਜੇ ਮੁਖੀ ਮਾਧਵ ਸਦਾਸ਼ਿਵਰਾਓ ਗੋਲਵਲਕਰ ਨੇ ਆਪਣੀ ਕਿਤਾਬ 'ਬੰਚ ਆਫ਼ ਥੌਟਸ' ਵਿੱਚ ਮੁਸਲਮਾਨਾਂ ਅਤੇ ਇਸਾਈਆਂ ਨੂੰ 'ਰਾਸ਼ਟਰ ਦਾ ਅੰਦਰੂਨੀ ਦੁਸ਼ਮਣ' ਕਿਹਾ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਮੁਸਲਮਾਨ ਅਤੇ ਇਸਾਈ ਧਰਮ ਪਰਿਵਰਤਨ ਕਰਕੇ ਹਿੰਦੂ ਸਮਾਜ ਨੂੰ ਕਮਜ਼ੋਰ ਕਰ ਰਹੇ ਹਨ।

(ਬਾਕੀ ਸਫ਼ਾ 27 'ਤੇ)

# ਦਿੱਲੀ ਵਿੱਚ ਔਰਤਾਂ ਅਸੁਰੱਖਿਅਤ ਕਿਉਂ? ਪੁਲਿਸ ਦੀ ਢਿੱਲ ਕਿਉਂ?

## ਔਰਤਾਂ ਵਿਰੁੱਧ ਅਪਰਾਧਾਂ ਦੇ ਲਈ ਯੂ.ਪੀ. ਤੋਂ ਰਾਜਸਥਾਨ ਤੱਕ ਸੂਬੇ ਖ਼ਤਰਨਾਕ

## ਪੰਜਾਬ ਵਿੱਚ ਔਰਤਾਂ ਦੀ ਸੁਰੱਖਿਆ, ਸੁਧਾਰ ਦੀ ਲੋੜ





ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦਾ ਕੇਸ ਲਗਾਤਾਰ ਵਧ ਰਿਹਾ ਹੈ, ਜੋ ਇਸ ਨੂੰ ਦੇਸ਼ ਦੇ ਸਭ ਤੋਂ ਅਸੁਰੱਖਿਅਤ ਸ਼ਹਿਰ ਬਣਾ ਰਿਹਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ (ਐੱਨ.ਸੀ.ਆਰ.ਬੀ.) ਦੀ 2023 ਦੀ ਰਿਪੋਰਟ ਅਨੁਸਾਰ, ਦਿੱਲੀ ਵਿੱਚ ਔਰਤਾਂ ਵਿਰੁੱਧ 13,366 ਕੇਸ ਰਜਿਸਟਰ ਹੋਏ, ਜੋ 19 ਵੱਡੇ ਮਹਾਂਨਗਰਾਂ ਵਿੱਚੋਂ ਸਭ ਤੋਂ ਵੱਧ ਹਨ। ਇਹ ਅੰਕੜੇ 2022 ਦੇ 14,158 ਕੇਸਾਂ ਨਾਲੋਂ 5.7 ਫ਼ੀਸਦੀ ਘੱਟ ਹਨ, ਪਰ ਫ਼ਿਰ ਵੀ ਦਿੱਲੀ ਨੇ ਤੀਜੇ ਸਾਲ ਔਰਤਾਂ ਲਈ ਸਭ ਤੋਂ ਖਤਰਨਾਕ 'ਮੈਗਾ ਸਿਟੀ' ਦਾ ਟੈਗ ਰੱਖਿਆ ਹੈ। ਇਸ ਵਿੱਚ ਬਲਾਤਕਾਰ, ਛੇੜ-ਛਾੜ, ਜ਼ੁਲਮ, ਦਾਜ ਕਾਰਨ ਤੰਗ ਕਰਨਾ ਅਤੇ ਦਾਜ ਹੱਤਿਆ ਵਰਗੇ ਮਾਮਲੇ ਸ਼ਾਮਲ ਹਨ।

ਦਿੱਲੀ ਦੀ ਅਸੁਰੱਖਿਆ ਦੇ ਕਾਰਨਾਂ ਵਿੱਚ ਸ਼ਾਮਲ ਹਨ ਘੱਟ ਰੋਸ਼ਨੀ ਵਾਲੀਆਂ ਗਲੀਆਂ, ਜਨਤਕ ਟਰਾਂਸਪੋਰਟ ਵਿੱਚ ਭੀੜ ਅਤੇ ਪੁਲਿਸ ਦੀ ਕਮੀ। ਐੱਨ.ਸੀ.ਆਰ.ਬੀ. ਦੇ ਅਨੁਸਾਰ, ਦਿੱਲੀ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀ ਦਰ 144.4 ਪ੍ਰਤੀ ਲੱਖ ਔਰਤਾਂ ਹੈ, ਜੋ ਰਾਸ਼ਟਰੀ ਔਸਤ 66.4 ਤੋਂ ਕਿਤੇ ਵੱਧ ਹੈ। ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਰਾਤ ਨੂੰ ਔਰਤਾਂ ਨੂੰ 35 ਫ਼ੀਸਦੀ ਔਰਤਾਂ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ, ਜਦਕਿ ਦਿਨ ਵਿੱਚ ਇਹ ਅੰਕੜਾ ਸਿਰਫ਼ 8 ਫ਼ੀਸਦੀ ਹੈ। ਇਸ ਤੋਂ ਇਲਾਵਾ, ਸ਼ਹਿਰੀ ਯੋਜਨਾ ਵਿੱਚ ਔਰਤਾਂ ਦੀਆਂ ਲੋੜਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ, ਜਿਵੇਂ ਕਿ ਸੁਰੱਖਿਅਤ ਪਾਰਕਿੰਗ, ਬੈਠਣ ਵਾਲੀਆਂ ਜਗਾਵਾਂ ਅਤੇ ਐਮਰਜੈਂਸੀ ਸੇਵਾਵਾਂ ਦੀ ਕਮੀ ਹੈ।

ਪੁਲਿਸ ਵੱਲੋਂ ਕੁਝ ਕਦਮ ਚੁੱਕੇ ਗਏ ਹਨ, ਪਰ ਨਤੀਜੇ ਨਿਰਾਸ਼ਾਜਨਕ ਹਨ। ਦਿੱਲੀ ਪੁਲਿਸ ਨੇ 'ਜ਼ੀਰੋ ਟਾਲਰੈਂਸ' ਨੀਤੀ ਅਪਣਾਈ ਹੈ, ਜਿਸ ਨਾਲ ਐਫ਼.ਆਈ.ਆਰਾਂ. ਦੀ ਰਜਿਸਟ੍ਰੇਸ਼ਨ ਵਧੀ ਹੈ। ਪਰ ਅਪਰਾਧਾਂ ਨੂੰ ਰੋਕਣ ਲਈ ਪੈਟਰੋਲਿੰਗ ਅਤੇ ਮੈਨ ਪਾਵਰ ਵਿੱਚ ਵਾਧਾ ਨਹੀਂ ਹੋਇਆ। ਕੰਪਟਰੋਲਰ ਔਡਿਟਰ ਜਨਰਲ ਦੀ ਰਿਪੋਰਟ ਅਨੁਸਾਰ, ਪੁਲਿਸ ਵਿੱਚ ਸਟਾਫ਼ ਦੀ ਕਮੀ ਹੈ, ਜਿਸ ਨਾਲ ਅਪਰਾਧੀ ਬੇਪਰਵਾਹ ਘੁੰਮਦੇ ਰਹਿੰਦੇ ਹਨ। ਔਰਤਾਂ ਨੇ ਸ਼ਿਕਾਇਤ ਕੀਤੀ ਹੈ ਕਿ ਪਬਲਿਕ ਬੱਸਾਂ ਵਿੱਚ ਛੇੜ-ਛਾੜ ਆਮ ਹੈ ਅਤੇ ਪੁਲਿਸ ਵਲੋਂ ਸ਼ਿਕਾਇਤਾਂ ਨੂੰ ਅਕਸਰ ਅੱਖੋਂ ਪਰੋਖੇ ਕੀਤਾ ਜਾਂਦਾ ਹੈ।

### ਭਾਰਤ ਵਿੱਚ ਔਰਤਾਂ ਅਪਰਾਧਾਂ ਲਈ ਸਭ ਤੋਂ ਖਤਰਨਾਕ ਸੂਬੇ

ਐੱਨ.ਸੀ.ਆਰ.ਬੀ. ਦੀ 2023 ਰਿਪੋਰਟ ਅਨੁਸਾਰ, ਭਾਰਤ ਵਿੱਚ ਔਰਤਾਂ ਵਿਰੁੱਧ ਕੁੱਲ 4,48,211 ਅਪਰਾਧੀ ਕੇਸ ਰਜਿਸਟਰ ਹੋਏ ਸਨ, ਜੋ 2022 ਦੇ 4,45,256 ਕੇਸਾਂ ਨਾਲੋਂ 0.7 ਫ਼ੀਸਦੀ ਵਧ ਹਨ। ਇਹ ਦਰ ਪ੍ਰਤੀ ਲੱਖ ਔਰਤਾਂ ਵਿੱਚ 66.2 ਹੈ। ਇਸ ਵਿੱਚ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਸ਼ੋਸ਼ਣ ਤੇ ਜ਼ੁਲਮ (1,33,676 ਕੇਸ, 29.8 ਫ਼ੀਸਦੀ), ਅਗਵਾ (88,605 ਕੇਸ, 19.8 ਫ਼ੀਸਦੀ), ਛੇੜ-ਛਾੜ (83,891 ਕੇਸ, 18.7 ਫ਼ੀਸਦੀ) ਅਤੇ ਪੌਕਸੋ ਅਧੀਨ ਬਲਾਤਕਾਰ (66,232 ਕੇਸ, 14.8 ਫ਼ੀਸਦੀ) ਸਭ ਤੋਂ ਵੱਧ ਹਨ।

ਸੂਬਿਆਂ ਵਿੱਚ, ਉੱਤਰ ਪ੍ਰਦੇਸ਼ (ਯੂਪੀ) ਸਭ ਤੋਂ ਖਤਰਨਾਕ ਹੈ, ਜਿੱਥੇ 66,381 ਕੇਸ ਰਜਿਸਟਰ ਹੋਏ - ਇਹ ਦੇਸ਼ ਦੇ ਕੁੱਲ ਕੇਸਾਂ ਦਾ 14.8 ਫ਼ੀਸਦੀ ਹੈ। ਯੂਪੀ ਵਿੱਚ ਬਲਾਤਕਾਰ, ਅਗਵਾ ਅਤੇ ਵਿਆਹ ਲਈ ਅਗਵਾ (10,675 ਕੇਸ) ਵਧੇ ਹਨ। ਬਿਹਾਰ ਦੂਜੇ ਨੰਬਰ ਤੇ ਹੈ, ਜਿੱਥੇ 9,486 ਵਿਆਹ ਲਈ ਅਗਵਾ ਦੇ ਕੇਸ ਹਨ ਅਤੇ ਕੁੱਲ ਅਪਰਾਧਾਂ ਵਿੱਚ ਵਾਧਾ ਹੈ। ਰਾਜਸਥਾਨ (45,450 ਕੇਸ, ਦਰ 114.8 ਪ੍ਰਤੀ ਲੱਖ) ਅਤੇ ਮਹਾਰਾਸ਼ਟਰ (47,101 ਕੇਸ) ਵੀ ਟਾਪ 'ਤੇ ਹਨ। ਤੇਲੰਗਾਨਾ ਦੀ ਦਰ 124.9 ਪ੍ਰਤੀ ਲੱਖ ਹੈ, ਜੋ ਰਾਸ਼ਟਰੀ ਔਸਤ ਤੋਂ ਡਬਲ ਹੈ। ਓਡੀਸ਼ਾ ਵਿੱਚ 25,914 ਕੇਸ ਅਤੇ ਸਾਈਬਰ ਅਪਰਾਧਾਂ ਵਿੱਚ 761 ਕੇਸ ਹਨ। ਮੱਧ ਪ੍ਰਦੇਸ਼ ਵਿੱਚ 32,342 ਕੇਸ ਅਤੇ ਐਸਿਡ ਅਟੈਕ ਵਿੱਚ ਵਾਧਾ ਹੈ।

### ਪੰਜਾਬ ਵਿੱਚ ਔਰਤਾਂ ਅਪਰਾਧਾਂ ਦੀ ਹਾਲਤ ਕੀ ਹੈ?

ਪੰਜਾਬ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀ ਹਾਲਤ ਚਿੰਤਾਜਨਕ ਹੈ, ਪਰ ਰਾਸ਼ਟਰੀ ਪੱਧਰ ਨਾਲੋਂ ਥੋੜ੍ਹੀ ਬਿਹਤਰ ਹੈ। ਐੱਨ.ਸੀ.ਆਰ.ਬੀ. 2023 ਅਨੁਸਾਰ, ਪੰਜਾਬ ਵਿੱਚ ਵਿਆਹ ਲਈ ਔਰਤਾਂ ਦੇ ਅਗਵਾ ਦੇ 1,413 ਕੇਸ ਰਜਿਸਟਰ ਹੋਏ, ਜੋ ਦੇਸ਼ ਵਿੱਚ ਚੌਥੇ ਨੰਬਰ 'ਤੇ ਹੈ। ਕੁੱਲ ਅਪਰਾਧਾਂ ਵਿੱਚ 2022 ਨਾਲੋਂ ਘਟ ਕੇ 5,572 ਐਫ਼.ਆਈ.ਆਰਾਂ. ਰਹੀਆਂ ਹਨ (2021 ਵਿੱਚ 5,662), ਜੋ 1.5 ਫ਼ੀਸਦੀ ਘਟੀਆਂ ਹਨ। ਬਲਾਤਕਾਰ ਦੇ 517 ਕੇਸ ਹਨ, ਜੋ ਪਿਛਲੇ ਸਾਲ ਨਾਲੋਂ ਵਧੇ ਹਨ। ਪਤੀ ਵੱਲੋਂ ਜ਼ੁਲਮ 1,640 ਕੇਸ ਅਤੇ ਅਪਹਰਣ 1,478 ਕੇਸ ਹਨ, ਜੋ ਘਟੇ ਹਨ। ਬੱਚਿਆਂ ਵਿਰੁੱਧ ਅਪਰਾਧ 2,494 ਕੇਸ ਰਹੇ, ਜਿਸ ਵਿੱਚ ਪੌਕਸੋ ਅਧੀਨ 883 ਕੇਸ ਹਨ।

ਪੰਜਾਬ ਵਿੱਚ ਸ਼ਹਿਰੀ ਖੇਤਰਾਂ ਜਿਵੇਂ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਛੇੜ-ਛਾੜ ਅਤੇ ਘਰੇਲੂ ਹਿੰਸਾ ਵਧ ਰਹੇ ਹਨ, ਜਦਕਿ ਪੇਂਡੂ ਖੇਤਰਾਂ ਵਿੱਚ ਅਗਵਾ ਅਤੇ ਐਸਿਡ ਅਟੈਕ (ਵੈਸਟ ਬੈਂਗਲ ਨਾਲੋਂ ਘੱਟ ਪਰ ਵਧ ਰਹੇ) ਮੁੱਖ ਸਮੱਸਿਆ ਹਨ। ਇਹ ਹਾਲਤ ਦੱਸਦੀ ਹੈ ਕਿ ਪੰਜਾਬ ਵਿੱਚ ਸੁਧਾਰ ਹੋ ਰਿਹਾ ਹੈ, ਪਰ ਵਧੇਰੇ ਯੋਜਨਾਵਾਂ ਦੀ ਲੋੜ ਹੈ।

### ਸਰਕਾਰ ਨੂੰ ਕੀ ਉਪਰਾਲੇ ਚੁੱਕਣੇ ਚਾਹੀਦੇ ਹਨ?

ਔਰਤਾਂ ਦੀ ਸੁਰੱਖਿਆ ਲਈ ਸਰਕਾਰ ਨੂੰ ਤੁਰੰਤ ਅਤੇ ਵਿਆਪਕ ਉਪਰਾਲੇ ਚੁੱਕਣੇ ਚਾਹੀਦੇ ਹਨ। ਪਹਿਲਾਂ, ਨਿਰਭਯਾ ਫ਼ੰਡ ਨੂੰ ਪੂਰੀ ਤਰ੍ਹਾਂ ਵਰਤੋਂ ਵਿੱਚ ਲਿਆਓ, ਜੋ ਔਰਤਾਂ ਦੀ ਸੁਰੱਖਿਆ ਲਈ ਪ੍ਰੋਜੈਕਟਾਂ ਲਈ ਹੈ। ਇਸ ਵਿੱਚ ਸੀਸੀਟੀਵੀ, ਸਟ੍ਰੀਟ ਲਾਈਟਾਂ ਅਤੇ ਐਮਰਜੈਂਸੀ ਬਟਨ ਵਾਲੇ ਐਪਸ ਸ਼ਾਮਲ ਕਰੋ।

ਦੂਜਾ, ਕ੍ਰਿਮੀਨਲ ਲਾਅ (ਐਮੈਂਡਮੈਂਟ) ਐਕਟ 2018 ਨੂੰ ਸਖਤੀ ਨਾਲ ਲਾਗੂ ਕਰੋ, ਜਿਸ ਵਿੱਚ ਬਲਾਤਕਾਰ ਲਈ ਫ਼ਾਂਸੀ ਵਰਗੀਆਂ ਸਜ਼ਾਵਾਂ ਹਨ। ਤੀਜਾ, ਵੋਮੈਨ ਸੇਫ਼ਟੀ ਡਿਵੀਜ਼ਨ ਨੂੰ ਮਜ਼ਬੂਤ ਕਰੋ ਅਤੇ ਸ਼ੀ-ਬਾਕਸ ਪੋਰਟਲ ਨੂੰ ਵਧਾਓ, ਜੋ ਵਰਕਪਲੇਸ ਹਰਾਸਮੈਂਟ ਲਈ ਸ਼ਿਕਾਇਤਾਂ ਦਾ ਹੱਲ ਕਰਦਾ ਹੈ।

ਪੰਜਾਬ ਵਿੱਚ, ਪੰਜਾਬ ਸਟੇਟ ਕਮਿਸ਼ਨ ਫ਼ਾਰ ਵੋਮੈਨ ਨੂੰ ਵਧੇਰੇ ਅਧਿਕਾਰ ਦਿਓ ਅਤੇ ਐਸਿਡ ਅਟੈਕ ਵਿਰੁੱਧ ਕਾਨੂੰਨ ਸਖ਼ਤ ਕਰੋ। ਬੱਚਿਆਂ ਲਈ ਕ੍ਰੈੱਚ ਬਣਾਓ ਤਾਂ ਜੋ ਕੰਮਕਾਜ ਔਰਤਾਂ ਨੂੰ ਚਿੰਤਾ ਨਾ ਹੋਵੇ। ਅੰਤ ਵਿੱਚ, ਪੁਲਿਸ ਰਿਫ਼ਾਰਮ ਕਰੋ - ਮਨ ਪਾਵਰ ਵਧਾਓ ਅਤੇ ਫ਼ਾਸਟ-ਟ੍ਰੈਕ ਕੋਰਟਸ ਲਈ ਬਜਟ ਵਧਾਓ।

## ਕੇਂਦਰ ਸਰਕਾਰ ਵੱਲੋਂ ਵੱਡਾ ਫ਼ੈਸਲਾ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਜਾਵੇਗਾ ਜਥਾ

ਅੰਮ੍ਰਿਤਸਰ/ਏ.ਟੀ.ਨਿਊਜ਼: ਕੇਂਦਰ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਵੰਬਰ ਮਹੀਨੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਦੀ ਸਿੱਖਾਂ ਦੀ ਮੰਗ ਪ੍ਰਵਾਨ ਕਰ ਲਈ ਹੈ। ਇਸ ਦੀ ਪੁਸ਼ਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤੀ ਹੈ। ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ’ਚ ਭਾਵੇਂ ਰਸਮੀ ਤੌਰ ’ਤੇ ਪ੍ਰਵਾਨਗੀ ਸਬੰਧੀ ਪੱਤਰ ਪ੍ਰਾਪਤ ਨਹੀਂ ਹੋਇਆ ਹੈ ਪਰ ਜਥੇਬੰਦੀ ਨੇ ਇਸ ਮਾਮਲੇ ’ਚ ਕੇਂਦਰ ਨਾਲ ਸੰਪਰਕ ਕੀਤਾ ਸੀ, ਜਿਨ੍ਹਾਂ ਨੇ ਮੌਖਿਕ ਤੌਰ ’ਤੇ ਜਥਾ ਭੇਜਣ ਨੂੰ ਪ੍ਰਵਾਨਗੀ ਦਿੱਤੇ ਜਾਣ ਦੇ ਫ਼ੈਸਲੇ ਦੀ ਪੁਸ਼ਟੀ ਕੀਤੀ ਹੈ।

ਕੁਝ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰਾਲੇ ਦੇ ਸਬੰਧਤ ਵਿਭਾਗ ਨੇ ਇਸ ਬਾਰੇ ਪੰਜਾਬ, ਹਰਿਆਣਾ, ਦਿੱਲੀ ਤੇ ਹੋਰ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਭੇਜ ਕੇ ਜਥੇ ਨਾ ਭੇਜਣ ਦੇ ਫ਼ੈਸਲੇ ਬਾਰੇ ਜਾਣੂ ਕਰਵਾਇਆ ਸੀ। ਇਸ ’ਤੇ ਸਿੱਖ ਜਥੇਬੰਦੀਆਂ ਨੇ ਇਤਰਾਜ਼ ਜਤਾਇਆ ਸੀ। ਸ਼੍ਰੋਮਣੀ ਕਮੇਟੀ ਨੇ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਹਿਲਾਂ ਵਾਂਗ ਪਾਕਿਸਤਾਨ ਭੇਜਣ ਦੀ ਪ੍ਰਵਾਨਗੀ ਦੇਣ ਦੀ ਅਪੀਲ ਕੀਤੀ ਸੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਭੇਜਣ ਨੂੰ ਮਨਜ਼ੂਰੀ ਦੇਣ ਦਾ ਫ਼ੈਸਲਾ ਸਵਾਗਤਯੋਗ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਸਮੁੱਚੀ ਮਨੁੱਖਤਾ ਲਈ ਮਹੱਤਤਾ ਰੱਖਦਾ ਹੈ। ਉਨ੍ਹਾਂ ਨੇ ਕੇਂਦਰ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੀ ਵੀ ਅਪੀਲ ਕੀਤੀ ਹੈ।



(ਬਾਕੀ ਸਫ਼ਾ 27 ’ਤੇ)

### ਦਿੱਲੀ ਕਮੇਟੀ ਨੇ ਕੇਂਦਰ ਦਾ ਧੰਨਵਾਦ ਕੀਤਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ’ਤੇ ਸਿੱਖ ਜੱਥਾ ਪਾਕਿਸਤਾਨ ਨਾ ਭੇਜਣ ਦਾ ਆਪਣਾ ਫ਼ੈਸਲਾ ਦਿੱਲੀ ਗੁਰਦੁਆਰਾ ਕਮੇਟੀ ਦੀ ਅਪੀਲ ’ਤੇ ਵਾਪਸ ਲਿਆ ਹੈ ਤੇ ਵਿਦੇਸ਼ ਮੰਤਰਾਲੇ ਨੇ 3 ਹਜ਼ਾਰ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਭੇਜਣ ਦੀ ਆਗਿਆ ਦੇ ਦਿੱਤੀ ਹੈ। ਕਾਲਕਾ ਤੇ ਕਾਹਲੋਂ ਨੇ ਜਥੇ ਭੇਜਣ ਦੀ ਮਨਜ਼ੂਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦਾ ਧੰਨਵਾਦ ਕੀਤਾ। ਦੋਵਾਂ ਆਗੂਆਂ ਨੂੰ ਸਿੱਖ ਸ਼ਰਧਾਲੂਆਂ ਨੂੰ ਪਾਸਪੋਰਟ ਜਮ੍ਹਾਂ ਕਰਵਾਉਣ ਦੀ ਅਪੀਲ ਵੀ ਕੀਤੀ।

### ਕੇਂਦਰ ਵੱਲੋਂ ਸਿੱਖ ਜੱਥੇ ਨੂੰ ਪਾਕਿਸਤਾਨ ਭੇਜਣ ਦਾ ਫ਼ੈਸਲਾ ਸਵਾਗਤ ਯੋਗ: ਜਥੇਦਾਰ ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਹਰ ਸਾਲ ਜਾਂਦੇ ਸਿੱਖ ਜਥੇ ਨੂੰ ਜਾਣ ਦੀ ਪ੍ਰਵਾਨਗੀ ਦੇਣ ਦਾ ਸਵਾਗਤ ਕੀਤਾ ਹੈ।



ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਏ ਸਮਝੌਤੇ ਮੁਤਾਬਕ ਹਰ ਸਾਲ ਸਿੱਖ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ ਅਤੇ ਭਾਰਤ ਸਰਕਾਰ ਵੱਲੋਂ ਪਹਿਲਾਂ ਜਥਾ ਨਾ ਭੇਜਣ ਦੇ ਫੈਸਲੇ ਨਾਲ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਸੀ।

ਉਨ੍ਹਾਂ ਅੱਗੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਸਮਾਂ ਰਹਿੰਦਿਆਂ ਸਿੱਖ ਸੰਸਥਾਵਾਂ ਤੇ ਸੰਗਤਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਜਥਾ ਭੇਜਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਜਥੇ ਲਗਾਤਾਰ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਰਹਿਣੇ ਚਾਹੀਦੇ ਹਨ ਤਾਂ ਜੋ ਦੋਵਾਂ ਦੇਸ਼ਾਂ ਵਿਚਕਾਰ ਭਾਈਚਾਰਕ ਸਾਂਝ ਵਧੇ ਤੇ ਮਾਹੌਲ ਚੰਗਾ ਹੋਵੇ।

## ਬਡੂੰਗਰ ਵੱਲੋਂ ਸੰਗਤ ਨੂੰ ਇਤਿਹਾਸਕ ਪੁਸਤਕ ਭੇਟ



ਪਟਿਆਲਾ/ਏ.ਟੀ.ਨਿਊਜ਼: ਇੱਥੇ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਹੋਏ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਿੱਖ ਇਤਿਹਾਸ ਰਿਚਰਚ ਬੋਰਡ ਵਿੱਚ ਕੰਮ ਕਰਨ ਵਾਲੇ ਸਹਾਇਕ ਡਾਇਰੈਕਟਰ ਡਾ. ਸਤਿੰਦਰ ਸਿੰਘ ਵੱਲੋਂ ਲਿਖਿਤ ਇੱਕ ਅਹਿਮ ਪੁਸਤਕ ਇੱਥੇ ਸੰਗਤ ਨੂੰ ਭੇਟ ਕੀਤੀ। ਇਹ ਪੁਸਤਕ ਗੁਰੂ ਜੀ ਵੱਲੋਂ ਦਿੱਲੀ ਜਾਣ ਮੌਕੇ ਪਟਿਆਲਾ ਜ਼ਿਲ੍ਹੇ ਵਿੱਚ ਰੁਕਣ ਸਮੇਂ ਦੀ ਵਾਰਤਾਲਾਪ ’ਤੇ ਆਧਾਰਿਤ ਹੈ ਜਿਸ ’ਚ ਗੁਰੂ ਜੀ ਦਾ ਸੈਫਾਬਾਦ ਆਗਮਨ ਅਤੇ ਨਵਾਬ ਸੈਫ ਖਾਨ ਨਾਲ ਮੁਲਾਕਾਤ ਸਮੇਤ ਹੋਰ ਵੇਰਵੇ ਵੀ ਹਨ।

ਇਹ ਪੁਸਤਕ ਉਨ੍ਹਾਂ ਗੁਰਦੁਆਰਾ ਮੋਤੀ ਬਾਗ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਵਿੰਦਰ ਸਿੰਘ, ਮੀਤ ਮੈਨੇਜਰ ਗੁਰਬਚਨ ਸਿੰਘ, ਪ੍ਰਧਾਨ ਪ੍ਰੇਮ ਸਿੰਘ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜ, ਸਿਮਰਨ ਗਰੇਵਾਲ ਤੇ ਹੋਰਾਂ ਨੂੰ ਭੇਟ ਕੀਤੀ ਜਿਸ ਦੌਰਾਨ ਲੇਖਿਕਾ ਅਤੇ ਅਰਥ ਸ਼ਾਸਤਰੀ ਪ੍ਰੋਫ਼ੈਸਰ ਜੀਵਨਜੋਤ ਕੌਰ ਸਮੇਤ ਕਈ ਹੋਰ ਸ਼ਖਸ਼ੀਅਤਾਂ ਵੀ ਮੌਜੂਦ ਰਹੀਆਂ।

## ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਇਕੱਤਰਤਾ 13 ਨੂੰ

### ਸਾਲਾਨਾ ਜਰਨਲ ਇਜਲਾਸ ਨਵੰਬਰ ਦੇ ਪਹਿਲੇ ਹਫ਼ਤੇ ਹੋਣ ਦੀ ਸੰਭਾਵਨਾ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲ 2025 ਨੂੰ ਹੋਣ ਵਾਲਾ ਸਾਲਾਨਾ ਜਰਨਲ ਇਜਲਾਸ ਨਵੰਬਰ ਦੇ ਪਹਿਲੇ ਹਫਤੇ ਬੁਲਾਇਆ ਜਾ ਸਕਦਾ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੰਤਰਿੰਗ ਕਮੇਟੀ ਦੀ ਇਕੱਤਰਤਾ 13 ਅਕਤੂਬਰ ਨੂੰ ਸੱਦੀ ਗਈ ਹੈ, ਜਿਸ ’ਚ ਜਰਨਲ ਹਾਊਸ ਦੀ ਤਰੀਖ ਦਾ ਐਲਾਨ ਹੋਵੇਗਾ। ਜਰਨਲ ਇਜਲਾਸ ’ਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ 11 ਅੰਤਰਿੰਗ ਕਮੇਟੀ ਮੈਂਬਰਾਂ ਦੀ ਚੋਣ ਹੋਵੇਗੀ। ਮੌਜੂਦਾ ਹਾਊਸ ਦੇ 149 ਸ਼੍ਰੋਮਣੀ ਕਮੇਟੀ ਮੈਂਬਰ ਅਧਿਕਾਰਤ ਤੌਰ ’ਤੇ ਆਪਣੀ ਵੋਟ ਰਾਹੀਂ ਚੋਣ ਕਰਨਗੇ। ਇਸ ਵਾਰ ਇਹ ਚੋਣ ਹੋਰ ਵੀ ਅਹਿਮ ਮੰਨੀ ਜਾ ਰਹੀ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਬਾਗੀ ਹੋ ਕੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਬਣਾ ਕੇ ਚੱਲੇ ਆਗੂ ਵੀ ਧੜੇ ਵੱਜੋਂ ਉਭਰ ਕੇ ਸਾਹਮਣੇ ਆ ਸਕਦੇ ਹਨ। ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਡਵੋਕੇਟ ਧਾਮੀ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਧੜੇ ਵੱਲੋਂ ਵੱਲੋਂ ਬੀਬੀ ਜਗੀਰ ਕੌਰ ਨੂੰ ਪ੍ਰਧਾਨਗੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਜਾ ਸਕਦਾ ਹੈ।



ਜਰਨਲ ਹਾਊਸ ਦੇ 185 ਮੈਂਬਰਾਂ ਵਿਚੋਂ 35 ਮੈਂਬਰਾਂ ਵਿੱਚ ਕੁਝ ਅਸਤੀਫਾ ਦੇ ਚੁੱਕੇ ਹਨ ਜਾਂ ਸਵਗਵਾਸ ਹੋ ਗਏ ਹਨ। 1 ਮੈਂਬਰ ’ਤੇ ਰੋਕ ਲੱਗੀ ਹੋਈ ਹੈ। ਸਾਲਾਨਾ ਜਰਨਲ ਇਜਲਾਸ 3 ਜਾਂ 4 ਨਵੰਬਰ ਨੂੰ ਬੁਲਾਇਆ ਜਾ ਸਕਦਾ ਹੈ। ਪਿਛਲੇ ਸਾਲ 28 ਅਕਤੂਬਰ 2024 ਨੂੰ ਹੋਈ ਚੋਣ ਸਮੇਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 142 ਵੋਟਾਂ ’ਚੋਂ 107 ਵੋਟਾਂ ਅਤੇ ਬਾਗੀ ਹੋਏ ਧੜੇ ਦੇ ਉਮੀਦਵਾਰ ਬੀਬੀ ਜਗੀਰ ਕੌਰ ਨੂੰ 33 ਵੋਟਾਂ ਹਾਸਲ ਹੋਈਆਂ ਸਨ ਅਤੇ ਦੋ ਵੋਟਾਂ ਰੱਦ ਹੋ ਗਈਆਂ ਸਨ।

ਧਾਮੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਚੌਥੀ ਵਾਰ ਵੀ ਜਿੱਤ ਗਏ ਸਨ। ਇਸੇ ਤਰ੍ਹਾਂ 8 ਨਵੰਬਰ 2023 ਦੀ ਚੋਣ ਦੌਰਾਨ ਜਨਰਲ ਇਜਲਾਸ ’ਚ ਐਡਵੋਕੇਟ ਧਾਮੀ ਨੂੰ 137 ਵੋਟਾਂ ਵਿਚੋਂ 118 ਵੋਟਾਂ, ਵਿਰੋਧੀ ਧਿਰ ਦੇ ਉਮੀਦਵਾਰ ਬਾਬਾ ਬਲਬੀਰ ਸਿੰਘ ਘੁੰਨਸ ਨੂੰ 17 ਵੋਟਾਂ ਹਾਸਲ ਹੋਈਆਂ ਸਨ। 9 ਨਵੰਬਰ 2022 ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 146 ਵੋਟਾਂ ’ਚੋਂ 102 ਵੋਟਾਂ, ਵਿਰੋਧੀ ਧਿਰ ਦੇ ਉਮੀਦਵਾਰ ਬੀਬੀ ਜਗੀਰ ਕੌਰ ਨੂੰ 42 ਵੋਟਾਂ ਹਾਸਲ ਹੋਈਆਂ ਸਨ। 29 ਨਵੰਬਰ 2021 ਦੌਰਾਨ ਜਨਰਲ ਇਜਲਾਸ ਵਿੱਚ ਧਾਮੀ ਨੂੰ 141 ਵੋਟਾਂ ਵਿਚੋਂ 122 ਵੋਟਾਂ ਤੇ ਵਿਰੋਧੀ ਧਿਰ ਦੇ ਉਮੀਦਵਾਰ ਮਾਸਟਰ ਮਿੱਠੂ ਸਿੰਘ ਨੂੰ 19 ਵੋਟਾਂ ਹਾਸਲ ਹੋਈਆਂ ਸਨ।

ਧਾਮੀ 2021 ਵਿੱਚ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਵਲੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਸਨ। ਉਹ ਸਾਲ 2019 ਵਿੱਚ ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ, 2020 ਵਿੱਚ ਮੁੱਖ ਸਕੱਤਰ ਵਜੋਂ ਸੇਵਾ ਕਰ ਚੁੱਕੇ ਹਨ। ਧਾਮੀ ਚਾਰ ਵਾਰ ਲਗਾਤਾਰ ਅਕਾਲੀ ਦਲ ਵੱਲੋਂ ਪ੍ਰਧਾਨ ਬਣ ਚੁੱਕੇ ਹਨ। ਇਸ ਵਾਰ ਅਕਾਲੀ ਦਲ ਨੂੰ ਇੱਕ ਵੱਡੇ ਧੜੇ ਵੱਜੋਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬੀਬੀ ਜਗੀਰ ਕੌਰ ਵੀ ਚਾਰ ਵਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਰਹਿ ਚੁੱਕੇ ਹਨ।

## ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਵਿਸ਼ਾਲ ਨਗਰ ਕੀਰਤਨ

ਅੰਮ੍ਰਿਤਸਰ/ਏ.ਟੀ.ਨਿਊਜ਼: ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਇਹ ਨਗਰ ਕੀਰਤਨ ਪਲਾਜ਼ਾ ਘੰਟਾ ਘਰ, ਜ਼ਲ੍ਹਿਆਂਵਾਲਾ ਬਾਗ, ਘਿਓ ਮੰਡੀ ਚੌਕ, ਸ਼ੇਰਾਂ ਵਾਲ ਗੇਟ, ਮਹਾਂ ਸਿੰਘ ਗੇਟ, ਚੌਂਕ ਰਾਮ ਬਾਗ, ਹਾਲ ਗੇਟ, ਹਾਥੀ ਗੇਟ, ਲੋਹਗੜ੍ਹ ਗੇਟ, ਲਾਹੌਰੀ ਗੇਟ, ਬੇਰੀ ਗੇਟ, ਖ਼ਜ਼ਾਨਾ ਗੇਟ, ਗੇਟ ਹਕੀਮਾਂ, ਭਗਤਾਂ ਵਾਲਾ ਚੌਕ, ਚਾਟੀਵਿੰਡ ਗੇਟ, ਸੁਲਤਾਨਵਿੰਡ ਗੇਟ, ਘਿਓ ਮੰਡੀ ਚੌਕ ਤੋਂ ਹੁੰਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਸ਼ਬਦ ਚੌਂਕੀ ਜਥੇ, ਬੈਂਡ ਪਾਰਟੀਆਂ, ਗਤਕਾ ਪਾਰਟੀਆਂ, ਸਕੂਲੀ ਬੱਚੇ ਆਦਿ ਸ਼ਾਮਿਲ ਹੋਏ। ਸੰਗਤਾਂ ਵੱਲੋਂ ਨਗਰ ਕੀਰਤਨ ਦੇ ਸਵਾਗਤ ਲਈ ਵੱਖ-ਵੱਖ ਥਾਵਾਂ ’ਤੇ ਪ੍ਰਬੰਧ ਕੀਤੇ ਗਏ ਸਨ।



### ਅਮਰੀਕੀ ਫ਼ੌਜ ’ਚ ਸਿੱਖ ਸੈਨਿਕਾਂ ਲਈ ਦਾੜ੍ਹੀ ਰੱਖਣ ’ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਮੰਦਭਾਗਾ : ਸੰਧਵਾਂ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਮਰੀਕੀ ਸਰਕਾਰ ਵੱਲੋਂ ਅਮਰੀਕੀ ਫ਼ੌਜ ਵਿੱਚ ਸਿੱਖ ਸੈਨਿਕਾਂ ਲਈ ਦਾੜ੍ਹੀ ਰੱਖਣ ’ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਬਹੁਤ ਹੀ ਨਿੰਦਣਯੋਗ ਅਤੇ ਮੰਦਭਾਗਾ ਹੈ। ਅਮਰੀਕੀ ਸਰਕਾਰ ਦੀ ਇਹ ਕਾਰਵਾਈ ਸਾਰਾਗੜ੍ਹੀ ਅਤੇ ਵਿਸ਼ਵ ਯੁੱਧ ਵਿੱਚ ਲੜਨ ਵਾਲੇ ਸਿੱਖ ਸੈਨਿਕਾਂ ਦਾ ਵੀ ਘੋਰ ਅਪਮਾਨ ਹੈ। ਉਨ੍ਹਾਂ ਕਿਹਾ ਕਿ ਵਾਲ ਨਾ ਕਟਵਾਉਣਾ ਸਿੱਖ ਧਰਮ ਦੀ ਵੱਖਰੀ ਪਛਾਣ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਤੁਰੰਤ ਇਸ ਮੁੱਦੇ ਨੂੰ ਅਮਰੀਕੀ ਸਰਕਾਰ ਕੋਲ ਉਠਾਉਣਾ ਚਾਹੀਦਾ ਹੈ ਅਤੇ ਇਸ ਫ਼ੈਸਲੇ ਨੂੰ ਉਲਟਾਉਣ ਲਈ ਕੂਟਨੀਤਕ ਦਬਾਅ ਪਾਉਣਾ ਚਾਹੀਦਾ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜਾਬ 'ਚ ਗੰਭੀਰ ਹੋ ਰਹੀ ਅਮਨ ਕਾਨੂੰਨ ਦੀ ਸਥਿਤੀ

ਪੰਜਾਬ ਦੀ 'ਆਪ' ਸਰਕਾਰ ਵੱਲੋਂ ਭਾਵੇਂ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਅਤੇ ਪੰਜਾਬ ਤੋਂ ਵਿਦੇਸ਼ਾਂ ਵੱਲ ਲਗਾਤਾਰ ਹੁੰਦੇ ਪਰਵਾਸ ਨੂੰ ਰੋਕਣ ਦੇ ਦਾਅਵੇ ਕੀਤੇ ਜਾਂਦੇ ਹਨ ਪਰੰਤੂ ਪੰਜਾਬ ਦੇ ਮਾਹੌਲ ਉੱਤੇ ਭਾਰੀ ਹੁੰਦੀ 'ਕਾਲੇ ਦਿਨਾਂ ਦੀ ਆਹਟ' ਸਰਕਾਰ ਦੇ ਇਹਨਾਂ ਦਾਅਵਿਆਂ 'ਤੇ ਵੱਡੇ ਸਵਾਲ ਕਰਦੀ ਹੈ। ਪੰਜਾਬ 'ਚ ਨਿੱਤ ਦਿਨ ਸ਼ਰੇਆਮ ਕਤਲ, ਹਰ ਦਿਨ ਸੱਚੇ- ਝੂਠੇ ਪੁਲਿਸ ਮੁਕਾਬਲੇ, ਗੈਂਗਸਟਰਾਂ ਵੱਲੋਂ ਲਗਾਤਾਰ ਅੰਜਾਮ ਦਿੱਤੀਆਂ ਜਾਂਦੀਆਂ ਕਤਲੋਗਾਰਤ ਦੀਆਂ ਵਾਰਦਾਤਾਂ, ਵੱਖ- ਵੱਖ ਭਾਈਚਾਰਿਆਂ 'ਚ ਤਨਾਓ, ਪੰਜਾਬੀਆਂ ਅਤੇ ਪਰਵਾਸੀ ਮਜ਼ਦੂਰਾਂ ਵਿਚਾਲੇ ਵਧਦਾ ਝਗੜਾ, ਨਸ਼ੇ ਦੀ ਓਵਰ ਡੋਜ਼ ਨਾਲ ਹੁੰਦੀਆਂ ਨੌਜਵਾਨਾਂ ਦੀਆਂ ਮੌਤਾਂ, ਹਰ ਦਿਨ ਆਵਾਜਾਈ ਠੱਪ ਹੋਣ ਅਤੇ ਧਰਨੇ ਲੱਗਣ ਤੋਂ ਸੂਝਵਾਨ ਲੋਕਾਂ ਨੂੰ 'ਪੰਜਾਬ 'ਚ ਮੁੜ ਕਾਲਾ ਦੌਰ ਸ਼ੁਰੂ ਹੋਣ ਦੀ ਆਹਟ' ਮਿਲਣੀ ਸ਼ੁਰੂ ਹੋ ਗਈ ਹੈ। ਪੰਜਾਬ ਦੇ ਜਿਹੜੇ ਲੋਕਾਂ ਨੇ ਸੰਨ ਚੁਰਾਸੀ ਅਤੇ ਨੱਬੇ ਦਾ ਸੰਤਾਪ ਆਪਣੇ ਹੱਡੀਂ ਹੰਢਾਇਆ ਹੈ, ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਸ ਸਮੇਂ ਵੀ 'ਪੰਜਾਬ ਸੰਤਾਪ' ਸ਼ੁਰੂ ਹੋਣ ਤੋਂ ਪਹਿਲਾਂ ਅੱਜ ਵਰਗਾ ਮਾਹੌਲ ਹੀ ਬਣਾਇਆ ਗਿਆ ਸੀ। ਇਹ ਸਭ ਕੁਝ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜੇ ਕਰ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਚੁਟਕਲੇ ਸੁਣਾਉਣ ਵਿੱਚ ਮਸਤ ਹਨ। ਦੂਜੇ ਪਾਸੇ ਵਿਰੋਧੀ ਸਿਆਸੀ ਆਗੂ ਵੀ ਕਈ ਵਾਰ ਅਜਿਹੀ ਬਿਆਨਬਾਜ਼ੀ ਕਰ ਦਿੰਦੇ ਹਨ, ਜੋ ਕਿ ਕਾਮੇਡੀ ਵਰਗੀ ਹੀ ਹੁੰਦੀ ਹੈ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਦੀ ਗੰਭੀਰ ਹੋ ਰਹੀ ਅਮਨ ਕਾਨੂੰਨ ਦੀ ਸਥਿਤੀ ਦੀ ਕਿਸੇ ਵੀ ਸਿਆਸੀ ਧਿਰ ਨੂੰ ਕੋਈ ਪਰਵਾਹ ਨਹੀਂ ਹੈ। ਪੰਜਾਬ ਦੇ ਵੱਡੀ ਗਿਣਤੀ ਲੋਕ ਇਸ ਸਮੇਂ ਇਹ ਕਹਿ ਰਹੇ ਹਨ ਕਿ ਪੰਜਾਬ ਦੀ 'ਆਪ' ਸਰਕਾਰ ਨੇ ਜਿਸ ਤਰੀਕੇ ਨਾਲ ਪੰਜਾਬ ਪੁਲਿਸ ਨੂੰ ਵੱਡੀਆਂ ਸ਼ਕਤੀਆਂ ਦਿੱਤੀਆਂ ਹਨ, ਉਹਨਾਂ ਦਾ ਪੰਜਾਬ ਪੁਲਿਸ ਨਾਜਾਇਜ਼ ਫਾਇਦਾ ਉਠਾ ਸਕਦੀ ਹੈ। ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂ ਵੀ ਇਹ ਮਾਮਲਾ ਕਈ ਵਾਰ ਉਠਾ ਚੁੱਕੇ ਹਨ ਪਰ ਪੰਜਾਬ ਸਰਕਾਰ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।


ਇਸ ਦੌਰਾਨ ਪੰਜਾਬ ਵਿੱਚ ਗੈਂਗਸਟਰਾਂ ਦੀ ਆਪਸੀ ਲੜਾਈ ਵੀ ਜੋਰ ਫੜਦੀ ਰਹੀ ਹੈ ਅਤੇ ਗੈਂਗਸਟਰ ਕਦੇ ਵੀ, ਕਿਤੇ ਵੀ, ਕਿਸੇ ਨੂੰ ਵੀ ਸ਼ਰੇਆਮ ਗੋਲੀਆਂ ਮਾਰ ਕੇ ਫਰਾਰ ਹੋ ਜਾਂਦੇ ਹਨ। ਅਨੇਕਾਂ ਲੋਕ ਸ਼ਰੇਆਮ ਹਥਿਆਰ ਲਹਿਰਾਉਂਦੇ ਅਕਸਰ ਨਜ਼ਰ ਆ ਜਾਂਦੇ ਹਨ। ਸ਼ਰੇਆਮ ਗੁੰਡਾ ਅਨਸਰਾਂ ਵੱਲੋਂ ਆਮ ਲੋਕਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਅਤੇ ਹਮਲੇ ਕੀਤੇ ਜਾਂਦੇ ਹਨ, ਜਿਸ ਨਾਲ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਉੱਠ ਰਹੇ ਹਨ। ਆਮ ਲੋਕਾਂ ਨੂੰ ਪਹਿਲਾਂ ਵਾਂਗ ਦੋਹਰੀ ਮਾਰ ਪੈ ਰਹੀ ਹੈ। ਇੱਕ ਪਾਸੇ ਉਹਨਾਂ ਨੂੰ ਗੈਂਗਸਟਰਾਂ ਦਾ ਡਰ ਸਤਾਅ ਰਿਹਾ ਹੈ, ਉਥੇ ਦੂਜੇ ਪਾਸੇ ਪੁਲਿਸ ਵਧੀਕੀਆਂ ਤੋਂ ਵੀ ਡਰ ਲੱਗ ਰਿਹਾ ਹੈ। ਅੱਤਵਾਦ ਦੇ ਕਾਲੇ ਦਿਨਾਂ ਦੌਰਾਨ ਅਜਿਹੇ ਹਜ਼ਾਰਾਂ ਬੇਕਸੂਰ ਬੇਦੋਸ਼ੇ ਨੌਜਵਾਨਾਂ ਨੂੰ ਪੁਲਿਸ ਵੱਲੋਂ ਝੂਠੇ ਮੁਕਾਬਲੇ ਬਣਾ ਕੇ ਮਾਰ ਦਿੱਤੇ ਜਾਣ ਦੀਆਂ ਰੌਂਗਟੇ ਖੜ੍ਹੇ ਕਰ ਦੇਣ ਵਾਲੀਆਂ ਕਹਾਣੀਆਂ ਅਜੇ ਵੀ ਲੋਕਾਂ ਨੂੰ ਡਰਾਉਂਦੀਆਂ ਹਨ ਅਤੇ ਉਹਨਾਂ ਦਾ ਆਪਣੇ ਨੌਜਵਾਨ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਫਿਕਰਮੰਦ ਹੋਣਾ ਪੂਰੀ ਤਰ੍ਹਾਂ ਜਾਇਜ਼ ਵੀ ਹੈ। ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ।

ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਨਸ਼ੇ ਦੇ ਸੌਦਾਗਰਾਂ ਅਤੇ ਗੈਂਗਸਟਰਾਂ ਦੀ ਸਹਾਇਤਾ ਉਹਨਾਂ ਦੇ 'ਸਿਆਸੀ ਆਕਾ' ਕਰਦੇ ਹਨ। ਇਹਨਾਂ ਸਿਆਸੀ ਆਕਾਵਾਂ ਵੱਲੋਂ ਹੀ ਇਸ ਸਮੇਂ ਗੈਂਗਸਟਰਾਂ ਨੂੰ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਖੁੱਲ੍ਹੀ ਛੂਟ ਦਿੱਤੀ ਹੋਈ ਹੈ ਤਾਂ ਕਿ ਪੰਜਾਬ 'ਚ ਬਲਦੇ ਸਿਵਿਆਂ 'ਤੇ ਉਹ ਸਿਆਸੀ ਰੋਟੀਆਂ ਸੇਕ ਸਕਣ। ਮਾਰਚ 2022, ਜਦੋਂ ਤੋਂ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਬਣੀ ਹੈ, ਉਸ ਤੋਂ ਕੁਝ ਦਿਨ ਪਹਿਲਾਂ ਹੀ ਸ਼ੁਰੂ ਹੋਈਆਂ ਵਾਰਦਾਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸੂਬੇ ਵਿੱਚ ਵਿਰੋਧੀ ਧਿਰਾਂ ਸਰਕਾਰ 'ਤੇ ਅਮਨ ਕਾਨੂੰਨ ਦੇ ਹਾਲਾਤ ਨੂੰ ਕਾਬੂ ਨਾ ਰੱਖ ਸਕਣ ਦਾ ਇਲਜ਼ਾਮ ਲਗਾ ਰਹੀਆਂ ਹਨ ਅਤੇ ਸਰਕਾਰ ਹਾਲਾਤ ਨਾ ਵਿਗੜਨ ਦੇਣ ਦੇ ਦਾਅਵੇ ਕਰ ਰਹੀ ਹੈ। ਇਸ ਸਮੇਂ ਕੁਝ ਸਿਆਸੀ ਆਗੂਆਂ ਨੂੰ ਜਿਥੇ ਸੱਤਾ ਤੋਂ ਦੂਰ ਹੋਣ ਦਾ ਦੁੱਖ ਬਹੁਤ ਬੁਰੀ ਤਰ੍ਹਾਂ ਸਤਾਅ ਰਿਹਾ ਹੈ, ਉਥੇ ਕੁਝ ਸੱਤਾਧਾਰੀ ਆਗੂਆਂ ਦੇ ਸੱਤਾ ਸਿਰ ਚੜ੍ਹ ਕੇ ਬੋਲ ਰਹੀ ਹੈ। ਸਿਆਸੀ ਆਗੂਆਂ ਦੀ ਇਸ ਸਿਆਸੀ ਖਹਿਬਾਜ਼ੀ ਵਿੱਚ ਪੀਸੇ ਆਮ ਲੋਕ ਜਾ ਰਹੇ ਹਨ।

ਇਹ ਗੱਲ ਵੀ ਆਮ ਆਖੀ ਜਾਂਦੀ ਹੈ ਕਿ ਜਦੋਂ ਵੀ ਦੇਸ਼ ਵਿੱਚ ਚੋਣਾਂ ਦਾ ਮੌਸਮ ਆਉਂਦਾ ਹੈ ਅਤੇ ਲੋਕ ਸਭਾ ਜਾਂ ਕਿਸੇ ਸੂਬੇ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਹਨ, ਦੇਸ਼ ਭਰ ਵਿੱਚ (ਅਤੇ ਖਾਸ ਕਰਕੇ ਪੰਜਾਬ ਵਿੱਚ) ਅੱਤਵਾਦੀ ਵਾਰਦਾਤਾਂ ਦਾ ਖਤਰਾ ਅਚਾਨਕ ਵੱਧ ਜਾਂਦਾ ਹੈ ਅਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਇਸ ਸੰਬੰਧੀ ਚਿਤਾਵਨੀਆਂ ਵੀ ਜਾਰੀ ਕਰ ਦਿੱਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਇਸ ਸਮੇਂ ਤਰਨ ਤਾਰਨ ਜ਼ਿਮਨੀ ਚੋਣ ਹੋਣ ਜਾ ਰਹੀ ਹੈ। ਇਸ ਚੋਣ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਖ਼ੁਫ਼ੀਆ ਏਜੰਸੀਆਂ ਨੇ ਆਪਣੀਆਂ ਰਿਪੋਰਟਾਂ ਸਰਕਾਰ ਨੂੰ ਦੇ ਦਿੱਤੀਆਂ ਹਨ ਅਤੇ ਸਰਕਾਰ ਵੱਲੋਂ ਪੰਜਾਬ ਵਿੱਚ ਬੀ.ਐਸ.ਐਫ਼ ਤੈਨਾਤ ਕੀਤੀ ਜਾ ਚੁੱਕੀ ਹੈ। ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਪ੍ਰੈਸ ਕਾਨਫ਼ਰੰਸਾਂ ਵਿੱਚ ਦਾਅਵਾ ਕਰ ਚੁੱਕੇ ਹਨ ਕਿ ਅੱਤਵਾਦੀਆਂ ਅਤੇ ਗੈਂਗਸਟਰਾਂ ਵੱਲੋਂ ਪੰਜਾਬ ਨੂੰ ਦਹਿਲਾਉਣ ਦੀ ਕੀਤੀ ਜਾ ਰਹੀ ਕੋਸ਼ਿਸ਼ ਪੰਜਾਬ ਪੁਲਿਸ ਵੱਲੋਂ ਨਾਕਾਮ ਕੀਤੀ ਜਾ ਚੁੱਕੀ ਹੈ। ਆਮ ਲੋਕਾਂ ਨੂੰ ਸਮਝ ਨਹੀਂ ਲੱਗ ਰਹੀ ਕਿ ਪੰਜਾਬ ਵਿੱਚ ਏਨੇ ਗੈਂਗਸਟਰ ਇਕਦਮ ਹੀ ਕਿਥੋਂ ਆ ਗਏ? ਅਤੇ ਉਹ ਪੰਜਾਬ 'ਚ ਰਹਿ ਕੇ ਹੀ ਪੰਜਾਬ ਤੇ ਪੰਜਾਬੀਆਂ ਲਈ ਵੱਡਾ ਖਤਰਾ ਬਣ ਗਏ। ਅਜਿਹੇ ਕੁਝ ਵੱਡੇ ਸਵਾਲ ਹੋਰ ਵੀ ਹਨ, ਜੋ ਕਿ ਅਜੇ ਤੱਕ ਅਣਸੁਲਝੇ ਹਨ।

ਪੰਜਾਬ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਵਿੱਚ ਗੰਭੀਰ ਹੋ ਰਹੀ ਅਮਨ ਕਾਨੂੰਨ ਦੀ ਸਥਿਤੀ 'ਤੇ ਕਾਬੂ ਪਾਉਣ ਲਈ ਲੋੜੀਂਦੇ ਕਦਮ ਚੁੱਕੇ। ਪੰਜਾਬ ਵਿਰੋਧੀ ਤਾਕਤਾਂ ਅਤੇ ਗੈਂਗਸਟਰਾਂ ਖ਼ਿਲਾਫ਼ ਸਖ਼ਤ ਕਦਮ ਚੁੱਕੇ ਜਾਣ ਤਾਂ ਜੋ ਪੰਜਾਬ ਨੂੰ ਮੁੜ ਕਾਲੇ ਦਿਨਾਂ ਦੇ ਦੌਰ ਵਿੱਚ ਜਾਣ ਤੋਂ ਰੋਕਿਆ ਜਾ ਸਕੇ। ਵੈਸੇ ਹਰ ਇਨਸਾਨ ਰੰਗਲੇ ਪੰਜਾਬ ਦੀ ਉਮੀਦ ਤੇ ਆਸ ਲਗਾਈ ਬੈਠਾ ਹੈ। ਸ਼ਾਲਾ! ਉਨ੍ਹਾਂ ਦੀਆਂ ਉਮੀਦਾਂ ਤੇ ਆਸਾਂ ਨੂੰ ਜਲਦੀ ਬੂਰ ਪਵੇ।

# ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਕੇ ਸੂਝ-ਬੂਝ ਨਾਲ ਸੁਲਝਾਓ ਲੱਦਾਖ ਮੁੱਦਾ



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।




ਲੋਕਸ਼ਾਹੀ ਵਿੱਚ ਜਨਤਕ ਮੁੱਦਿਆਂ ਨੂੰ ਰਾਜਕੀ ਸ਼ਕਤੀ, ਪੁਲਿਸ, ਅਰਧ ਫ਼ੌਜੀ ਦਲਾਂ ਜਾਂ ਫ਼ੌਜ ਦੇ ਬੂਟਾਂ ਥੱਲੇ ਦਰੜ ਕੇ ਜਾਂ ਫਿਰ ਬੰਦੂਕ ਦੀ ਨਾਲੀ ਵਿੱਚੋਂ ਨਿਕਲੀ ਸ਼ਕਤੀ ਬਲਬੂਤੇ ਨਜਿੱਠਣਾ ਕਦੇ ਵੀ ਸਥਾਈ ਸ਼ਾਂਤੀ ਦਾ ਪ੍ਰਤੀਕ ਕਾਰਜ ਨਹੀਂ ਮੰਨਿਆ ਜਾ ਸਕਦਾ। 24 ਸਤੰਬਰ, 2025 ਨੂੰ ਭਾਰਤ ਦੇ ਖ਼ੂਬਸੂਰਤ ਕੇਂਦਰੀ ਸ਼ਾਸਤ ਪ੍ਰਦੇਸ਼ ਲਦਾਖ਼ ਵਿੱਚ ਜਿਵੇਂ ਨੌਜਵਾਨ ਅਤੇ ਸਥਾਨਿਕ ਜਨਤਕ ਪ੍ਰਦਰਸ਼ਨ ਨੇ ਹਿੰਸਕ ਰੂਪ ਧਾਰਨ ਕੀਤਾ ਅਤੇ ਜਿਵੇਂ ਇਸ ਨੂੰ ਕਾਬੂ ਕਰਨ ਵਿੱਚ ਪੁਲਿਸ ਨੇ ਰੋਲ ਅਦਾ ਕੀਤਾ, ਇਹ ਅਤਿ ਚਿੰਤਾਜਨਕ ਹੈ। ਇਸ ਹਿੰਸਾ ਵਿੱਚ 4 ਲੋਕ ਮਾਰੇ ਗਏ ਜਦਕਿ 89 ਦੇ ਕਰੀਬ ਜਖ਼ਮੀ ਹੋਏ, ਜਿਨ੍ਹਾਂ ਵਿੱਚੋਂ ਕਈ ਹਸਪਤਾਲ ਦਾਖਲ ਕਰਾਏ ਗਏ।

ਅਗਲੇ ਦਿਨ ਲੇਹ ਜ਼ਿਲ੍ਹੇ ਸਮੇਤ ਸਭ ਵੱਡੇ ਸ਼ਹਿਰਾਂ ਨੂੰ ਕਰਫਿਊ ਲਾ ਕੇ ਅਰਧ ਫ਼ੌਜੀ ਦਲਾਂ ਦੇ ਹਵਾਲੇ ਕਰ ਦਿੱਤਾ। ਲੇਹ ਐਪਕਸ ਬਾਡੀ (ਐੱਲ.ਏ.ਬੀ.) ਦੇ ਕਾਰਕੁਨਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। 50 ਤੋਂ ਵੱਧ ਕਾਰਕੁਨ ਗ੍ਰਿਫਤਾਰ ਕਰ ਲਏ ਗਏ। ਕੇਂਦਰ ਸਰਕਾਰ ਇਸ ਸਥਾਨਿਕ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਖਲਬਲੀ ਲਈ ਇਸ ਕੇਂਦਰੀ ਸ਼ਾਸਤ ਪ੍ਰਦੇਸ਼ ਦੇ ਲੋਕਾਂ ਦੀਆਂ ਹੱਕੀ ਮੰਗਾਂ ਦੇ ਸਮਰਥਨ ਵਿੱਚ 10 ਸਤੰਬਰ, 2025 ਤੋਂ ਹੋਰ 15 ਸਹਿਯੋਗੀਆਂ ਨਾਲ ਲੇਹ ਅੰਦਰ ਭੁੱਖ ਹੜਤਾਲ 'ਤੇ ਬੈਠੇ ਵਾਤਾਵਰਣ ਅਤੇ ਜਲਵਾਯੂ ਸੰਭਾਲ ਪ੍ਰੇਮੀ, ਉੱਘੇ ਵਿਗਿਆਨੀ ਅਤੇ ਮੈਗਾਸਾਸੇ ਐਵਾਰਡ ਨਾਲ ਸਨਮਾਨਿਤ ਸੋਨਮ ਵਾਂਗ ਚੁੱਕ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਉਹ ਇੱਕ ਗਾਂਧੀਵਾਦੀ ਅਹਿੰਸਾ ਪ੍ਰੇਮੀ ਆਗੂ ਹਨ। ਉਹ ਕੇਂਦਰੀ ਸ਼ਾਸਤ ਅਤੇ ਅਤਿ ਸੰਵੇਦਨਸ਼ੀਲ ਪ੍ਰਦੇਸ਼ ਵਿੱਚ ਅਜਿਹਾ ਕਦਾਚਿਤ ਨਹੀਂ ਚਾਹੁੰਦੇ। ਜਦੋਂ ਉਨ੍ਹਾਂ ਨੂੰ ਲੇਹ ਅੰਦਰ ਹਿੰਸਾ, ਅਗਜ਼ਨੀ, ਪੁਲਿਸ ਗੋਲਾਬਾਰੀ, ਜਿਸ ਵਿੱਚ ਪ੍ਰਦਰਸ਼ਨਕਾਰੀਆਂ ਨੇ ਭਾਜਪਾ ਦੇ ਦਫਤਰ, ਕਈ ਵਾਹਨਾਂ ਨੂੰ ਅੱਗ ਹਵਾਲੇ ਅਤੇ ਤੋੜ-ਫੋੜ ਦਾ ਪਤਾ ਲੱਗਾ, ਉਨ੍ਹਾਂ ਭੁੱਖ ਹੜਤਾਲ ਵਾਪਸ ਲੈ ਲਈ।

ਸੋਨਮ ਵਾਂਗ ਚੁੱਕ ਦਾ ਕਹਿਣਾ ਹੈ ਕਿ ਹਿਮਾਲਿਆ ਦੇ ਇਸ ਅਤਿ ਸੰਵੇਦਨਸ਼ੀਲ ਖੇਤਰ ਦੀਆਂ ਸਮੱਸਿਆਵਾਂ ਨੂੰ ਸਭ ਨਾਲ ਮਿਲ ਬੈਠ ਕੇ ਵਿਚਾਰ ਵਟਾਂਦਰਾ ਕਰਕੇ ਹੱਲ ਕਰਨ ਦੀ ਥਾਂ ਇਸ ਹਿੰਸਾ ਲਈ ਬੜੀ ਰਾਜਨੀਤਕ ਅਤੇ ਡਿਪਲੋਮੈਟਿਕ ਚਲਾਕੀ ਨਾਲ ਮੈਨੂੰ ਜ਼ਿੰਮੇਵਾਰ ਠਹਿਰਾ ਕੇ 'ਬਲੀ ਦਾ ਬੱਕਰਾ' ਬਣਾ ਕੇ ਇਹ ਸਮੱਸਿਆ ਹੱਲ ਹੋਣ ਵਾਲੀ ਨਹੀਂ ਹੈ। ਇਸ ਮਸਲੇ ਵਿੱਚ ਕਾਂਗਰਸ ਪਾਰਟੀ ਨੂੰ ਮੇਰੇ ਨਾਲ ਜੋੜਨਾ ਸਹੀ ਨਹੀਂ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਜਨਤਕ ਸੁਰੱਖਿਆ ਐਕਟ (ਪੀ.ਐੱਸ.ਏ.) ਅਧੀਨ ਗ੍ਰਿਫਤਾਰੀ ਤੋਂ ਨਹੀਂ ਡਰਦੇ, ਜਿਸ ਅਧੀਨ ਉਨ੍ਹਾਂ ਨੂੰ ਦੋ ਸਾਲ ਲਈ ਜੇਲ੍ਹ ਅੰਦਰ ਬੰਦ ਰੱਖਿਆ ਜਾ ਸਕਦਾ ਹੈ। ਪਰ ਉਨ੍ਹਾਂ ਕੇਂਦਰ ਸਰਕਾਰ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਨੂੰ ਬੁੱਧੀ ਅਤੇ ਦੂਰ-ਅੰਦੇਸ਼ੀ ਤੋਂ ਕੰਮ ਲੈਣ ਲਈ ਤਾਕੀਦ ਕੀਤੀ ਕਿ ਸਭ ਨੂੰ ਸਿਰ ਜੋੜ ਕੇ ਸਮੱਸਿਆ ਦਾ ਹੱਲ ਟੋਲਣਾ ਚਾਹੀਦਾ ਹੈ। ਨੌਜਵਾਨ ਨਿਰਾਸ਼ ਅਤੇ ਨਰਾਜ਼ ਹਨ। ਉਨ੍ਹਾਂ ਨੂੰ ਭਵਿੱਖ ਵਿੱਚ ਉਜਾਲੇ ਦੀ ਥਾਂ ਘੋਰ ਅੰਧੇਰਾ ਦਿਸ ਰਿਹਾ ਹੈ।

ਕਾਂਗਰਸ ਪਾਰਟੀ ਤੋਂ ਇਲਾਵਾ ਪੀਪਲਜ਼ ਡੈਮੋਕ੍ਰੈਟਿਕ ਪਾਰਟੀ (ਪੀ.ਡੀ.ਪੀ.) ਸੁਪਰੀਮੋ ਮਹਿਬੂਬਾ ਮੁਫ਼ਤੀ ਇਸ ਲਈ ਸੋਨਮ ਵਾਂਗ ਚੁੱਕ ਨੂੰ ਨਹੀਂ ਬਲਕਿ ਕੇਂਦਰ ਸਰਕਾਰ ਦੀਆਂ ਇਸ ਖਿੱਤੇ ਅੰਦਰ ਗਲਤ ਨੀਤੀਆਂ ਨੂੰ ਇਸ ਹਿੰਸਾ ਅਤੇ ਵਿਰੋਧ ਲਈ ਜ਼ਿੰਮੇਵਾਰ ਠਹਿਰਾਉਂਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ ਨੇ ਲਦਾਖ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਕੇ ਜੋ ਵਾਅਦੇ ਕੀਤੇ ਸਨ, ਇਸਦੀ ਤਰੱਕੀ, ਖੁਸ਼ਹਾਲੀ, ਇਕਜੁੱਟਤਾ ਅਤ ਸਥਾਨਿਕ ਸੱਭਿਆਚਾਰ ਦੀ ਰਖਵਾਲੀ ਲਈ, ਉਨ੍ਹਾਂ ਵਿੱਚੋਂ ਇੱਕ ਵੀ ਪੂਰਾ ਨਹੀਂ ਕੀਤਾ।

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਜਿਹੇ ਪ੍ਰੌੜ੍ਹ ਆਗੂ ਦਾ ਕਹਿਣਾ ਹੈ ਕਿ ਸੋਨਮ ਵਾਂਗ ਚੁੱਕ ਇੱਕ ਗਾਂਧੀਵਾਦੀ ਅਹਿੰਸਾ ਪ੍ਰੇਮੀ ਆਗੂ ਹਨ। ਉਹ ਹਰ ਕਿਸਮ ਦੀ ਹਿੰਸਾ ਦੇ ਖ਼ਿਲਾਫ਼ ਹਨ। ਉਨ੍ਹਾਂ ਨੂੰ ਅਜੋਕੀ ਹਿੰਸਕ ਸਥਿਤੀ ਲਈ ਜ਼ਿੰਮੇਵਾਰ ਠਹਿਰਾਉਣਾ ਸਰਾਸਰ ਗਲਤ ਹੈ ਅਤੇ ਇਹ ਗਲਤ ਦਿਸ਼ਾ ਵੱਲ ਕਾਰਵਾਈ ਕਰਨਾ ਹੈ। ਲੱਦਾਖ ਇੱਕ ਸਰਹੱਦੀ ਇਲਾਕਾ ਹੈ। ਚੀਨ ਇਸ 'ਤੇ ਨਿਸ਼ਾਨਾ ਸਾਧੀ ਬੈਠਾ ਹੈ। ਇਸਦੀ ਜ਼ਮੀਨ 'ਤੇ ਕਬਜ਼ਾ ਕਰੀ ਬੈਠਾ ਹੈ। ਇਸ ਅੰਦੋਲਨ ਲਈ ਨਵੀਂ ਉੱਭਰੀ ਨੌਜਵਾਨ ਸ਼ਕਤੀ ਹੈ ਜਿਸਨੇ ਇਸ ਅੰਦੋਲਨ ਤੋਂ ਸੋਨਮ ਵਾਂਗ ਚੁੱਕ ਨੂੰ ਲਾਂਭੇ ਕਰ ਦਿੱਤਾ ਹੈ। ਉਸਨੇ ਕੇਂਦਰ ਸਰਕਾਰ 'ਤੇ ਜ਼ੋਰ ਦਿੱਤਾ ਕਿ ਇਸ ਅੰਦੋਲਨ ਨੂੰ ਸ਼ਾਂਤ ਕਰਨ ਅਤੇ ਲਦਾਖ ਦੇ ਮੁੱਦੇ ਦੇ ਹੱਲ ਕਰਨ ਦਾ ਸਮਾਂ ਆ ਗਿਆ ਹੈ। ਕੇਂਦਰ ਸਰਕਾਰ ਨੂੰ ਇਸ ਤੋਂ ਉੱਕਣਾ ਨਹੀਂ ਚਾਹੀਦਾ ਅਤੇ ਤੁਰੰਤ ਮਿਲ ਬੈਠ ਕੇ ਹੱਲ ਕੱਢਣਾ ਚਾਹੀਦਾ ਹੈ।

ਕਰੀਬ ਤਿੰਨ ਲੱਖ, ਚਾਰ ਹਜ਼ਾਰ ਅਬਾਦੀ ਵਾਲੇ ਲੱਦਾਖ ਖੇਤਰ ਨੂੰ 5 ਅਗਸਤ, 2019 ਨੂੰ ਕੇਂਦਰ ਅੰਦਰ ਭਾਜਪਾ ਦੀ ਅਗਵਾਈ ਵਾਲੀ ਸ਼੍ਰੀ ਨਰਿੰਦਰ ਮੋਦੀ ਐੱਨ.ਡੀ.ਏ. ਸਰਕਾਰ ਨੇ ਜੰਮੂ-ਕਸ਼ਮੀਰ ਰਾਜ ਵਿੱਚੋਂ ਧਾਰਾ 370 ਅਤੇ 35 ਏ ਹਟਾ ਕੇ ਜੰਮੂ-ਕਸ਼ਮੀਰ ਪੁਨਰਗਠਨ ਐਕਟ, 2019 ਅਧੀਨ ਵੱਖਰਾ ਕੇਂਦਰੀ ਸ਼ਾਸਤ ਪ੍ਰਦੇਸ਼ ਗਠਤ ਕੀਤਾ ਸੀ। ਇਹ ਖੇਤਰ ਅਤਿ ਸੰਵੇਦਨਸ਼ੀਲ ਸਰਹੱਦੀ ਇਲਾਕਾ ਹੈ ਜੋ ਪੂਰਬ ਵਿੱਚ ਤਿੱਬਤ (ਚੀਨ), ਪੱਛਮ ਵਿੱਚ ਪਾਕਿਸਤਾਨ ਅਧੀਨ ਮਕਬੂਜ਼ਾ ਕਸ਼ਮੀਰ, ਉੱਤਰ ਵਿੱਚ ਚੀਨ ਅਤੇ ਦੱਖਣ ਵਿੱਚ ਹਿਮਾਚਲ ਪ੍ਰਦੇਸ਼ ਨਾਲ ਲਗਦਾ ਹੈ। ਸਿਆਚਿਨ ਗਲੇਸ਼ੀਅਰ ਅਤੇ ਅਕਮਾਈ ਚਿੰਨ ਐਸੇ ਖੇਤਰ ਹਨ ਜੋ ਨਿੱਤ ਦਿਨ ਪਾਕਿਸਤਾਨ ਅਤੇ ਚੀਨ ਨਾਲ ਸਰਹੱਦੀ ਵਿਵਾਦਾਂ ਨਾਲ ਘਿਰੇ ਰਹਿੰਦੇ ਹਨ। ਇਹ ਖੇਤਰ ਆਪਣੀ ਵਿਲੱਖਣ ਸੱਭਿਆਚਾਰਕ ਅਤੇ ਨਸਲੀ ਵਿਭਿੰਨਤਾ ਭਰੀ ਪਛਾਣ ਦਾ ਪ੍ਰਤੀਕ ਹੈ, ਜਿਸ ਵਿੱਚ ਹਿੰਦੂ, ਮੁਸਲਿਮ, ਬੋਧੀ ਅਤੇ ਸਥਾਨਿਕ ਕਬੀਲੇ ਸ਼ਾਮਲ ਹਨ।

ਜਦੋਂ ਇਸ ਖੇਤਰ ਨੂੰ ਜੰਮੂ ਕਸ਼ਮੀਰ ਨਾਲੋਂ ਵੱਖ ਕਰਕੇ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾਇਆ ਤਾਂ ਸਥਾਨਿਕ ਲੋਕਾਂ ਨੇ ਬਹੁਤ ਵੱਡੀ ਖੁਸ਼ੀ ਦਾ ਇਜ਼ਹਾਰ ਕੀਤਾ। ਉਹ ਸਮਝਦੇ ਸਨ ਕਿ ਉਹ ਹੁਣ ਆਪਣੀ ਅਲੱਗ ਖੁਦਮੁਖ਼ਤਾਰੀ, ਪਛਾਣ, ਤਰੱਕੀ ਨੂੰ ਸਥਾਪਿਤ ਕਰਨ ਦੇ ਸਮਰੱਥ ਹੋ ਸਕਣਗੇ। ਜੋ ਉਨ੍ਹਾਂ ਨੂੰ ਜੰਮੂ ਕਸ਼ਮੀਰ ਰਾਜ ਵਿੱਚ ਅਜੇ ਤਕ ਪ੍ਰਾਪਤ ਨਹੀਂ ਸੀ ਹੋ ਸਕੀ। ਉਹ ਚਾਹੁੰਦੇ ਸਨ ਕਿ ਲਦਾਖ ਨੂੰ ਇੱਕ ਪੂਰਨ ਰਾਜ ਦਾ ਰੁਤਬਾ ਦਿੱਤਾ ਜਾਏ। ਇਸ ਲਈ ਇੱਕ ਵਿਧਾਨ ਸਭਾ ਗਠਤ ਕੀਤੀ ਜਾਵੇ। ਵੱਖਰਾ ਪਬਲਿਕ ਸੇਵਾਵਾਂ ਕਮਿਸ਼ਨ ਸਥਾਪਿਤ ਕੀਤਾ ਜਾਏ। ਇਸ ਲਈ ਇਸ ਨੂੰ ਸੰਵਿਧਾਨ ਦੀ 6ਵੀਂ ਸੂਚੀ ਵਿੱਚ ਦਰਜ ਕੀਤਾ ਜਾਏ। ਆਦਿਵਾਸੀ ਖੇਤਰਾਂ ਲਈ ਸਵੈਸ਼ਾਸਨ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਉਨ੍ਹਾਂ ਦੇ ਸੱਭਿਆਚਾਰ ਅਤੇ ਵੱਖਰੀ ਪਛਾਣ ਲਈ ਸੰਵਿਧਾਨਿਕ ਪ੍ਰਬੰਧ ਕੀਤੇ ਜਾਣ। ਉਨ੍ਹਾਂ ਦੇ ਜ਼ਮੀਨੀ ਅਧਿਕਾਰ ਸੁਨਿਸ਼ਚਿਤ ਕੀਤੇ ਜਾਣ। ਖਿੱਤੇ ਦੇ ਵਾਤਾਵਰਣ, ਬਨਸਪਤੀ ਅਤੇ ਕੁਦਰਤੀ ਸੁੰਦਰਤਾ ਦੀ ਸੰਭਾਲ ਯਕੀਨੀ ਬਣਾਈ ਜਾਏ। ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਸਨਅਤੀ ਕਰਨ, ਛੋਟੇ ਅਤੇ ਮੱਧ ਉਦਯੋਗਾਂ ਦੀ ਸਥਾਪਤੀ ਕੀਤੀ ਜਾਏ। ਇਸ ਲਈ ਉਨ੍ਹਾਂ ਇਸਦੀ ਇੱਕੋ ਸੀਟ ਤੋਂ ਭਾਜਪਾ ਆਗੂ ਜਿਤਾਇਆ। ਪਰ ਜਦੋਂ ਉਨ੍ਹਾਂ ਦੀਆਂ ਹੱਕੀ ਮੰਗਾਂ ਪ੍ਰਤੀ ਕੇਂਦਰ ਨੇ ਟਾਲ-ਮਟੋਲ ਦੀ ਨੀਤੀ ਜਾਰੀ ਰੱਖੀ ਤਾਂ ਉਨ੍ਹਾਂ ਵੱਲੋਂ ਗਠਤ ਐੱਲ.ਏ.ਬੀ. ਨੇ ਸੋਨਮ ਵਾਂਗ ਚੁੱਕ ਦੀ ਅਗਵਾਈ ਵਿੱਚ ਲੇਹ ਤੋਂ ਦਿੱਲੀ ਤਕ ਪਦਯਾਤਰਾ ਕੀਤੀ ਤਾਂ ਕਿ ਕੇਂਦਰ ਸਰਕਾਰ ਅਤੇ ਰਾਸ਼ਟਰ ਦਾ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਕੇਂਦਰ ਕੀਤਾ ਜਾਵੇ। ਲੇਕਿਨ ਕੇਂਦਰ ਸਰਕਾਰ ਨੇ ਸੰਜੀਦਗੀ ਨਾ ਵਿਖਾਈ। ਆਖ਼ਰ ਵਾਂਗ ਚੁੱਕ ਨੂੰ 10 ਸਤੰਬਰ, 2025 ਨੂੰ ਭੁੱਖ ਹੜਤਾਲ ਕਰਨ ਲਈ ਮਜਬੂਰ ਹੋਣਾ ਪਿਆ। ਰਾਜ ਵਿੱਚ ਵਧਦੀ ਬੇਰੋਜ਼ਗਾਰੀ ਅਤੇ ਪੜ੍ਹੇ ਲਿਖੇ ਵਿਹਲੜ ਨੌਜਵਾਨਾਂ ਨੂੰ ਅੰਦੋਲਨ ਵਿੱਚ ਕੁੱਦਣ ਲਈ ਮਜਬੂਰ ਕੀਤਾ।

ਹਕੀਕਤ ਵਿੱਚ ਲੱਦਾਖ ਦੇ ਬੁੱਧ ਧਰਮ ਦੇ ਪ੍ਰਭਾਵ ਵਾਲੇ ਸ਼ਾਂਤਮਈ ਖੇਤਰ ਵਿੱਚ ਨੌਜਵਾਨ ਪੀੜ੍ਹੀ ਵਿੱਚ ਬੇਰੋਜ਼ਗਾਰੀ, ਬੇਕਾਰੀ, ਧੁੰਦਲੇ ਭਵਿੱਖ ਕਰਕੇ ਜੈਨ ਜ਼ੈੱਡ ਅੰਦੋਲਨ ਜੋ 'ਅਰਬ ਬਹਾਰ' ਅੰਦੋਲਨ ਵਾਂਗ ਸ਼੍ਰੀ ਲੰਕਾ, ਬੰਗਲਾ ਦੇਸ਼ ਅਤੇ ਨੇਪਾਲ ਵਿੱਚ ਭੜਕਣ, ਸੱਤਾ ਬਦਲਣ ਬਾਅਦ ਦਸਤਕ ਦਿੰਦਾ ਵਿਖਾਈ ਦੇ ਰਿਹਾ ਹੈ। ਇਹ ਭਾਰਤ ਅੰਦਰ ਖਤਰੇ ਦੀ ਘੰਟੀ ਹੈ।

24 ਸਤੰਬਰ ਨੂੰ ਉੱਤਰਾਖੰਡ ਅੰਦਰ ਭਾਜਪਾ ਦੀ ਪੁਸ਼ਕਰ ਸਿੰਘ ਧਾਮੀ ਦੀ ਦੂਰ-ਅੰਦੇਸ਼ੀ ਰਹਿਤ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਦੀਆਂ ਅਸਾਮੀਆਂ ਭਰਨ ਲਈ ਪ੍ਰੀਖਿਆਵਾਂ ਵਿੱਚ 'ਪੇਪਰ ਲੀਕ' ਮਾਫ਼ੀਆ ਵਿਰੁੱਧ ਪੂਰੇ ਪ੍ਰਦੇਸ਼ ਵਿੱਚੋਂ ਬੇਰੋਜ਼ਗਾਰ ਨੌਜਵਾਨ ਨੇ ਦੇਹਰਾਦੂਨ ਵਿਖੇ ਵੱਡਾ ਮੁਜ਼ਾਹਰਾ ਕੀਤਾ। ਸਥਿਤੀ ਉਦੋਂ ਵਿਗੜੀ ਜਦੋਂ ਇਸ ਮਾਫੀਆਂ ਦੇ ਗੁੰਡਾਗਰਦ ਗ੍ਰੋਹ ਨੇ ਇਸ ਨੂੰ ਸਾਬੋਤਾਜ਼ ਕਰਨ ਦਾ ਯਤਨ ਕੀਤਾ। ਇਹ ਅੰਦੋਲਨ ਵੀ ਜੈਨ ਜ਼ੈੱਡ ਦੀ ਦਸਤਕ ਹੈ। ਜੇ ਰਾਜ ਵਿੱਚ ਰੇਤ ਬਜਰੀ, ਲੈਂਡ ਅਤੇ ਪੇਪਰ ਲੀਕ ਮਾਫੀਆ ਨਾਲ ਨਾ ਨਜਿੱਠਿਆ ਗਿਆ ਤਾਂ ਸਥਿਤੀ ਬੇਕਾਬੂ ਹੋ ਸਕਦੀ ਹੈ।

ਕੀ ਫ਼ੌਜੀ ਬੂਟ ਅਤੇ ਬੰਦੂਕ ਮਨੀਪੁਰ ਅੰਦਰ ਹਿੰਸਾ ਰੋਕ ਸਕੇ ਜੋ 3 ਮਈ, 2023 ਨੂੰ ਆਲ ਟਰਾਈਬਲ ਸਟੂਡੈਂਟ ਯੂਨੀਅਨ ਵੱਲੋਂ ਸ਼ੁਰੂ ਕੀਤੀ ਗਈ ਸੀ? ਅੱਜ ਭਾਜਪਾ ਦੇ ਰਾਜ ਅੰਦਰ ਸਭ ਵਿਧਾਇਕ ਉਸ ਵਿਰੁੱਧ ਖੜ੍ਹੇ ਹਨ।

ਵੱਖ-ਵੱਖ ਰਾਜਾਂ ਅੰਦਰ ਜਿੱਥੇ ਗੈਰ ਭਾਜਪਾ ਸਰਕਾਰਾਂ ਹਨ, ਰਾਜਪਾਲਾਂ ਦੀ ਕੇਂਦਰ ਦੀ ਸ਼ਹਿ ਤੇ ਗੈਰ-ਸੰਵਿਧਾਨਿਕ ਦਖਲ ਅੰਦਾਜ਼ੀ ਕੇਂਦਰ ਸਰਕਾਰ ਵਿਰੁੱਧ ਸੁਲਗਦੇ ਅੰਦੋਲਨਾਂ ਨੂੰ ਜਨਮ ਦੇ ਰਹੀ ਹੈ। ਸੁਪਰੀਮ ਕੋਰਟ ਵੱਲੋਂ ਰਾਜਪਾਲਾਂ ਨੂੰ ਤੰਬੀਹ ਅਤੇ ਸੰਵਿਧਾਨਿਕ ਸੀਸ਼ਾ ਵਿਖਾਉਣ ਦੇ ਬਾਵਜੂਦ ਉਹ ਨਹੀਂ ਟਲ਼ ਰਹੇ। ਸੰਵਿਧਾਨਿਕ ਅਸੰਤੋਸ਼ ਰਾਸ਼ਟਰ ਨੂੰ ਵੱਡੇ ਟਕਰਾਅ ਵੱਲ ਧਕੇਲ ਸਕਦਾ ਹੈ। ਪੰਜਾਬ ਰਾਜ ਵਿੱਚ ਸਿੱਖ ਨੌਜਵਾਨਾਂ ਦੀ ਰਾਸ਼ਟਰਪਤੀ ਰਾਜ, ਬੇਅੰਤ ਸਿੰਘ ਕਾਂਗਰਸ ਸਰਕਾਰ ਵੇਲੇ ਫ਼ੌਜ, ਅਰਧ ਫੌਜੀ ਦਲਾਂ ਪੁਲਿਸ ਵੱਲੋਂ ਝੂਠੇ ਮੁਕਾਬਲਿਆਂ ਵਿੱਚ ਨਸਲ ਕੁਸ਼ੀ, ਗਾਜ਼ਾ ਵਾਂਗ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ 37 ਗੁਰਦੁਆਰਿਆਂ ਸਮੇਤ ਪੰਜਾਬ ਵਿੱਚ ਫ਼ੌਜੀ ਨੀਲਾ ਤਾਰਾ ਅਪਰੇਸ਼ਨ, ਜੂਨ 1984, ਨਵੰਬਰ 1984 ਵਿੱਚ 31 ਅਕਤੂਬਰ ਨੂੰ ਇੰਦਰਾ ਗਾਂਧੀ ਕਤਲ ਬਾਅਦ ਦਿੱਲੀ ਤੇ ਹੋਰ ਅਨੇਕ ਸਥਾਨਾਂ 'ਤੇ ਸਿੱਖ ਕਤਲ-ਏ-ਆਮ ਕੀ ਸਿੱਖ ਨੌਜਵਾਨ ਅਤੇ ਸਿੱਖ ਕੌਮ ਭੁੱਲ ਚੁੱਕੀ ਹੈ? ਹੁਣ ਅਗਸਤ-ਸਤੰਬਰ 2025 ਹੜ੍ਹਾਂ ਵਿੱਚ ਕਿਸੇ ਕੇਂਦਰ ਜਾਂ ਰਾਜ ਸਰਕਾਰਾਂ ਨੇ ਪੰਜਾਬੀਆਂ ਦੀ ਬਾਂਹ ਨਹੀਂ ਫੜੀ, ਖ਼ੁਦ ਪੰਜਾਬੀ ਨੌਜਵਾਨ, ਕਲਾਕਾਰ, ਪ੍ਰਵਾਸੀ ਪੰਜਾਬੀ ਉਨ੍ਹਾਂ ਦੀ ਮਦਦ ਲਈ ਕੁੱਦ ਪਏ। ਪੰਜਾਬ ਵਿੱਚ ਨੌਜਵਾਨ ਨੂੰ ਚਿੱਟੇ, ਗੈਂਗਸਟਰਵਾਦ ਅਤੇ ਹੁਣ ਪ੍ਰਵਾਸੀਆਂ ਵਿਰੋਧੀ ਮੁੱਦੇ ਦਾ ਸ਼ਿਕਾਰ ਕੌਣ ਬਣਾ ਰਿਹਾ? ਆਖ਼ਰ ਇਹ ਅੰਦਰੋ-ਅੰਦਰ ਸੁਲਗਦਾ ਲਾਵਾ ਜੈਨ ਜ਼ੈੱਡ ਵਜੋਂ ਕਿਸੇ ਸਮੇਂ ਭੜਕ ਸਕਦਾ ਹੈ।

(ਬਾਕੀ ਸਫ਼ਾ 27 'ਤੇ)

# ਹੜ੍ਹਾਂ ਤੋਂ ਬਾਅਦ ਕਿਸਾਨਾਂ ਲਈ ਖੜ੍ਹੀ ਹੋਵੇਗੀ ਮੰਡੀਕਰਨ ਦੀ ਸਮੱਸਿਆ



ਬਲਬੀਰ ਸਿੰਘ ਰਾਜੇਵਾਲ

ਪੰਜਾਬ ਅੱਜ ਬੇਹਾਲ ਅਤੇ ਬੇਬੱਸ ਹੈ। ਪਿਛਲੇ ਦਿਨੀਂ ਮਨੁੱਖੀ ਗਲਤੀਆਂ ਕਾਰਨ ਪੰਜਾਬ ਵਿੱਚ ਭਿਆਨਕ ਹੜ੍ਹ ਆਏ। ਜ਼ਿੰਮੇਵਾਰ ਅਧਿਕਾਰੀਆਂ ਨੇ ਪਹਿਲਾਂ ਸਾਰੇ ਡੈਮ ਲਗਭਗ ਭਰ ਲਏ। ਜਦੋਂ ਡੈਮਾਂ ਦਾ ਪਾਣੀ ਉਛਲਣ ਕਿਨਾਰੇ ਤੱਕ ਭਰ ਗਿਆ ਤਾਂ ਅਧਿਕਾਰੀਆਂ ਨੇ ਇੱਕ ਦਮ ਡੈਮਾਂ ਦੇ ਫਲੱਡ ਗੇਟ ਖੋਲ੍ਹ ਦਿੱਤੇ। ਸਰਕਾਰ ਨੇ ਨਾ ਤਾਂ ਕਦੀ ਡੈਮਾਂ ਵਿਚੋਂ ਗਾਰ ਕੱਢੀ ਅਤੇ ਨਾ ਪੰਜਾਬ ਦੀਆਂ ਸਰਕਾਰਾਂ ਨੇ ਕਦੀ ਦਰਿਆਵਾਂ, ਛੋਟੀਆਂ ਨਦੀਆਂ, ਨਾਲਿਆਂ ਦੀ ਚੰਗੀ ਤਰ੍ਹਾਂ ਸਫ਼ਾਈ ਕਰਵਾਈ। ਕਿਸੇ ਵੇਲੇ ਸਤਲੁਜ ਦੀ ਪ੍ਰਾਜੈਕਟ ਰਿਪੋਰਟ ਅਨੁਸਾਰ ਇਸ ਦੀ ਸਾਢੇ ਚਾਰ ਲੱਖ ਕਿਊਸਿਕ ਪਾਣੀ ਲੈ ਕੇ ਅੱਗੇ ਲੰਘਾਉਣ ਦੀ ਸਮਰੱਥਾ ਸੀ ਪਰ ਇਸ ਵਾਰ ਤਾਂ ਸਵਾ ਲੱਖ ਕਿਊਸਿਕ ਪਾਣੀ ਛੱਡਣ ਨਾਲ ਹੀ ਇਸ ਨੇ ਤਬਾਹੀ ਮਚਾ ਦਿੱਤੀ। ਇਹੋ ਹਾਲ ਬਿਆਸ ਅਤੇ ਰਾਵੀ ਦਾ ਹੋਇਆ। ਪੰਜਾਬ ਦੇ ਲਗਭਗ ਢਾਈ ਹਜ਼ਾਰ ਪਿੰਡ ਹੜ੍ਹਾਂ ਵਿੱਚ ਤਬਾਹ ਹੋ ਗਏ। ਸਰਕਾਰ ਤਾਂ ਪੰਜ ਲੱਖ ਏਕੜ ਫ਼ਸਲਾਂ ਤਬਾਹ ਹੋਣ ਦਾ ਦਾਅਵਾ ਕਰਦੀ ਹੈ ਪਰ ਸਾਡੀ ਰਿਪੋਰਟ ਅਨੁਸਾਰ ਇਹ 6 ਲੱਖ ਏਕੜ ਤੋਂ ਘੱਟ ਨਹੀਂ। ਪੰਜਾਬ ਅਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਕਰਦੀ ਹੈ, ਪਰ 2023 ਦੇ ਹੜ੍ਹਾਂ ਦੇ ਮੁਆਵਜ਼ੇ ਵਜੋਂ ਤਾਂ ਸਰਕਾਰ ਨੇ ਧੇਲਾ ਨਹੀਂ ਦਿੱਤਾ। ਇਸ ਸਾਲ ਦੀ ਤਬਾਹੀ ਲਈ ਦੋਵੇਂ ਸਰਕਾਰਾਂ ਇੱਕ ਦੂਜੇ ਨੂੰ ਚਹੇੜਾਂ ਕਰਨ ਵਿੱਚ ਰੁੱਝੀਆਂ ਹੋਈਆਂ ਹਨ। ਇਸ ਤਬਾਹੀ ਵਿਚੋਂ ਉਭਰਨ ਲਈ ਪ੍ਰਭਾਵਿਤ ਪੰਜਾਬੀਆਂ ਨੂੰ ਕਿੰਨੇ ਸਾਲ ਲੱਗਣਗੇ, ਕਿਸੇ ਨੂੰ ਚਿੰਤਾ ਨਹੀਂ।

**ਪੰਜਾਬ ਵੱਸਦਾ ਗੁਰਾਂ ਦੇ ਨਾਂ ’ਤੇ**

ਪੰਜਾਬੀ ਇਹ ਮੰਨ ਕੇ ਚਲਦੇ ਹਨ। ਸਾਡੇ ਗੁਰੂਆਂ ਨੇ ਪਰਾਇਆ ਦੁੱਖ ਆਪਣਾ ਮੰਨ ਕੇ ਮਦਦ ਕਰਨੀ ਸਿਖਾਈ ਹੈ। ਅਜਿਹੇ ਔਖੇ ਸਮੇਂ ਦੁਨੀਆ ਭਰ ਵਿੱਚ ਬੈਠੇ ਪੰਜਾਬੀ ਆਪਣੇ ਪੰਜਾਬੀ ਪਰਿਵਾਰਾਂ ਨੂੰ ਪੈਰਾਂ ਸਿਰ ਖੜ੍ਹੇ ਕਰਨ ਲਈ ਭੱਜ ਕੇ ਹੜ੍ਹ ਪੀੜਤਾਂ ਦੀ ਮੱਦਦ ਲਈ ਮੌਕੇ ’ਤੇ ਪੁੱਜ ਗਏ ਹਨ। ਹਰ ਲੋੜੀਦੀ ਮੱਦਦ ਪੀੜਤਾਂ ਤੱਕ ਪਹੁੰਚਾਈ ਜਾ ਰਹੀ ਹੈ। ਸਰਕਾਰਾਂ ਬਿਆਨਾਂ ਤੱਕ ਸੀਮਤ ਹਨ, ਮੈਦਾਨਾਂ ਵਿੱਚ ਕਿਤੇ ਨਜ਼ਰ ਨਹੀਂ ਆਉਂਦੀਆਂ। ਜਦੋਂ ਹੜ੍ਹ ਆਏ, ਪਾਣੀ ਦੇ ਧੁੱਸੀ ਬੰਨਾਂ ’ਤੇ ਪੰਜਾਬੀ ਡਟ ਕੇ ਪਹਿਰਾ ਦੇ ਰਹੇ ਸਨ। ਕੋਈ ਮਿੱਟੀ ਦੇ ਥੈਲੇ ਭਰ ਭਰ ਲਿਜਾ ਰਿਹਾ ਸੀ ਤੇ ਕੋਈ ਲੰਗਰ। ਸਰਕਾਰ ਨਦਾਰਦ, ਬਿਆਨਬਾਜ਼ੀ ਤੱਕ ਸੀਮਤ। ਬਹੁਤੇ ਲੀਡਰ ਗੋਡਿਆਂ ਤੱਕ ਪੰਜਾਮੇ ਚੜ੍ਹਾ ਕੇ ਫੋਟੋ ਖਿਚਵਾਉਣ ਵਿੱਚ ਮਸਤ ਰਹੇ। ਇਸ ਸਭ ਦੇ ਬਾਵਜੂਦ ਪੰਜਾਬੀਆਂ ਨੇ ਮੋਰਚਾ ਸੰਭਾਲਿਆ ਹੋਇਆ ਹੈ। ਕੋਈ ਮਾਲੀ ਮਦਦ ਕਰ ਰਿਹਾ ਹੈ, ਕੋਈ ਟਰੈਕਟਰ ਦੇ ਰਿਹਾ ਹੈ। ਪਿੰਡਾਂ ਦੇ ਪਿੰਡ ਰਾਸ਼ਨ ਤੂੜੀ, ਪਸ਼ੂ ਅਚਾਰ ਅਤੇ



ਹੋਰ ਸਮੱਗਰੀ ਭੇਜ ਰਹੇ ਹਨ। ਲਾਈਨ ਨਹੀਂ ਟੁੱਟਦੀ। ਸਰਕਾਰ ਤੋਂ ਆਸ ਛੱਡ ਕੇ ਪੰਜਾਬੀ ਪਿੰਡਾਂ ਦੇ ਪਿੰਡ ਗੋਦ ਲੈ ਰਹੇ ਹਨ। ਗੁਰੂਆਂ ਦੇ ਅਸ਼ੀਰਵਾਦ ਸਦਕਾ ਇਸ ਤਰਾਸਦੀ ’ਤੇ ਕਾਬੂ ਪਾ ਲਿਆ ਜਾਵੇਗਾ। ਸਰਕਾਰਾਂ ਦੀ 1600 ਕਰੋੜ ਜਾਂ 16 ਹਜ਼ਾਰ ਕਰੋੜ ਦੀ ਮੱਦਦ ਦੀ ਕਸ਼ਮਕਸ਼ ਪੰਜਾਬੀਆਂ ਨੂੰ ਰੜਕਦੀ ਰਹੇਗੀ।

**ਗੱਲ ਹਾਲਾਂ ਮੁੱਕੀ ਨਹੀਂ**

ਹੜ੍ਹਾਂ ਤੋਂ ਬਚੇ ਇਲਾਕਿਆਂ ਵਿੱਚ ਝੋਨੇ ਦੀ ਵਾਢੀ ਸ਼ੁਰੂ ਹੋ ਗਈ ਹੈ। ਬਾਸਮਤੀ ਦੇ ਘਟੇ ਝਾੜ ਨੇ ਕਿਸਾਨਾਂ ਨੂੰ ਮਾਯੂਸ ਕੀਤਾ ਹੈ। ਕਿਸਾਨ ਪ੍ਰੇਸ਼ਾਨ ਹਨ ਕਿ ਚਾਈਨਾ ਵਾਇਰਸ ਅਤੇ ਹਲਦੀ ਰੋਗ ਦੀਆਂ ਬਿਮਾਰੀਆਂ ਨੇ ਕਿਸਾਨਾਂ ਨੂੰ ਇੱਕ ਹੋਰ ਝਟਕਾ ਦੇ ਦਿੱਤਾ ਹੈ। ਜਿਸ ਤਰ੍ਹਾਂ ਪੰਜਾਬ ਸਰਕਾਰ ਦੇ ਲਾਰੇ ਅਤੇ ਝੂਠ ਬੋਲਣ ਦੀ ਆਦਤ ਹੈ, ਮੈਨੂੰ ਨਹੀਂ ਲਗਦਾ ਇਨ੍ਹਾਂ ਬਿਮਾਰੀਆਂ ਤੋਂ ਪ੍ਰਭਾਵਿਤ ਖੇਤਾਂ ਦੀ ਸਰਕਾਰ ਸਪੈਸ਼ਲ ਗਿਰਦਾਵਰੀ ਕਰਵਾਏਗੀ। ਇਨ੍ਹਾਂ ਬਿਮਾਰੀਆਂ ਤੋਂ ਹੋਏ ਨੁਕਸਾਨ ਦਾ ਲੇਖਾ ਕਰਕੇ ਕੌਣ ਬਲਾਅ ਆਪਣੇ ਗੱਲ ਪਾਵੇਗਾ। ਕੋਈ ਸਮਾਂ ਸੀ, ਅਜਿਹੀ ਸਥਿਤੀ ਵਿੱਚ ਸਰਕਾਰ ਮੁਆਵਜ਼ਾ ਤਾਂ ਦਿਆ ਹੀ ਕਰਦੀ ਸੀ ਸਗੋਂ ਫਸਲਾਂ ’ਤੇ ਬੋਨਸ ਵੀ ਦਿਆ ਕਰਦੀ ਸੀ। ਹੁਣ ਤਾਂ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਲਈ ਬੋਨਸ ’ਤੇ ਵੀ ਪਾਬੰਦੀ ਲਾਈ ਹੋਈ ਹੈ। ਪੰਜਾਬ ਸਰਕਾਰ ਲਈ ਇਹੋ ਬਹਾਨਾ ਕਾਫੀ ਹੈ।

ਜਦੋਂ ਪੰਜਾਬ ਵਿੱਚ ਝੋਨੇ ਦੀ ਫਸਲ ਆਈ, ਉਦੋਂ ਕੇਂਦਰ ਸਰਕਾਰ ਨੇ ਇਸਦੀ ਖਰੀਦ ਲਈ ਮਿਆਰ ਇੱਕ ਹੱਦ ਤੱਕ ਸਾਰਥਕ ਤਹਿ ਕੀਤੇ ਹੋਏ ਸਨ। ਝੋਨਾ 22 ਫ਼ੀਸਦੀ ਨਮੀ ਵਾਲਾ ਸਰਕਾਰ ਖਰੀਦਿਆ ਕਰਦੀ ਸੀ। ਹੌਲੀ ਹੌਲੀ ਕੇਂਦਰ ਸਰਕਾਰ ਨੇ ਖਰੀਦ ਦੇ ਮਿਆਰ ਸਖ਼ਤ ਕਰਨੇ ਸ਼ੁਰੂ ਕਰ ਦਿੱਤੇ। ਸਰਕਾਰ ਜਿਸ ਸ਼ੈਲਰ ਵਿੱਚ ਝੋਨੇ ਦੀ ਫਸਲ ਖਰੀਦ ਕੇ ਚਾਵਲ ਕੱਢਣ ਲਈ ਸਟੋਰ ਕਰਦੀ ਹੈ, ਉਸ ਤੋਂ ਇੱਕ ਕੁਇੰਟਲ ਝੋਨੇ ਪਿੱਛੇ 67 ਕਿਲੋ ਚਾਵਲ 14 ਫ਼ੀਸਦੀ ਨਮੀ ਵਾਲੇ ਲੈਂਦੀ ਹੈ। ਇਸ ਲਈ 22 ਫ਼ੀਸਦੀ ਨਮੀ ਕਾਰਨ ਸਰਕਾਰ ਐਫ.ਸੀ.ਆਈ. ਰਾਹੀਂ ਸ਼ੈਲਰਾਂ ਨੂੰ ਸੋਕ ਲਈ 5 ਫ਼ੀਸਦੀ ਪੈਸੇ ਦਿਆ ਕਰਦੀ ਸੀ। ਹੌਲੀ ਹੌਲੀ ਕੇਂਦਰ ਸਕਰਾਰ ਨੇ ਝੋਨੇ ਦੀ ਨਮੀ ਦੀ ਮਾਤਰਾ 22 ਤੋਂ ਘਟਾ ਕੇ 21 ਫ਼ੀਸਦੀ ਕੀਤੀ, ਫਿਰ 20, ਫਿਰ 19, ਫਿਰ 18 ਅਤੇ ਹੁਣ 17 ਫ਼ੀਸਦੀ ਕਰ ਦਿੱਤੀ। ਇਸ ਵਾਧੂ ਨਮੀ ਲਈ ਜੋ ਪੈਸੇ ਸਰਕਾਰ ਐਫ.ਸੀ.ਆਈ. ਰਾਹੀਂ ਸ਼ੈਲਰ ਮਾਲਕਾਂ ਨੂੰ ਦਿਆ ਕਰਦੀ ਸੀ, ਉਸਨੇ ਆਪਣੇ ਪੈਸੇ ਬਚਾ ਲਏ, ਪਰ ਇਸ ਸੋਕ ਦਾ ਬੋਝ ਕਿਸਾਨਾਂ ਸਿਰ ਪਾ ਦਿੱਤਾ।

ਅਸੀਂ ਅਸਾਧਾਰਨ ਸਥਿਤੀ ਦਾ ਸਾਹਮਣਾ ਕੀਤਾ ਹੈ। ਹੜ੍ਹਾਂ ਕਾਰਨ ਇਸ ਵੇਲੇ ਵਾਤਾਵਰਣ ਵਿੱਚ ਨਮੀ ਵਧੇਰੇ ਹੈ। ਆਉਣ ਵਾਲੇ ਦਿਨਾਂ ਵਿੱਚ ਠੰਡ ਉਤਰਨ ਲੱਗੇਗੀ ਤਾਂ ਝੋਨੇ ਵਿੱਚ ਨਮੀ ਦੀ ਮਾਤਰਾ ਹੋਰ ਵਧੇਗੀ, ਜੋ 25 ਫ਼ੀਸਦੀ ਤੱਕ ਜਾ ਸਕਦੀ ਹੈ। ਅਜਿਹੀ ਸਥਿਤੀ ਵਿੱਚ ਸ਼ੈਲਰ ਮਾਲਕ ਵੱਧ ਨਮੀ ਕਾਰਨ ਝੋਨੇ ਦੀ ਖਰੀਦ ਸਮੇਂ ਨੱਕ ਬੁੱਲ੍ਹ ਮਾਰਨਗੇ। ਮੰਡੀਆਂ ਝੋਨੇ ਨਾਲ ਭਰੀਆਂ ਹੋਣਗੀਆਂ, ਅਜਿਹੀ ਸਥਿਤੀ ਵਿੱਚ ਕਿਸਾਨਾਂ ਦਾ ਸ਼ੋਸ਼ਣ ਲਾਜ਼ਮੀ ਹੋਵੇਗਾ। ਇਹੋ ਨਹੀਂ ਚਾਈਨੀਜ਼ ਵਾਇਰਸ ਅਤੇ ਹਲਦੀ ਰੋਗ ਕਾਰਨ ਝੋਨੇ ਵਿੱਚ ਬਦਰੰਗ ਅਤੇ ਕਾਲੇ ਦਾਣੇ ਦੀ ਸਮੱਸਿਆ ਹੋਰ ਵੀ ਜ਼ਿਆਦਾ ਹੋਵੇਗੀ। ਇਹ ਵੀ ਝੋਨਾ ਵੇਚਣ ਸਮੇਂ ਕਿਸਾਨਾਂ ਲਈ ਵੱਡੀ ਮੁਸੀਬਤ ਬਣਨਗੇ। ਨਜ਼ਲਾ ਕਿਸਾਨ ’ਤੇ ਹੀ ਡਿਗੇਗਾ। ਚਾਈਨਾ ਵਾਇਰਸ ਵਾਲੇ ਖੇਤ ਤਾਂ ਬਰਬਾਦ ਹੀ ਹੋ ਗਏ। ਕੋਈ ਝਾੜ ਹੀ ਨਹੀਂ। ਭਾਵੇਂ ਲੇਟ ਹੀ ਸਹੀ ਪਰ ਹਾਲਾਂ ਵੀ ਸਮਾਂ ਹੈ ਕਿ ਪੰਜਾਬ ਸਰਕਾਰ ਤੁਰੰਤ ਇਹ ਮਸਲਾ ਕੇਂਦਰੀ ਖੁਰਾਕ ਮੰਤਰੀ, ਜਿਸ ਨੇ ਇਹ ਮਿਆਰ ਤਹਿ ਕਰਨੇ ਹੁੰਦੇ ਹਨ, ਉਸ ਪੱਧਰ ’ਤੇ ਉਠਾ ਕੇ ਝੋਨੇ ਦੀ ਖਰੀਦ ਦੇ ਮਿਆਰ ਨਰਮ ਕਰਵਾਏ। ਉਸ ਤੋਂ ਵੀ ਅੱਗੇ ਪੰਜਾਬ ਦੀ ਤਰਾਸਦੀ ਨੂੰ ਧਿਆਨ ਵਿੱਚ ਰੱਖ ਕੇ ਪ੍ਰਧਾਨ ਮੰਤਰੀ ਦੇ ਦਖ਼ਲ ਦੀ ਵੀ ਮੰਗ ਕਰੇ। ਅਜਿਹੀ ਸਥਿਤੀ ਵਿੱਚ ਹੜ੍ਹਾਂ ਨਾਲ ਹੋਈ ਤਬਾਹੀ ਤੋਂ ਬਾਅਦ ਪੰਜਾਬ ਤੋਂ ਕੇਂਦਰੀ ਅੰਨ ਭੰਡਾਰ ਲਈ ਦਿੱਤੇ ਜਾਣ ਵਾਲੇ ਚਾਵਲਾਂ ਵਿੱਚ ਤਾਂ ਕਮੀ ਹੋਵੇਗੀ ਹੀ, ਮੰਡੀਆਂ ਵਿੱਚ ਆਉਣ ਵਾਲੇ ਝੋਨੇ ਵਿੱਚ ਝਾੜ ਘਟਣ ਅਤੇ ਝੋਨੇ ਦੀ ਕੁਆਲਟੀ ਖਰਾਬ ਹੋਣ ਕਾਰਨ, ਜੇ ਮਿਆਰ ਨਾ ਬਦਲੇ ਤਾਂ ਪੰਜਾਬ ਦੇ ਕਿਸਾਨਾਂ ਨੂੰ ਹਜ਼ਾਰਾਂ ਕਰੋੜ ਦਾ ਰਗੜਾ ਲੱਗੇਗਾ, ਮੰਡੀ ਵਿੱਚ ਕਿਸਾਨਾਂ ਦਾ ਵੱਡੀ ਪੱਧਰ ’ਤੇ ਸ਼ੋਸ਼ਣ ਵੀ ਹੋਵੇਗਾ।

ਸਮਾਂ ਮੰਗ ਕਰਦਾ ਹੈ ਕਿ ਬਿਨਾਂ ਹੋਰ ਦੇਰੀ ਤੋਂ ਸਰਕਾਰ ਵੱਡੀ ਪੱਧਰ ’ਤੇ ਇਸ ਅਤਿ ਗੰਭੀਰ ਮੁੱਦੇ ਨੂੰ ਕੇਂਦਰ ਕੋਲ ਉਠਾ ਕੇ ਕਿਸਾਨਾਂ ਲਈ ਰਾਹਤ ਲੈ ਕੇ ਦੇਵੇ। ਅੱਗੇ ਲਈ ਦਰਿਆਵਾਂ ਅਤੇ ਡੈਮਾਂ ਦੀ ਵੱਡੀ ਪੱਧਰ ਉੱਤੇ ਸਫ਼ਾਈ ਕਰਵਾਈ ਜਾਵੇ। ਆਲਮੀ ਤਪਸ਼ ਅਤੇ ਮੌਸਮ ਦੀ ਤਬਦੀਲੀ ਸਾਨੂੰ ਚਿਤਾਵਨੀ ਦੇ ਰਹੀਆਂ ਹਨ, ਕਿ ਜੇ ਤੁਰੰਤ ਕਦਮ ਨਾ ਉਠਾਏ ਤਾਂ ਅਗਲੇ ਸਾਲ ਫਿਰ ਹੜ੍ਹਾਂ ਦੀ ਆਫ਼ਤ ਆ ਸਕਦੀ ਹੈ। ਵਾਰ-ਵਾਰ ਆ ਰਹੇ ਹੜ੍ਹ ਪੰਜਾਬ ਨੂੰ ਤਬਾਹ ਕਰ ਦੇਣਗੇ। ਜੇ ਸਰਕਾਰ ਨਾ ਜਾਗੀ ਤਾਂ ਕੋਈ ਬਚ ਨਹੀ ਸਕੇਗਾ।

**ਪ੍ਰਧਾਨ ਬੀ. ਕੇ. ਯੂ**
**ਭਗਵਾਨਪੁਰਾ ਰੋਡ, ਸਮਰਾਲਾ**

# ਹੜ੍ਹਾਂ ’ਤੇ ਕਿਵੇਂ ਪਾਇਆ ਜਾਵੇ ਕਾਬੂ?

ਅਮਰਜੀਤ ਸਿੰਘ ਵੜੈਚ

ਵਰਲਡ ਪਾਪੂਲੇਸ਼ਨ ਰਿਵਿਊ-2025 ਅਨੁਸਾਰ ਸੰਸਾਰ ਦੀ ਦੋ ਅਰਬ ਆਬਾਦੀ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਹਿੰਦੀ ਹੈ। ਹੜ੍ਹਾਂ ਦੇ ਖ਼ਤਰੇ ਲਈ ਸੰਸਾਰ ’ਚ ਚੀਨ ਪਹਿਲੇ ਅਤੇ ਭਾਰਤ ਦੂਜੇ ਨੰਬਰ ’ਤੇ ਹੈ। ਭਾਰਤ ਦੀ 28 ਫ਼ੀਸਦ ਤੋਂ ਵੱਧ ਆਬਾਦੀ ਬਰਸਾਤਾਂ ’ਚ ਹੜ੍ਹਾਂ ਦੇ ਕਹਿਰ ਕਾਰਨ ਸਹਿਮੀ ਰਹਿੰਦੀ ਹੈ। 1953 ਤੋਂ ਹੁਣ ਤੱਕ ਹੜ੍ਹਾਂ ਨੇ ਡੇਢ ਲੱਖ ਤੋਂ ਵੱਧ ਭਾਰਤੀਆਂ ਦੀ ਬਲੀ ਲਈ ਹੈ। ਪਿਛਲੇ 25 ਸਾਲਾਂ ’ਚ ਹੜ੍ਹਾਂ ਨੇ ਭਾਰਤ ਦੇ 25 ਲੱਖ ਕਰੋੜ ਰੁਪਏ ਰੋੜ੍ਹ ਦਿੱਤੇ ਹਨ।

ਹਾਲੈਂਡ (ਨੀਦਰਲੈਂਡ) ਦੁਨੀਆ ਦਾ ਉਹ ਮੁਲਕ ਹੈ ਜਿਸ ਦੀ 58% (54 ਲੱਖ) ਆਬਾਦੀ ਹੜ੍ਹਾਂ ਦੀ ਮਾਰ ਹੇਠ ਹੈ ਪਰ ਇਹ ਦੁਨੀਆ ਦਾ ਪਹਿਲਾ ਮੁਲਕ ਬਣ ਗਿਆ ਹੈ ਜਿਸ ਨੇ ਹੜ੍ਹਾਂ ’ਤੇ ਕਾਬੂ ਪਾ ਲਿਆ ਹੈ। ਹਾਲੈਂਡ ਦੇ ਮੁਕਾਬਲੇ ਭਾਵੇਂ ਸਾਡਾ ਮੁਲਕ ਵੱਡਾ ਹੈ ਪਰ ਸਾਡੇ ਕੋਲ ਸਾਧਨ ਵੀ ਤਾਂ ਜ਼ਿਆਦਾ ਹਨ। ਹਾਲੈਂਡ ਦਾ ਚੌਥੇ ਹਿੱਸੇ ਤੋਂ ਵੱਧ ਖੇਤਰ ਸਮੁੰਦਰੀ ਤਲ ਤੋਂ ਹੇਠਾਂ ਵੱਸਿਆ ਹੈ ਤੇ ਇਸ ਦਾ 50% ਧਰਾਤਲ ਸਮੁੰਦਰ ਨਾਲ ਲਗਦਾ ਹੈ। ਹਾਲੈਂਡ ਨੇ ਜਨਵਰੀ 1953 ਦੇ ਭਿਆਨਕ ਹੜ੍ਹਾਂ ਤੋਂ ਬਾਅਦ ਹੀ ਆਪਣੇ ਦੇਸ਼ ਦੇ ਭਵਿੱਖ ਦੀ ਇਬਾਰਤ ਲਿਖ ਲਈ ਸੀ।

ਕਿਸਾਨ ਫ਼ਸਲ ਬੀਜਣ ਤੋਂ ਪਹਿਲਾਂ ਖਾਲ਼ੇ ਛਾਂਗ ਕੇ, ਮਿੱਟੀ ਚੜ੍ਹਾ ਕੇ, ਡੂੰਘਾ ਕਰ ਕੇ ਅਤੇ ਵੱਟਾਂ ਦੀ ਨਪਾਈ ਕਰ ਕੇ ਖਾਲ਼ ਪੱਕਾ ਕਰਦਾ ਹੈ ਤਾਂ ਕਿ ਸਿੰਜਾਈ ਸਮੇਂ ਖਾਲ਼ ਟੁੱਟੇ ਨਾ। ਕੀ ਇਹ ਕੰਮ ਸਰਕਾਰਾਂ ਨਦੀਆਂ, ਚੋਆਂ, ਖੱਡਾਂ, ਨਹਿਰਾਂ ਆਦਿ ਲਈ ਨਹੀਂ ਕਰ ਸਕਦੀਆਂ? ਅਸਲ ਵਿੱਚ, ਸਰਕਾਰਾਂ ਕੋਲ ਹੜ੍ਹ ਰੋਕਣ ਲਈ ਕੋਈ ਨੀਤੀ ਹੀ ਨਹੀਂ ਹੈ। ਐਤਕੀਂ ਜਿਸ ਹਿਸਾਬ ਨਾਲ ਦਰਿਆਵਾਂ ਨੇ ਅਗਸਤ ਸਤੰਬਰ ਵਿੱਚ ਤਰਥੱਲੀ ਮਚਾਈ, ਉਸ ਤੋਂ ਸਪਸ਼ਟ ਹੈ ਕਿ ਇਨ੍ਹਾਂ ਦੇ ਪ੍ਰਬੰਧਕਾਂ ਨੇ ਨਾ-ਕਾਬਲੇ-ਮੁਆਫ਼ ‘ਜੁਰਮ’ ਕੀਤਾ ਹੈ। ਕੀ ਕਦੇ ਨਦੀਆਂ ਦਾ ਪਾਣੀ 15-20 ਮਿੰਟਾਂ ’ਚ 5 ਤੋਂ 15 ਫੁੱਟ ਚੜ੍ਹ ਸਕਦਾ ਹੈ? ਸਾਧਾਰਨ ਰੂਪ ’ਚ ਨਦੀ ਦਾ ਵਧਿਆ ਪਾਣੀ ਮੱਝਾਂ/ਗਾਵਾਂ ਨੂੰ ਚੁੱਕ-ਚੁੱਕ ਕੇ ਕੰਧਾਂ ਉਪਰ ਨਹੀਂ ਟੰਗ ਸਕਦਾ, 5-7 ਫੁੱਟ ਰੇਤਾ ਜ਼ਮੀਨਾਂ ’ਚ ਨਹੀਂ ਜਮ੍ਹਾ ਕਰ ਸਕਦਾ, ਜ਼ਮੀਨਾਂ ’ਚ 10-10 ਫੁੱਟ ਟੋਏ ਨਹੀਂ ਪਾ ਸਕਦਾ, ਟਰੈਕਟਰਾਂ ਨੂੰ ਮਿੱਟੀ ’ਚ ਨਹੀਂ ਦੱਬ ਸਕਦਾ, ਘਰਾਂ ਦੀਆਂ ਨੀਂਹਾਂ ਤੱਕ ਗਾਇਬ ਨਹੀਂ ਕਰ ਸਕਦਾ, 200-200 ਫੁੱਟ ਸੜਕਾਂ ਉਖਾੜ ਨਹੀਂ ਸਕਦਾ। ਲੋਕਾਂ ਨੂੰ ਕੱਪੜੇ ਚੁੱਕਣ ਦਾ ਸਮਾਂ ਵੀ ਨਹੀਂ ਮਿਲਿਆ। ਅਜਿਹਾ ਤਾਂ ਹੀ ਹੋ ਸਕਦਾ ਹੈ, ਜਦੋਂ ਡੈਮਾਂ ’ਚੋਂ ਪਾਣੀ ਇਕ ਦਮ ਛੱਡਿਆ ਜਾਵੇ।



ਭਾਖੜਾ ਡੈਮ, ਜੋ ਸਤਲੁਜ ’ਤੇ ਬਣਿਆ ਹੈ, ਨੂੰ 62 ਸਾਲ ਪਹਿਲਾਂ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 22 ਅਕਤੂਬਰ 1963 ਵਾਲੇ ਦਿਨ ਦੇਸ਼ ਨੂੰ ਸਮਰਪਿਤ ਕੀਤਾ ਸੀ। ਅੱਜ ਤੱਕ ਇਸ ਦੀ ਗਾਰ ਸਾਫ਼ ਨਹੀਂ ਕੀਤੀ ਗਈ। ਇਸ ਦਾ ਸਿੱਟਾ ਇਹ ਹੈ ਕਿ ਭਾਖੜਾ ਡੈਮ ਦੀ ਪਾਣੀ ਭੰਡਾਰ ਕਰਨ ਦੀ ਸਮਰੱਥਾ 19 ਫ਼ੀਸਦੀ ਘਟ ਗਈ ਹੈ। ਪਠਾਨਕੋਟ ’ਚ ਰਾਵੀ ਨਦੀ ’ਤੇ ਬਣੇ ਰਣਜੀਤ ਸਾਗਰ ਡੈਮ ਨੇ 2001 ’ਚ ਬਿਜਲੀ ਬਣਾਉਣੀ ਆਰੰਭ ਕੀਤੀ ਸੀ, ਇਸ ਨੂੰ ਵੀ ਕਦੇ ਸਾਫ਼ ਨਹੀਂ ਕੀਤਾ ਗਿਆ। ਰਾਵੀ ’ਤੇ ਬਣੇ ਮਾਧੋਪੁਰ ਹੈੱਡਵਰਕਸ ਨੇ ਟੁੱਟਣ ਮਗਰੋਂ ਮਾਝੇ ’ਚ ਭਾਰੀ ਤਬਾਹੀ ਕੀਤੀ। ਇੱਕ ਸਾਬਕਾ ਉੱਚ ਅਫਸਰ ਨੇ ਦੱਸਿਆ ਕਿ ਮਾਧੋਪੁਰ ਹੈੱਡ ਦੇ ਅਧਿਕਾਰੀਆਂ ਨੇ ਹੈੱਡ ਦੇ 54 ਗੇਟਾਂ ਵਿੱਚੋਂ ਇੱਕ ਪਾਸੇ ਵਾਲੇ ਗੇਟ ਖੋਲ੍ਹੇ ਸਨ, ਜ਼ਿਆਦਾ ਪਾਣੀ ਆਉਣ ’ਤੇ ਵਿਚਕਾਰਲੇ ਗੇਟ ਖੋਲ੍ਹਣੇ ਚਾਹੀਦੇ ਸਨ। ਸਾਰਾ ਦਬਾਅ ਇੱਕ ਪਾਸੇ ਪੈਣ ਕਾਰਨ ਹੈੱਡ ਦੇ ਗੇਟ ਧੱਕਾ ਨਹੀਂ ਝੱਲ ਸਕੇ ਤੇ ਟੁੱਟ ਗਏ।

ਪੌਂਗ ਤੇ ਪੰਡੋਹ ਡੈਮ ਬਿਆਸ ਉੱਤੇ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿੱਚ ਹਨ। ਹਿਮਾਚਲ ’ਚ ਭਾਰੀ ਮੀਂਹ ਕਾਰਨ ਪੌਂਗ ਡੈਮ ’ਚੋਂ ਵੀ ਪਾਣੀ ਛੱਡਿਆ ਗਿਆ ਜਿਸ ਕਾਰਨ ਕਪੂਰਥਲਾ ਅਤੇ ਤਰਨ ਤਾਰਨ ਤੱਕ ਵੱਡਾ ਨੁਕਸਾਨ ਹੋਇਆ। ਬਿਆਸ ਅਤੇ ਸਤਲੁਜ ਦਾ ਪਾਣੀ ਹਰੀਕੇ ਹੈੱਡਵਰਕਸ ’ਤੇ ਇਕੱਠਾ ਹੁੰਦਾ ਹੈ। ਇਸ ਵਾਰ ਜਦੋਂ ਹਰੀਕੇ ਹੈੱਡ ਤੋਂ ਪਾਣੀ ਛੱਡਿਆ ਤਾਂ ਇਹ ਫ਼ਾਜ਼ਿਲਕਾ ਅਤੇ ਫਿਰੋਜ਼ਪੁਰ ’ਚ ਤਬਾਹੀ ਦੀਆਂ ਹੱਦਾਂ ਪਾਰ ਕਰ ਗਿਆ। ਪੰਜਾਬ ’ਚੋਂ ਵਗਦਾ ਸਾਰਾ ਪਾਣੀ ਲਹਿੰਦੇ ਪੰਜਾਬ ’ਚ ਜੋ ਤਬਾਹੀ ਮਚਾਉਂਦਾ ਹੈ, ਉਸ ਦਾ ਵਿਸਥਾਰ ਦਿਲ ਕੰਬਾਊ ਹੈ।

ਘੱਗਰ ਦੀ ਮਾਰ ਕਾਰਨ ਮੁਹਾਲੀ, ਪਟਿਆਲਾ, ਸੰਗਰੂਰ ਤੇ ਮਾਨਸਾ ਅਤੇ ਹਰਿਆਣੇ ਦੇ ਕੈਥਲ, ਜੀਂਦ ਤੇ ਸਿਰਸਾ ਜ਼ਿਲ੍ਹੇ ਪ੍ਰਭਾਵਿਤ ਹੁੰਦੇ ਹਨ। ਹਰਿਆਣੇ ਵੱਲੋਂ ਪੰਜਾਬ ਹਰਿਆਣਾ ਹੱਦ ਉਪਰ ਬਣਾਈ ਹਾਂਸੀ-ਬੁਟਾਣਾ ਨਹਿਰ ਪੰਜਾਬ ਲਈ ਵੱਡੀ ਡਾਫ਼ ਦਾ ਕੰਮ ਕਰਦੀ ਹੈ। ਹਰਿਆਣੇ ਦੇ ਟਾਂਗਰੀ ਤੇ ਮਾਰਕੰਡਾ ਵੀ ਘੱਗਰ ’ਚ ਸਮਾ ਕੇ ਘੱਗਰ ਦਾ ਹੋਰ ਵਿਕਰਾਲ ਰੂਪ ਬਣਾ ਦਿੰਦੇ ਹਨ। 60ਵਿਆਂ ’ਚ ਪੈਦਾ ਹੋਏ ਲੋਕਾਂ ਨੇ ਤਾਂ ਕਦੇ ਨਹੀਂ ਸੁਣਿਆ ਜਾਂ ਦੇਖਿਆ ਕਿ ਕਿਸੇ ਨਦੀ, ਚੋਅ ਜਾਂ ਘੱਗਰ ਨੂੰ ਡੂੰਘਾ ਕਰਨ ਜਾਂ ਇਸ ਦੇ ਬੰਨ੍ਹ ਉੱਚੇ ਤੇ ਪੱਕੇ ਕਰਨ ਲਈ ਸਰਕਾਰ ਨੇ ਲਗਾਤਾਰਤਾ ’ਚ ਕੋਈ ਪ੍ਰਾਜੈਕਟ ਚਲਾਇਆ ਹੋਵੇ। ਖਨੌਰੀ ਤੋਂ ਅੱਗੇ 23 ਕਿਲੋਮੀਟਰ ਘੱਗਰ ਨੂੰ ਸਾਂਭਿਆ (ਚੈਨੇਲਾਈਜ਼ ਕੀਤਾ) ਗਿਆ ਹੈ ਜਾਂ ਫਿਰ ਸਤਲੁਜ, ਬਿਆਸ ਤੇ ਰਾਵੀ ਉੱਪਰ ਕੁਝ ਕੱਚੇ ਬੰਨ੍ਹ ਬਣੇ ਹਨ।

ਕੁਝ ਸਮਾਂ ਪਹਿਲਾਂ ਰਿਪੋਰਟ ਆਈ ਸੀ ਕਿ ਪੰਜਾਬ ਦੀਆਂ ਨਦੀਆਂ ਤੇ ਹੋਰ ਬਰਸਾਤੀ ਖੱਡਾਂ ਤੇ ਚੋਆਂ ਵਿੱਚ ਪਿਛਲੇ 50-60 ਸਾਲਾ ਦੌਰਾਨ 5 ਤੋਂ 12 ਫੁੱਟ ਤੱਕ ਰੇਤਾ, ਬੱਜਰੀ ਤੇ ਗਾਰ ਭਰਨ ਕਾਰਨ ਇਨ੍ਹਾਂ ਦੀ ਸਮਰੱਥਾ 25 ਫ਼ੀਸਦੀ ਤੱਕ ਘਟ ਗਈ ਹੈ। ਇਹੀ ਕਾਰਨ ਹੈ ਕਿ 1978, 1988, 1993, 2019, 2023 ਤੇ ਹੁਣ 2025 ਵਿੱਚ ਪੰਜਾਬ ਨੂੰ ਹੜ੍ਹਾਂ ਨੇ ਝੰਜੋੜ ਕੇ ਰੱਖ ਦਿੱਤਾ ਹੈ।

ਹੜ੍ਹ ਕੌਮੀ ਮਸਲਾ ਹੈ। ਇਹ ਕਿਸੇ ਇੱਕ ਰਾਜ ਦੀ ਸਰਕਾਰ ਦੇ ਵੱਸ ਦੀ ਗੱਲ ਨਹੀਂ। ਕੁਦਰਤੀ ਪਾਣੀ ਦੇ ਵਹਿਣਾਂ ਨੂੰ ਸਿੱਧਾ ਕਰਨ ਲਈ ਕੌਮੀ ਪੱਧਰ ਦੀ ਨੀਤੀ ਬਣਨੀ ਚਾਹੀਦੀ ਹੈ। ਲੋੜ ਪਵੇ ਤਾਂ ਸਰਕਾਰ ਮੁਆਵਜ਼ੇ ਦੇ ਕੇ ਜ਼ਮੀਨਾਂ ਵੀ ਲੈ ਸਕਦੀ ਹੈ। ਜੇ ਦੇਸ਼ ਦੇ ਵਪਾਰ ਲਈ ਭਾਰਤਮਾਲਾ ਤਹਿਤ ਜ਼ਮੀਨਾਂ ਲਈਆਂ ਜਾ ਸਕਦੀਆਂ ਹਨ ਤਾਂ ਫਿਰ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਜ਼ਮੀਨਾਂ ਲੈ ਕੇ ਕੁਦਰਤੀ ਵਹਿਣਾਂ ਨੂੰ ਮੋਕਲਾ ਕਿਉਂ ਨਹੀਂ ਕੀਤਾ ਜਾ ਸਕਦਾ? ਸਿਆਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਹੇਠਲੇ ਦਰਜੇ ਦੀ ਸਿਆਸਤ ਤੋਂ ਉਪਰ ਉੱਠ ਕੇ ਮਾਹਿਰਾਂ ਦੀ ਸਲਾਹ ਨਾਲ ਪੜਾਅਵਾਰ ਕੰਮ ਸ਼ੁਰੂ ਕੀਤੇ ਜਾਣ। ਲੋੜ ਪੈਣ ’ਤੇ ਕਾਨੂੰਨਾਂ ਵਿੱਚ ਸੋਧ ਕੀਤੀ ਜਾ ਸਕਦੀ ਹੈ। ਹਾਲੈਂਡ ਦੇ ਮਾਡਲ ਤੋਂ ਵੀ ਸਬਕ ਲਿਆ ਜਾ ਸਕਦਾ ਹੈ। ਜੇ ਸਰਕਾਰਾਂ ਕੁਝ ਨਹੀਂ ਕਰ ਸਕਦੀਆਂ ਤਾਂ ਫਿਰ ਪੰਜਾਬ ’ਚ ਇਹ ਕੰਮ ਕਾਰ ਸੇਵਾ ਵਾਲਿਆਂ ਨੂੰ ਦੇ ਦੇਣਾ ਚਾਹੀਦਾ ਹੈ।

ਹੜ੍ਹਾਂ ਮਗਰੋਂ ਲੋਕਾਂ ਵੱਲੋਂ ਆਪ ਟਰੈਕਟਰ ਇਕੱਠੇ ਕਰ ਕੇ ਹੜ੍ਹਾਂ ਕਾਰਨ ਭਰੀ ਰੇਤ ਹਟਾ ਕੇ ਖੇਤੀ ਲਈ ਜ਼ਮੀਨ ਤਿਆਰ ਕਰਨ ਦੀ ਹਿੰਮਤ ਤੋਂ ਸਰਕਾਰ ਨੂੰ ਤਾੜ ਲੈਣਾ ਚਾਹੀਦਾ ਹੈ ਕਿ ਜੇ ਲੋਕ ਆਈ ’ਤੇ ਆ ਗਏ ਤਾਂ ਫਿਰ ਉਹ ਦਰਿਆਵਾਂ ਦੇ ਰੁਖ਼ ਮੋੜਨ ਤੋਂ ਵੀ ਨਹੀਂ ਝਿਜਕਣਗੇ।

***ਸਾਬਕਾ ਅਸਿਸਟੈਂਟ ਡਾਇਰੈਕਟਰ, ਆਕਾਸ਼ਵਾਣੀ।**

# ਆਰਟੀਫ਼ਿਸ਼ਲ ਇਨਟੈਲੀਜੈਂਸ ਦੇ ਵਿਕਾਸ 'ਚ ਕਾਮਿਆਂ ਦਾ ਸ਼ੋਸ਼ਣ



ਸੁਖਵੰਤ ਹੁੰਦਲ

ਅੱਜ ਕੱਲ੍ਹ ਪ੍ਰਚੱਲਤ ਮੀਡੀਏ ਵਿੱਚ ਆਰਟੀਫਿਸ਼ਨ ਇਨਟੈਲੀਜੈਂਸ ਨਾਲ ਹੋਣ ਵਾਲੀਆਂ ਪ੍ਰਾਪਤੀਆਂ ਦੇ ਸੰਬੰਧ ਵਿੱਚ ਇਕ ਗੱਲ ਆਮ ਕਹੀ ਜਾਂਦੀ ਹੈ ਕਿ ਇਸ ਨਾਲ ਵਿਸ਼ਵ ਪੱਧਰ 'ਤੇ ਉਤਪਾਦਕਤਾ (ਪ੍ਰੋਡਕਟਿਵਟੀ) ਅਤੇ ਵਰਕਰਾਂ ਦੀਆਂ ਤਨਖਾਹਾਂ ਵਿੱਚ ਵੱਡਾ ਵਾਧਾ ਹੋਵੇਗਾ। ਉਦਾਹਰਨ ਲਈ ਏ. ਆਈ. ਗੁਰੂ ਮਾਰਕ ਐਂਡਰੀਸਨ ਦਾ ਕਹਿਣਾ ਹੈ ਕਿ ਏ ਆਈ ਨਾਲ ਸਮੁੱਚੀ ਆਰਥਿਕਤਾ ਵਿੱਚ ਉਤਪਾਦਕਤਾ ਨਾਟਕੀ ਢੰਗ ਨਾਲ ਵਧੇਗੀ, ਜਿਸ ਨਾਲ ਆਰਥਿਕ ਵਾਧਾ ਹੋਵੇਗਾ, ਨਵੀਂਆਂ ਸਨਅਤਾਂ ਪੈਦਾ ਹੋਣਗੀਆਂ, ਨਵੀਂਆਂ ਨੌਕਰੀਆਂ ਅਤੇ ਤਨਖਾਹਾਂ ਵਿੱਚ ਵਾਧਾ ਹੋਵੇਗਾ, ਜਿਸ ਦੇ ਨਤੀਜੇ ਵਜੋਂ ਵਧੇਰੇ ਪਦਾਰਥਕ ਖੁਸ਼ਹਾਲੀ ਦੇ ਨਵੇਂ ਯੁੱਗ ਦਾ ਆਗਮਨ ਹੋਵੇਗਾ ਪਰ ਇਹ ਦਾਅਵਾ ਆਰਟੀਫਿਸ਼ਲ ਇਨਟੈਲੀਜੈਂਸੀ ਨੂੰ ਵਿਕਸਤ ਕਰਨ ਲਈ ਦਹਿ-ਲੱਖਾਂ ਦੀ ਗਿਣਤੀ ਵਿੱਚ ਕੰਮ ਕਰ ਰਹੇ ਵਰਕਰਾਂ ਦੇ ਤਜਰਬੇ ਨਾਲ ਮੇਲ ਨਹੀਂ ਖਾਂਦਾ। ਇਸ ਸਮੇਂ ਦੁਨੀਆ ਦੇ ਗਰੀਬ ਜਾਂ ਵਿਕਾਸਸ਼ੀਲਾਂ ਦੇਸ਼ਾਂ ਨਾਲ ਸੰਬੰਧਿਤ ਇਹ ਦਹਿ-ਲੱਖਾਂ ਵਰਕਰ ਬਹੁਤ ਹੀ ਘੱਟ ਤਨਖਾਹਾਂ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ ਵਿੱਚ ਕੰਮ ਕਰ ਰਹੇ ਹਨ ਅਤੇ ਏ. ਆਈ. ਦੇ ਖੇਤਰ ਕੰਮ ਕਰ ਰਹੀਆਂ ਕੰਪਨੀਆਂ ਵੱਲੋਂ ਕੀਤੇ ਜਾਂਦੇ ਬਹੁਤ ਹੀ ਬੁਰੀ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਸ ਲੇਖ ਵਿੱਚ ਏ. ਆਈ. ਦੇ ਵਿਕਾਸ ਦੌਰਾਨ ਹੋ ਰਹੇ ਕਾਮਿਆਂ ਦੇ ਇਸ ਸ਼ੋਸ਼ਣ ਬਾਰੇ ਗੱਲ ਕੀਤੀ ਜਾਵੇਗੀ।

ਆਰਟੀਫਿਸਿਲ ਇਨਟੈਲੀਜੈਂਸ ਦੇ ਮਾਡਲਾਂ, ਜਿਵੇਂ ਚੈਟ ਜੀ ਪੀ ਟੀ, ਨੂੰ ਸਿਖਲਾਈ ਦੇਣ ਲਈ ਬਹੁਤ ਸਾਰੇ ਡੈਟਾ (ਜਾਣਕਾਰੀ) ਦੀ ਲੋੜ ਪੈਂਦੀ ਹੈ। ਇਸ ਡੈਟਾ ਵਿੱਚ ਲਿਖਤ (ਟੈਕਸਟ), ਤਸਵੀਰਾਂ (ਇਮੇਜ), ਆਵਾਜ਼ (ਆਡੀਓ), ਵੀਡੀਓ ਆਦਿ ਸ਼ਾਮਲ ਹਨ। ਏ. ਆਈ. ਦੇ ਮਾਡਲ ਇਸ ਡੈਟਾ ਤੋਂ ਤਾਂ ਹੀ ਸਿੱਖ ਸਕਦੇ ਹਨ, ਜੇ ਇਹ ਡੈਟਾ ਠੀਕ ਤਰ੍ਹਾਂ ਲੇਬਲ ਅਤੇ ਸ਼੍ਰੇਣੀਬੱਧ ਕੀਤਾ ਗਿਆ ਹੋਵੇ। ਜਿਵੇਂ ਕਿ ਆਪਣੇ ਆਪ ਚੱਲਣ ਵਾਲੀਆਂ ਕਾਰਾਂ ਨਾਲ ਸੰਬੰਧਿਤ ਏ ਆਈ ਦੇ ਮਾਡਲਾਂ ਨੂੰ ਸੜਕ 'ਤੇ ਲੱਗੇ ਸਾਈਨਾਂ, ਪੈਦਲ ਚੱਲਣ ਵਾਲਿਆਂ, ਖੰਬਿਆਂ ਆਦਿ ਬਾਰੇ ਫਰਕ ਸਿੱਖਣ ਲਈ ਜ਼ਰੂਰੀ ਹੈ ਕਿ ਵੀਡੀਓਜ਼ ਵਿੱਚ ਇਹਨਾਂ ਸਾਰੀਆਂ ਚੀਜ਼ਾਂ ਨੂੰ ਸਹੀ ਅਤੇ ਸਪਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੋਵੇ। ਇਸ ਹੀ ਤਰ੍ਹਾਂ ਬੋਲੀ ਨਾਲ ਸੰਬੰਧਿਤ ਏ. ਆਈ. ਮਾਡਲਾਂ ਨੂੰ ਬੋਲੀ ਵਿੱਚ ਗਾਲ੍ਹਾਂ, ਅਸ਼ਲੀਲ ਭਾਸ਼ਾ, ਨਫਰਤ ਅਤੇ ਵਿਤਕਰੇ ਭਰੀ ਸ਼ਬਦਾਵਲੀ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਲਿਖਤਾਂ ਵਿੱਚ ਇਹਨਾਂ ਚੀਜ਼ਾਂ ਦੀ ਚੰਗੀ ਤਰ੍ਹਾਂ ਪਛਾਣ ਕੀਤੀ ਗਈ ਹੋਵੇ। ਇਸ ਲਈ ਇਹ ਕੰਮ ਕਰਨ ਲਈ ਲੱਖਾਂ, ਦਹਿ-ਲੱਖਾਂ (ਮਿਲੀਅਨਾਂ) ਲੋਕਾਂ ਦੀ ਲੋੜ ਪੈਂਦੀ ਹੈ ਅਤੇ ਇਹਨਾਂ ਲੋਕਾਂ ਨੂੰ ਲੇਬਲਰ (ਲੇਬਲ ਲਾਉਣ ਵਾਲੇ) ਜਾਂ ਐਨੋਨੇਟਰ (ਨੋਟ ਲਿਖਣ ਵਾਲੇ) ਕਿਹਾ ਜਾਂਦਾ ਹੈ। ਇਹ ਲੇਬਲਰ ਜਾਂ ਐਨੋਨੇਟਰ ਦਿਨ ਵਿੱਚ ਘੰਟਿਆਂ ਬੱਧੀ ਆਪਣੇ ਫੋਨਾਂ ਜਾਂ ਕੰਪਿਊਟਰਾਂ ਦੀਆਂ ਸਕਰੀਨਾਂ ਅੱਗੇ ਬੈਠੇ ਫੋਟੋਆਂ, ਵੀਡੀਓ ਅਤੇ ਲਿਖਤਾਂ ਨੂੰ ਦੇਖਦੇ ਹਨ ਅਤੇ ਵਸਤੂਆਂ ਦੁਆਲੇ ਗੋਲ ਦਾਇਰੇ ਵਾਹ ਕੇ ਉਹਨਾਂ 'ਤੇ ਲੇਬਲ ਲਾਉਂਦੇ ਹਨ ਤਾਂ ਕਿ ਏ. ਆਈ. ਮਾਡਲ ਇਹਨਾਂ ਫੋਟੋਆਂ, ਵੀਡੀਓ ਆਦਿ ਤੋਂ ਸਿੱਖ ਸਕੇ। ਉਹ ਘਰ ਵਿਚਲੇ ਫਰਨੀਚਰ 'ਤੇ ਨਿਸ਼ਾਨ ਲਾਉਂਦੇ ਹਨ ਕਿ ਇਹ ਟੀ ਵੀ ਹੈ,





ਇਹ ਮਾਈਕਰੋਵੇਵ ਓਵਨ ਹੈ। ਲੋਕਾਂ ਦੇ ਵੱਖ ਵੱਖ ਤਰ੍ਹਾਂ ਦੇ ਚਿਹਰਿਆਂ ਬਾਰੇ ਦੱਸਣ ਲਈ ਚਿਹਰਿਆਂ 'ਤੇ ਨਿਸ਼ਾਨ ਲਾ ਕੇ ਲੇਬਲ ਲਾਉਂਦੇ ਹਨ, ਇਹ ਗੋਰਾ ਹੈ, ਇਹ ਕਾਲਾ ਹੈ, ਇਹ ਏਸ਼ੀਅਨ ਹੈ।


ਲੇਬਲ ਲਾਉਣ ਜਾਂ ਨੋਟ ਲਿਖਣ ਦਾ ਕੰਮ ਕਰਨ ਵਾਲੇ ਇਹਨਾਂ ਲੱਖਾਂ ਲੋਕਾਂ ਵਿੱਚੋਂ ਬਹੁਗਿਣਤੀ ਅਮਰੀਕਾ ਦੀ ਸਿਲੀਕੋਨ ਵੈਲ੍ਹੀ ਤੋਂ ਹਜ਼ਾਰਾਂ ਮੀਲ ਦੂਰ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਕੰਮ ਕਰਦੇ ਹਨ। ਇਹਨਾਂ ਦੇਸ਼ਾਂ ਵਿੱਚ ਫਿਲਪੀਨ, ਕੀਨੀਆ, ਇੰਡੀਆ, ਪਾਕਿਸਤਾਨ, ਵੈਨਜ਼ੂਇਲਾ, ਕੋਲੰਬੀਆ ਆਦਿ ਦੇਸ਼ ਸ਼ਾਮਲ ਹਨ। ਸੰਨ 2023 ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਉਸ ਸਮੇਂ ਇਕੱਲੇ ਫਿਲਪੀਨ ਵਿੱਚ 20 ਲੱਖ ਤੋਂ ਜ਼ਿਆਦਾ ਲੋਕ ਇਸ ਤਰ੍ਹਾਂ ਦਾ ਕੰਮ ਕਰ ਰਹੇ ਸਨ। ਇੰਡੀਆ ਬਾਰੇ ਸੰਨ 2022 ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਉਸ ਸਮੇਂ 70,000 ਲੋਕ ਇਸ ਖੇਤਰ ਵਿੱਚ ਕੰਮ ਕਰਦੇ ਸਨ ਅਤੇ ਉਸ ਸਮੇਂ ਇੰਡੀਆ ਵਿੱਚ ਡੈਟਾ ਲੇਬਲਿੰਗ ਦੀ ਇੰਡਸਟਰੀ ਦੀ ਕੀਮਤ 25 ਕ੍ਰੋੜ (250 ਮਿਲੀਅਨ) ਡਾਲਰ ਦੇ ਬਰਾਬਰ ਸੀ। ਉਸ ਵੇਲੇ ਆਉਣ ਵਾਲੇ ਸਾਲਾਂ ਵਿੱਚ ਇੰਡੀਆ ਵਿੱਚ ਇਸ ਇੰਡਸਟਰੀ ਦੇ ਪਸਾਰ ਦੇ ਅੰਦਾਜ਼ੇ ਲਾਏ ਜਾ ਰਹੇ ਸਨ। ਇਸ ਪਸਾਰ ਦੇ ਸੱਚ ਹੋਣ ਦਾ ਅੰਦਾਜ਼ਾ ਕੰਪਿਊਟਰ ਵਰਲਡ ਨਾਂ ਦੇ ਸਾਈਟ 'ਤੇ 8 ਸਤੰਬਰ 2025 ਨੂੰ ਛਪੇ ਇੱਕ ਆਰਟੀਕਲ ਤੋਂ ਲਾਇਆ ਜਾ ਸਕਦਾ ਹੈ। ਇਸ ਆਰਟੀਕਲ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਊਬਰ ਨੇ ਇੰਡੀਆ ਦੇ 12 ਸ਼ਹਿਰਾਂ ਵਿੱਚ ਇੱਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਵਿੱਚ ਉਹ ਆਪਣੇ ਡਰਾਈਵਰਾਂ ਨੂੰ ਡੈਟਾ ਨੂੰ ਲੇਬਲ ਕਰਨ ਦੀ ਜਾਣਕਾਰੀ ਦੇ ਰਹੇ ਹਨ ਤਾਂ ਕਿ ਉਹ ਉਸ ਸਮੇਂ ਡੈਟਾ ਲੇਬਲ ਕਰਨ ਦਾ ਕੰਮ ਕਰ ਸਕਣ ਜਦੋਂ ਉਹ ਵਿਹਲੇ ਹੁੰਦੇ ਹਨ ਭਾਵ ਜਦੋਂ ਉਹਨਾਂ ਕੋਲ ਊਬਰ ਦੀ ਸਵਾਰੀ ਨਹੀਂ ਹੁੰਦੀ ਹੈ। ਇਸ ਆਰਟੀਕਲ ਅਨੁਸਾਰ ਊਬਰ ਦੇ ਇਸ ਕਦਮ ਨਾਲ ਇੰਡੀਆ ਵਿੱਚ ਊਬਰ ਦੇ 10 ਲੱਖ (1 ਮਿਲੀਅਨ) ਤੋਂ ਵੱਧ ਡਰਾਈਵਰ ਇਸ ਖੇਤਰ ਵਿੱਚ ਕੰਮ ਕਰਨ ਵਾਲਿਆਂ ਵਿੱਚ ਸ਼ਾਮਲ ਹੋ ਜਾਣਗੇ। ਫਰਵਰੀ 2024 ਵਿੱਚ ਅਲਜਜ਼ੀਰਾ ਦੀ ਸਾਈਟ 'ਤੇ ਛਪੇ ਇੱਕ ਆਰਟੀਕਲ ਅਨੁਸਾਰ ਕੀਨੀਆ ਵਿੱਚ 12 ਲੱਖ (1.2 ਮਿਲੀਅਨ) ਲੋਕ ਆਨਲਾਈਨ ਕੰਮ ਕਰਦੇ ਹਨ। ਇਸ ਆਰਟੀਕਲ ਤੋਂ ਇਹ ਸਪਸ਼ਟ ਨਹੀਂ ਕਿ ਇਹਨਾਂ ਵਿੱਚੋਂ ਕਿੰਨੇ ਲੋਕ ਡੈਟਾ ਨੂੰ ਲੇਬਲ ਕਰਨ ਦਾ ਕੰਮ ਕਰਦੇ ਹਨ। ਪਰ ਇਹ ਕਿਹਾ ਜਾ ਸਕਦਾ ਹੈ ਇਹਨਾਂ ਵਿੱਚੋਂ ਬਹੁਗਿਣਤੀ ਲੋਕ ਇਹ ਕੰਮ ਕਰਦੇ ਹੋਣਗੇ ਕਿਉਂਕਿ ਬਹੁਤ ਸਾਰੇ ਆਰਟੀਕਲਾਂ ਵਿੱਚ ਕੀਨੀਆ ਨੂੰ ਕੰਮ ਦੇ ਇਸ ਖੇਤਰ ਦਾ ਇੱਕ ਪ੍ਰਮੁੱਖ ਕੇਂਦਰ ਲਿਖਿਆ ਗਿਆ ਹੈ। ਇਹ ਲੋਕ ਏ. ਆਈ. ਦੇ ਖੇਤਰ ਵਿੱਚ ਵੱਡੀਆਂ ਕੰਪਨੀਆਂ ਜਿਵੇਂ ਮੈਟਾ, ਗੂਗਲ, ਓਪਨ ਆਈ, ਮਾਈਕਰੋਸੋਫਟ, ਐਮਾਜ਼ੋਨ ਲਈ ਡੈਟਾ ਨੂੰ ਲੇਬਲ ਕਰਨ ਦਾ ਕੰਮ ਕਰਦੇ ਹਨ।

ਪਰ ਇਹ ਕੰਪਨੀਆਂ ਇਹਨਾਂ ਵਰਕਰਾਂ ਤੋਂ ਸਿੱਧਾ ਕੰਮ ਨਹੀਂ ਕਰਾਉਂਦੀਆਂ ਸਗੋਂ ਇਹ ਹੋਰ ਕੰਪਨੀਆਂ ਨੂੰ ਠੇਕੇ ਦੇ ਦਿੰਦੀਆਂ ਹਨ ਅਤੇ ਉਹ ਕੰਪਨੀਆਂ ਇਹਨਾਂ ਵਰਕਰਾਂ ਤੋਂ ਇਹਨਾਂ ਵੱਡੀਆਂ ਕੰਪਨੀਆਂ ਲਈ ਕੰਮ ਕਰਾਉਂਦੀਆਂ ਹਨ। ਮੈਟਾ, ਗੂਗਲ, ਓਪਨ ਆਈ, ਮਾਈਕਰੋਸੋਫਟ ਆਦਿ ਕੰਪਨੀਆਂ ਦੀ ਡੈਟਾ ਲੇਬਲ ਕਰਨ ਦੇ ਕੰਮ ਵਿੱਚ ਠੇਕੇ 'ਤੇ ਸੇਵਾ ਕਰਨ ਵਾਲੀਆਂ ਕੰਪਨੀਆਂ ਵਿੱਚੋਂ ਕੁੱਝ ਦੇ ਨਾਂ ਇਸ ਪ੍ਰਕਾਰ ਹਨ: ਸੈਮਸੋਰਸ ਇੰਪੈਕਟ ਸੋਰਸਿੰਗ ਇਨਕਾਰਪੋਰੇਸ਼ਨ (ਸਾਮਾ), ਸਕੇਲ ਆਈ, ਆਈ ਮੈਰਿਟ, ਨਿਕੀ ਡਾਟ ਏ. ਆਈ. ਅਤੇ ਐਪਨ। ਵੱਡੀਆਂ ਕੰਪਨੀਆਂ ਲਈ ਠੇਕੇ 'ਤੇ ਕੰਮ ਕਰਵਾਉਣ ਵਾਲੀਆਂ ਇਹ ਕੰਪਨੀਆਂ ਆਪਣੇ ਆਪ ਵਿੱਚ ਹੀ ਕਾਫੀ ਵੱਡੀਆਂ ਕੰਪਨੀਆਂ ਬਣ ਗਈਆਂ ਹਨ। ਉਦਾਹਰਣ ਲਈ ਸੰਨ 2024 ਵਿੱਚ ਛਪੇ ਇੱਕ ਆਰਟੀਕਲ ਅਨੁਸਾਰ ਸੰਨ 2024 ਵਿੱਚ ਇਹਨਾਂ ਵਿੱਚੋਂ ਇੱਕ ਕੰਪਨੀ ਸਕੇਲ ਆਈ ਦੀ ਕੁੱਲ ਕੀਮਤ 14 ਅਰਬ (ਬਿਲੀਅਨ) ਡਾਲਰ ਸੀ।

ਕੀਨੀਆ ਵਿੱਚ ਡੈਟਾ ਲੇਬਲ ਕਰਨ ਦਾ ਕੰਮ ਕਰਨ ਵਾਲੇ ਵਰਕਰਾਂ ਦੇ ਅਨੁਸਾਰ

ਉਹਨਾਂ ਦਾ ਇਹ ਕੰਮ ਅੱਜ ਦੇ ਯੁੱਗ ਦੀ ਗੁਲਾਮੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਵੇਂ ਗੁਲਾਮਦਾਰੀ ਯੁੱਗ ਵਿੱਚ ਅਮਰੀਕਾ ਵਿੱਚ ਵੱਡੀਆਂ ਵੱਡੀਆਂ ਪਲਾਂਟਸੇਨਾਂ (ਖੇਤਾਂ) ਵਿੱਚ ਖੇਤੀ ਦਾ ਕੰਮ ਕਾਲੇ ਗੁਲਾਮ ਕਰਦੇ ਸਨ ਪਰ ਉਹਨਾਂ ਖੇਤਾਂ ਦੇ ਉਤਪਾਦਨ ਤੋਂ ਪੈਦਾ ਹੋਣ ਵਾਲੀ ਦੌਲਤ ਖੇਤਾਂ ਅਤੇ ਕਾਲੇ ਗੁਲਾਮਾਂ ਦੇ ਮਾਲਕ ਗੋਰੇ ਫਾਰਮਰਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋ ਜਾਂਦੀ ਸੀ, ਉਸ ਹੀ ਤਰ੍ਹਾਂ ਅੱਜ ਆਰਟੀਫਿਸ਼ਲ ਇਨਟੈਲੀਜੈਂਸ ਦੇ ਮਾਡਲਾਂ ਨੂੰ ਸਿਖਿਅਤ ਕਰਨ ਲਈ ਖ਼ੂਨ ਪਸੀਨਾ, ਇਹ ਡੈਟਾ ਵਰਕਰ ਵਹਾਉਂਦੇ ਹਨ ਪਰ ਇਸ ਤਕਨੌਲੌਜੀ ਤੋਂ ਪੈਦਾ ਹੋਣ ਵਾਲੀ ਦੌਲਤ ਆਰਟੀਫਿਸ਼ਲ ਇਨਟੈਲੀਜੈਂਸ ਨਾਲ ਸੰਬੰਧਿਤ ਮੁੱਠੀ ਭਰ ਕਾਰਪੋਰੇਸ਼ਨਾਂ ਅਤੇ ਉਹਨਾਂ ਦੇ ਮਾਲਕਾਂ/ਸ਼ੇਅਰਹੋਲਡਰਾਂ ਦੇ ਕੋਲ ਇਕੱਠੀ ਹੋਈ ਜਾਂਦੀ ਹੈ। ਅਮਰੀਕਾ ਦੀ ਸਿਲੀਕੋਨ ਵੈਲੀ ਦੇ ਅਰਬਾਂਪਤੀ ਇਸ ਲਈ ਦੌਲਤਮੰਦ ਨਹੀਂ ਹਨ ਕਿ ਉਹ ਬਹੁਤ ਹੁਸ਼ਿਆਰ ਅਤੇ ਉੱਦਮੀ ਹਨ, ਸਗੋਂ ਉਹ ਇਸ ਲਈ ਅਮੀਰ ਹਨ ਕਿਉਂਕਿ ਉਹ ਦੁਨੀਆ ਭਰ ਦੇ ਦਹਿ-ਲੱਖਾਂ ਕਾਮਿਆਂ ਨੂੰ ਉਹਨਾਂ ਦੀ ਸਖ਼ਤ ਮਿਹਨਤ ਦਾ ਯੋਗ ਮੁੱਲ ਅਦਾ ਨਹੀਂ ਕਰਦੇ।

# ਜੀਭ 'ਤੇ ਰੱਖਣ ਵਾਲੀਆਂ ਗੋਲੀਆਂ ਨਸ਼ਾ ਛੱਡਣ ਦਾ ਪੱਕਾ ਇਲਾਜ ਨਹੀਂ



ਮੋਹਨ ਸ਼ਰਮਾ

ਨਸ਼ਿਆਂ ਕਾਰਨ ਫਸਲਾਂ 'ਤੇ ਹੀ ਨਹੀਂ ਸਗੋਂ ਨਸਲਾਂ 'ਤੇ ਵੀ ਖ਼ਤਰੇ ਦੇ ਬੱਦਲ ਮੰਡਲਾ ਰਹੇ ਹਨ। ਦੁਖਾਂਤਕ ਪਹਿਲੂ ਇਹ ਵੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਆਰਥਿਕ, ਸਰੀਰਕ, ਮਾਨਸਿਕ ਅਤੇ ਬੌਧਿਕ ਤੌਰ 'ਤੇ ਖੋਖਲੇ ਕਰਨ ਵਾਲੇ ਸਮਾਜ ਦੋਖੀ ਪੰਜਾਬ ਵਿੱਚ ਰਹਿ ਕੇ ਹੀ ਨਸ਼ਿਆਂ ਰਾਹੀਂ ਜਵਾਨੀ ਦਾ ਘਾਣ ਕਰਕੇ ਸਿਵਿਆਂ ਦੀ ਭੀੜ ਵਿੱਚ ਨਿਰੰਤਰ ਵਾਧਾ ਕਰ ਰਹੇ ਹਨ। ਪਿਛਲੇ ਦਿਨੀਂ ਐੱਨ.ਸੀ.ਬੀ. (ਨਾਰਕੌਟਿਕਸ ਕੰਟਰੋਲ ਬਿਊਰੋ) ਦੀ ਰਿਪੋਰਟ ਸਾਨੂੰ ਸਭ ਨੂੰ ਝੰਜੋੜਨ ਵਾਲੀ ਹੈ। ਰਿਪੋਰਟ ਅਨੁਸਾਰ ਅਬਾਦੀ ਪੱਖ ਤੋਂ ਭਾਰਤ ਦੀ ਕੁੱਲ ਅਬਾਦੀ ਦਾ 2.3 ਪ੍ਰਤੀਸ਼ਤ ਅਬਾਦੀ ਪੰਜਾਬ ਦੀ ਹੈ, ਪਰ ਨਸ਼ੇ ਕਾਰਨ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ 21% ਹੈ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਸਰਕਾਰ ਦੇ ਸਿਹਤ ਵਿਭਾਗ ਨੇ ਕੁਝ ਸਮਾਂ ਪਹਿਲਾਂ ਪ੍ਰਗਟਾਵਾ ਕੀਤਾ ਸੀ ਕਿ ਅੰਦਾਜ਼ਨ 9.70 ਲੱਖ ਨਸ਼ਈ ਸਿਹਤ ਵਿਭਾਗ ਵੱਲੋਂ ਖੋਲ੍ਹੇ ਓਟ ਸੈਂਟਰਾਂ ਰਾਹੀਂ ਇਲਾਜ ਕਰਵਾ ਰਹੇ ਹਨ। ਮਾਰਚ 2025 ਤੋਂ 'ਯੁੱਧ ਨਸ਼ਿਆਂ ਵਿਰੁੱਧ' ਐਲਾਨ ਉਪਰੰਤ ਪੁਲਿਸ ਵਿਭਾਗ ਵੱਲੋਂ ਇਸ ਮੁਹਿੰਮ ਤਹਿਤ ਤਸਕਰਾਂ ਦੀ ਗ੍ਰਿਫਤਾਰੀ ਅਤੇ ਨਸ਼ਿਆਂ ਦੀ ਰੋਕਥਾਮ ਦੇ ਨਾਲ ਨਾਲ ਨਸ਼ਈਆਂ ਦਾ ਇਲਾਜ ਕਰਵਾਉਣ ਲਈ ਯਤਨ ਕੀਤੇ ਗਏ। ਇਸ ਵੇਲੇ ਸਰਕਾਰੀ ਹਸਪਤਾਲਾਂ ਦੇ ਓਟ ਸੈਂਟਰਾਂ ਰਾਹੀਂ ਜੋ ਨਸ਼ਈ ਮਰੀਜ਼ ਇਲਾਜ ਕਰਵਾ ਰਹੇ ਹਨ, ਉਹਨਾਂ ਦੀ ਗਿਣਤੀ ਅੰਦਾਜ਼ਨ 10.65 ਲੱਖ ਹੈ। ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ 706 ਓਟ ਕਲੀਨਿਕਾਂ ਤੋਂ ਬਿਨਾਂ 177 ਪ੍ਰਾਈਵੇਟ ਨਸ਼ਾ ਛਡਾਊ ਕੇਂਦਰ ਵੀ ਇਸ ਮੰਤਵ ਲਈ ਖੁੱਲ੍ਹੇ ਹੋਏ ਹਨ। ਵਰਨਣਯੋਗ ਹੈ ਕਿ 177 ਪ੍ਰਾਈਵੇਟ ਨਸ਼ਾ ਛਡਾਊ ਕੇਂਦਰਾਂ ਵਿੱਚ 117 ਨਸ਼ਾ ਛਡਾਊ ਕੇਂਦਰ 10 ਵਿਅਕਤੀਆਂ ਨੇ ਨਿੱਜੀ ਤੌਰ 'ਤੇ ਖੋਲ੍ਹੇ ਹੋਏ ਹਨ। ਸਰਕਾਰੀ 706 ਓਟ ਕਲੀਨਿਕਾਂ ਵਿੱਚ ਨਸ਼ਾ ਛਡਾਉਣ ਵਾਲੀ ਗੋਲੀ, ਜੋ ਜੀਭ 'ਤੇ ਰੱਖਣ ਵਾਲੀ ਗੋਲੀ ਦੇ ਤੌਰ 'ਤੇ ਜਾਣੀ ਜਾਂਦੀ ਹੈ, ਮੁਫ਼ਤ ਦਿੱਤੀ ਜਾਂਦੀ ਹੈ, ਜਦੋਂ ਕਿ ਪ੍ਰਾਈਵੇਟ ਕੇਂਦਰਾਂ ਵਿੱਚ ਇਸ ਗੋਲੀ ਦਾ ਮੁੱਲ ਨਿਰਧਾਰਤ ਕੀਤਾ ਗਿਆ ਹੈ। ਸਰਕਾਰੀ ਰਿਕਾਰਡ ਅਨੁਸਾਰ ਪਿਛਲੇ ਸੱਤ ਸਾਲਾਂ ਵਿੱਚ 9 ਲੱਖ ਤੋਂ ਜ਼ਿਆਦਾ ਨਸ਼ਈ ਮਰੀਜ਼ ਓਟ ਕਲੀਨਿਕਾਂ ਵਿੱਚ ਦਵਾਈ ਲੈਣ ਲਈ ਪਹੁੰਚੇ। ਇਨ੍ਹਾਂ ਵਿੱਚੋਂ ਠੀਕ ਹੋਣ ਵਾਲਿਆਂ ਦੀ ਗਿਣਤੀ ਸਿਰਫ਼ 4154 ਹੈ, ਜਦੋਂ ਕਿ ਇਸ ਗੋਲੀ ਨਾਲ ਪ੍ਰਾਈਵੇਟ ਸੈਂਟਰਾਂ ਵਿੱਚ ਠੀਕ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ 244 ਹੈ। ਬੁਪਰੀਨੌਰਫਿਨ ਨਾਂ ਦੀ ਇਹ ਗੋਲੀ ਉੱਤੇ ਹਰ ਸਾਲ ਸਿਹਤ ਵਿਭਾਗ ਦਾ 102 ਕਰੋੜ ਰੁਪਏ ਖਰਚ ਆਉਂਦਾ ਹੈ। ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਨਸ਼ਈ ਮਰੀਜ਼ ਦੀ ਤੋੜ ਨੂੰ ਅਸਥਾਈ ਤੌਰ 'ਤੇ ਘੱਟ ਕਰਨ ਲਈ ਤਾਂ ਇਹ ਗੋਲੀ ਠੀਕ ਹੈ, ਪਰ ਇਸ ਗੋਲੀ ਦੀ ਵਰਤੋਂ ਨਾਲ ਠੀਕ ਹੋਏ ਮਰੀਜ਼ਾਂ ਦੀ ਗਿਣਤੀ ਆਟੇ ਵਿੱਚ ਲੂਣ ਵਾਂਗ ਹੈ। ਪਿਛਲੇ ਸਾਢੇ ਪੰਜ ਸਾਲਾਂ ਵਿੱਚ ਨਸ਼ਾ ਛਡਾਊ ਕੇਂਦਰਾਂ ਵਿੱਚ 127 ਕਰੋੜ ਗੋਲੀਆਂ ਦੀ ਖਪਤ ਹੋਈ, ਜਿਸ ਉੱਪਰ 5 ਕਰੋੜ 61 ਲੱਖ ਰੁਪਏ ਖਰਚ ਹੋਏ। ਨਸ਼ਾ ਮੁਕਤ ਕਰਨ ਲਈ ਨਿਯੁਕਤ ਮਨੋਵਿਗਿਆਨਿਕ



ਡਾਕਟਰਾਂ ਅਤੇ ਦੂਜੇ ਮੈਡੀਕਲ ਸਟਾਫ ਦੀਆਂ ਤਨਖ਼ਾਹਾਂ ਅਤੇ ਹੋਰ ਫੁਟਕਲ ਖਰਚੇ ਇਸ ਤੋਂ ਵੱਖ ਹਨ।

ਜ਼ਿਲ੍ਹਾ ਪੱਧਰ 'ਤੇ ਬਣੇ ਨਸ਼ਾ ਛਡਾਊ ਕੇਂਦਰਾਂ ਵਿੱਚ ਨਸ਼ਈਆਂ ਦਾ ਜੀਭ 'ਤੇ ਰੱਖਣ ਵਾਲੀਆਂ ਗੋਲੀਆਂ ਪ੍ਰਾਪਤ ਕਰਨ ਲਈ ਸਵੇਰ ਤੋਂ ਹੀ ਮੇਲਾ ਲੱਗ ਜਾਂਦਾ ਹੈ। ਸਿਧਾਂਤਕ ਤੌਰ 'ਤੇ ਪਹਿਲਾਂ ਨਸ਼ਈ ਮਰੀਜ਼ਾਂ ਦੀ ਕੌਂਸਲਿੰਗ ਕਰਕੇ ਉਸ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਪ੍ਰੇਰਨਾ ਦੇਣੀ, ਦਵਾਈ ਦੀ ਮਾਤਰਾ ਹੌਲੀ ਹੌਲੀ ਘੱਟ ਕਰਨੀ ਅਤੇ ਨਾਲ ਹੀ ਪਰਿਵਾਰਕ ਮੈਂਬਰਾਂ ਦੀ ਕੌਂਸਲਿੰਗ ਅਤਿਅੰਤ ਜ਼ਰੂਰੀ ਹੈ। ਪਰ ਐਨੇ ਇਕੱਠ ਵਿੱਚ ਇਕੱਲੇ ਇਕੱਲੇ ਦੀ ਕਾਊਂਸਲਿੰਗ ਕਰਨੀ ਸੰਭਵ ਨਹੀਂ। ਬੱਸ, ਮਰੀਜ਼ ਦੀ ਰਜਿਸਟਰੇਸ਼ਨ ਕਰਨ ਉਪਰੰਤ ਉਸ ਨੂੰ ਨੇੜੇ ਦੇ ਓਟ ਸੈਂਟਰ ਵਿੱਚ ਜੀਭ 'ਤੇ ਰੱਖਣ ਵਾਲੀ ਗੋਲੀ ਲੈਣ ਲਈ ਭੇਜ ਦਿੱਤਾ ਜਾਂਦਾ ਹੈ। ਜ਼ਿਲ੍ਹਾ ਪੱਧਰ 'ਤੇ ਰਜਿਸਟਰੇਸ਼ਨ ਉਪਰੰਤ ਉਸ ਨੂੰ ਓਟ ਸੈਂਟਰਾਂ ਰਾਹੀਂ 14 ਦਿਨਾਂ ਲਈ ਇਹ ਗੋਲੀਆਂ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ।

ਇਨ੍ਹਾਂ ਜੀਭ 'ਤੇ ਰੱਖਣ ਵਾਲੀਆਂ ਗੋਲੀਆਂ ਦੇ ਕਈ ਨਕਾਰਾਤਮਿਕ ਪਹਿਲੂ ਵੀ ਸਾਹਮਣੇ ਆਏ ਹਨ। 2019 ਵਿੱਚ ਡਰੱਗ ਫਲਾਈਇੰਗ ਸਕੁਐਡ ਦੀ ਮੁਖੀ ਨੇਹਾ ਸ਼ੋਰੀ ਨੇ ਪੰਜਾਬ ਦੇ ਵੱਖ-ਵੱਖ ਨਸ਼ਾ ਛਡਾਊ ਕੇਂਦਰਾਂ ਵਿੱਚ ਪੰਜ ਕਰੋੜ ਗੋਲੀਆਂ ਦਾ ਘਪਲਾ ਫੜਿਆ ਸੀ। ਨੇਹਾ ਸ਼ੋਰੀ ਨੂੰ ਘਪਲਾ ਫੜਨ ਤੋਂ ਇੱਕ ਮਹੀਨੇ ਬਾਅਦ ਹੀ ਉਸਦੇ ਦਫ਼ਤਰ ਵਿੱਚ ਕਤਲ ਕਰ ਦਿੱਤਾ ਗਿਆ ਸੀ। ਘਪਲੇ ਵਾਲੀ ਫਾਇਲ, ਫਾਈਲਾਂ ਦੇ ਢੇਰ ਵਿੱਚ ਦੱਬੀ ਗਈ।

ਇੱਕ ਵਿਅਕਤੀ ਵੱਲੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਨਸ਼ਾ ਖਤਮ ਕਰਨ ਦੇ ਨਾਅਰੇ ਨਾਲ ਇਨ੍ਹਾਂ ਜੀਭ 'ਤੇ ਰੱਖਣ ਵਾਲੀਆਂ ਗੋਲੀਆਂ ਨੂੰ ਬਲੈਕ ਵਿੱਚ ਵੇਚ ਕੇ ਮੋਟੀ ਕਮਾਈ ਕੀਤੀ ਗਈ। ਡਰੱਗ ਇੰਸਪੈਕਟਰ ਦੀ ਮਿਲੀ ਭੁਗਤ ਨਾਲ ਨਸ਼ਈ ਮਰੀਜ਼ਾਂ ਦੀ ਗਲਤ ਰਜਿਸਟਰੇਸ਼ਨ ਕਰਕੇ ਇਨ੍ਹਾਂ ਗੋਲੀਆਂ ਨੂੰ ਥੋਕ ਵਿੱਚ ਵੇਚਿਆ ਗਿਆ। ਵਿਜੀਲੈਂਸ ਦੀ ਪੜਤਾਲ ਉਪਰੰਤ 22 ਸੈਂਟਰ ਸੀਲ ਕਰ ਦਿੱਤੇ ਹਨ। ਉਸਦੀ ਵਿਅਕਤੀ ਦੀ ਇਸ ਕਾਲੇ ਧੰਦੇ ਦੀ ਕਮਾਈ ਨਾਲ ਇਕੱਠੇ ਕੀਤੇ 21 ਕਰੋੜ ਵੀ ਈ.ਡੀ. ਵੱਲੋਂ ਜ਼ਬਤ ਕਰ ਲਏ ਗਏ ਹਨ ਅਤੇ ਸੈਂਟਰਾਂ ਦਾ ਮਾਲਕ ਜੇਲ੍ਹ ਵਿੱਚ ਹੈ। ਓਟ ਕਲੀਨਿਕਾਂ ਵਿੱਚ ਮਰੀਜ਼ਾਂ ਨੂੰ ਮੁਫ਼ਤ ਦਿੱਤੀਆਂ ਜਾਣ ਵਾਲੀਆਂ ਇਹ ਗੋਲੀਆਂ ਕਈ ਮੈਡੀਕਲ ਸਟੋਰਾਂ 'ਤੇ ਰੇਡ ਕਰਨ ਉਪਰੰਤ ਬਰਾਮਦ ਕੀਤੀਆਂ ਗਈਆਂ। ਇੱਥੇ ਹੀ ਬੱਸ ਨਹੀਂ, ਕਈ ਵਿਅਕਤੀ ਨਸ਼ਈ ਮਰੀਜ਼ ਬਣ ਕੇ ਗੋਲੀਆਂ ਦੇ ਪੱਤੇ ਪ੍ਰਾਪਤ ਕਰਨ ਉਪਰੰਤ ਬਲੈਕ ਵਿੱਚ ਵੇਚਦੇ ਵੀ ਫੜੇ ਗਏ ਹਨ। ਪੰਜਾਬ ਦੇ ਕਈ ਓਟ ਸੈਂਟਰਾਂ ਵਿੱਚ ਇਨ੍ਹਾਂ ਜੀਭ 'ਤੇ ਰੱਖਣ ਵਾਲੀਆਂ ਗੋਲੀਆਂ ਦੇ ਕਾਲੇ ਧੰਦੇ ਸਾਹਮਣੇ ਆਏ ਹਨ। ਇਨ੍ਹਾਂ ਗੋਲੀਆਂ ਦੇ ਨਸ਼ਈ ਮਰੀਜ਼ਾਂ 'ਤੇ ਪੈ ਰਹੇ ਪ੍ਰਭਾਵਾਂ ਸਬੰਧੀ ਜਦੋਂ ਇੱਕ ਮਨੋਵਿਗਿਆਨਿਕ ਡਾਕਟਰ ਨਾਲ ਗੱਲ ਕੀਤੀ ਤਾਂ ਉਸਨੇ ਦੱਸਿਆ ਕਿ ਇਸ ਗੋਲੀ ਦੀ ਵਰਤੋਂ ਨਾਲ ਸਿਰ ਦਰਦ, ਉਲਟੀ, ਘਬਰਾਹਟ, ਕਬਜ਼, ਲਿਵਰ 'ਤੇ ਮਾਰੂ ਅਸਰ, ਸਾਹ ਦੀ ਦਿੱਕਤ ਵੀ ਆਉਂਦੀ ਹੈ ਅਤੇ ਕਈ ਨਸ਼ਈ ਮਰੀਜ਼ਾਂ ਨੇ ਇਨ੍ਹਾਂ ਗੋਲੀਆਂ ਦੀ ਵਰਤੋਂ ਉਪਰੰਤ ਨਾਮਰਦੀ ਦਾ ਪ੍ਰਗਟਾਵਾ ਵੀ ਕੀਤਾ ਹੈ। ਇਨ੍ਹਾਂ ਗੋਲੀਆਂ ਦੀ ਵਰਤੋਂ ਨਾਲ ਨਸ਼ਈ ਮਰੀਜ਼ ਮੰਜੇ ਨਾਲ ਸਾਂਝ ਪਾ ਲੈਂਦਾ ਹੈ। ਇੱਕ ਸਰਵੇਖਣ ਅਨੁਸਾਰ 15-35 ਉਮਰ ਗੁੱਟ ਦੇ ਅੰਦਾਜ਼ਨ 23 ਲੱਖ ਨਸ਼ਈ ਪੰਜਾਬ ਵਿੱਚ ਵੱਖ-ਵੱਖ ਤਰ੍ਹਾਂ ਦਾ ਨਸ਼ਾ ਕਰ ਰਹੇ ਹਨ। 9.75 ਲੱਖ ਮਰੀਜ਼ ਤਾਂ ਇਨ੍ਹਾਂ ਜੀਭ ਉੱਤੇ ਰੱਖਣ ਵਾਲੀਆਂ ਗੋਲੀਆਂ ਨਾਲ ਆਪਣੀ ਤੋੜ ਨੂੰ ਅਸਥਾਈ ਤੌਰ 'ਤੇ ਘਟਾ ਰਹੇ ਹਨ। ਪਰ ਇਹ ਨਸ਼ਾ ਛੱਡਣ ਦਾ ਪੱਕਾ ਇਲਾਜ ਨਹੀਂ ਹੈ। ਸਰਕਾਰੀ ਨਸ਼ਾ ਛਡਾਊ ਕੇਂਦਰਾਂ ਵਿੱਚ ਕਈ ਵਾਰ ਟੈਕਨੀਕਲ ਕਾਰਨਾਂ ਕਰਕੇ ਇਹ ਗੋਲੀਆਂ ਦੀ ਸਪਲਾਈ ਇੱਕ ਦੋ ਘੰਟੇ ਲਈ ਰੁਕਣ ਸਮੇਂ ਨਸ਼ਈ ਮਰੀਜ਼ ਤੋੜ ਨਾਲ ਤੜਫਦੇ ਵੇਖੇ ਗਏ ਹਨ। ਉਹਨਾਂ ਨੂੰ ਤੜਫਦਿਆਂ ਦੇਖ ਕੇ ਹੀ ਕਿਸੇ ਨੇ ਹਾਅ ਦਾ ਨਾਅਰਾ ਮਾਰਿਆ ਸੀ:

ਨਸ਼ਿਆਂ ਵਾਲੀ ਦੇ ਕੇ ਗੋਲ਼ੀ,
ਦੇਖੋ ਕਿੰਝ ਜਵਾਨੀ ਰੋਲ਼ੀ।

ਅੰਦਾਜ਼ਨ 13 ਲੱਖ ਹੋਰ ਨਸ਼ਈ ਮਰੀਜ਼ ਨਸ਼ਾ ਪ੍ਰਾਪਤ ਕਰਨ ਲਈ ਜਿੱਥੇ ਮਾਪਿਆਂ ਦੇ ਗੱਲ ਗੂਠਾ ਦਿੰਦੇ ਹਨ, ਉੱਥੇ ਹੀ ਲੁੱਟ-ਖੋਹ, ਝਪਟਮਾਰੀ ਅਤੇ ਹੋਰ ਕਈ ਤਰ੍ਹਾਂ ਦੇ ਸੰਗੀਨ ਜੁਰਮ ਵੀ ਕਰਦੇ ਹਨ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਇਹ ਗੰਭੀਰ ਟਿੱਪਣੀ ਸਾਡੇ ਸਾਰਿਆਂ ਲਈ ਇੱਕ ਚਿਤਾਵਣੀ ਹੈ, ਨਸ਼ਿਆਂ ਦਾ ਸੰਕਟ ਹੁਣ ਸਿਰਫ਼ ਵਿਅਕਤੀਗਤ ਆਦਤ ਤੱਕ ਸੀਮਿਤ ਨਹੀਂ ਰਿਹਾ, ਸਗੋਂ ਜਨਤਕ ਪ੍ਰਬੰਧ, ਰਾਸ਼ਟਰੀ ਸੁਰੱਖਿਆ ਅਤੇ ਕਾਨੂੰਨ ਲਈ ਖ਼ਤਰਾ ਵੀ ਬਣ ਗਿਆ ਹੈ।

# ਅਜੋਕੇ ਸੰਕਟਾਂ ਦਾ ਸਾਹਮਣਾ ਕਰਨ ਲਈ ਸਿੱਖ ਪੰਥ ਸਿੰਘ ਸਭਾ ਲਹਿਰ ਤੋਂ ਸੇਧ ਲਵੇ



ਡਾ. ਇੰਦਰਜੀਤ ਸਿੰਘ ਗੋਗੋਆਣੀ

ਇਤਿਹਾਸਕ ਦ੍ਰਿਸ਼ਟੀ ਤੋਂ ਪਤਾ ਲਗਦਾ ਹੈ ਕਿ 27 ਜੂਨ 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖ ਰਾਜ ਦਰਬਾਰ ਖੇਰੂੰ-ਖੇਰੂੰ ਹੁੰਦਾ ਓੜਕ ਖ਼ਤਮ ਹੋ ਗਿਆ।29 ਮਾਰਚ 1849 ਨੂੰ ਲਾਰਡ ਡਲਹੌਜੀ ਦੀ ਸਰਕਾਰ ਨੇ ਪੰਜਾਬ ਨੂੰ ਭਾਰਤੀ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ। ਅੰਗਰੇਜ਼ੀ ਸ਼ਾਸਨ ਸਥਾਪਤ ਹੋਣ ਉਪਰੰਤ ਇਸਾਈ ਮਿਸ਼ਨਰੀਆਂ ਨੂੰ ਸਰਕਾਰ ਦਾ ਸਮਰਥਨ, ਸਰਪ੍ਰਸਤੀ ਤੇ ਸਹਾਇਤਾ ਪ੍ਰਾਪਤ ਹੋਈ। ਨਵੇਂ-ਨਵੇਂ ਸਕੂਲ ਕਾਲਜ ਖੁੱਲ੍ਹ ਰਹੇ ਸਨ ਤੇ ਇਸਾਈ ਪ੍ਰਚਾਰਕ ਇਨ੍ਹਾਂ ਸਕੂਲਾਂ/ਕਾਲਜਾਂ 'ਚ ਆਪਣੇ ਮੱਤ ਦਾ ਪ੍ਰਚਾਰ ਕਰਦੇ ਸਨ।

1853 ਈ. ਨੂੰ ਮਹਾਰਾਜਾ ਦਲੀਪ ਸਿੰਘ ਨੂੰ ਵੀ ਇਸਾਈ ਧਰਮ ਵਿੱਚ ਸ਼ਾਮਿਲ ਕਰ ਲਿਆ ਗਿਆ। ਇਸੇ ਸਾਲ ਅੰਮ੍ਰਿਸਤਰ ਵਿੱਚ ਕ੍ਰਿਸਚਨ ਸਕੂਲ ਖੁੱਲ੍ਹਿਆ ਅਤੇ ਕੁਝ ਕੁ ਸਾਲਾਂ ਵਿੱਚ ਪਾਦਰੀਆਂ ਨੇ ਅਨੇਕਾਂ ਪ੍ਰਚਾਰ ਸੈਂਟਰ ਕਾਇਮ ਕਰ ਲਏ। ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਰਨ ਤਾਰਨ ਦੇ ਪ੍ਰਸਿੱਧ ਗੁਰਦੁਆਰੇ ਸਰਕਾਰ ਦੇ ਪ੍ਰਬੰਧ ਅਧੀਨ ਹੋ ਗਏ। ਇਸਾਈ ਪ੍ਰਚਾਰਕਾਂ ਵੱਲੋਂ ਅਨੇਕਾਂ ਮਨਘੜਤ ਕਹਾਣੀਆਂ ਬਣਾ ਕੇ ਸਿੱਖਾਂ ਨੂੰ ਸਿੱਖੀ ਨਾਲੋਂ ਤੋੜਿਆ ਜਾਣ ਲੱਗਾ। 1855-56 ਈ. ਦੀ ਪੰਜਾਬ ਐਡਮਨਿਸਟ੍ਰੇਟਿਵ ਰਿਪੋਰਟ ਵਿੱਚ ਵੇਰਵਾ ਹੈ ਕਿ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਘਟ ਰਹੀ ਹੈ। ਤੱਤਸਾਰ ਹੈ ਕਿ ਸਿੱਖ ਧਰਮ ਦੀ ਸਿਧਾਂਤਕ ਸਿਰਮੌਰਤਾ ਤੇ ਸਮਾਜਿਕ ਏਕਤਾ ਗੰਭੀਰ ਸੰਕਟ ਦਾ ਸ਼ਿਕਾਰ ਸੀ।

1872 ਵਿੱਚ ਪੰਡਤ ਸ਼ਰਧਾ ਰਾਮ ਫਿਲੌਰੀ ਨੇ ਅੰਮ੍ਰਿਤਸਰ ਗੁਰੂ ਕੇ ਬਾਗ ਵਿਖੇ ਸਿੱਖ ਧਰਮ ਪ੍ਰਤੀ ਬਹੁਤ ਹੀ ਅਯੋਗ ਗੱਲਾਂ ਆਪਣੇ ਵਿਖਿਆਨ 'ਚ ਕਹੀਆਂ। ਸਿੱਖ ਸਮਾਜ ਨੇ ਦੁੱਖ ਤਾਂ ਬਹੁਤ ਮਨਾਇਆ ਪਰ ਅੰਗਰੇਜ਼ ਸਰਕਾਰ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਉਸ ਦੀ ਸੁਰੱਖਿਆ ਹੋਰ ਵਧਾ ਦਿੱਤੀ। 1873 'ਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਅਤਰ ਸਿੰਘ, ਆਇਆ ਸਿੰਘ, ਸੰਤੋਖ ਸਿੰਘ ਤੇ ਸਾਧੂ ਸਿੰਘ ਨੇ ਇਸਾਈ ਧਰਮ ਵਿੱਚ ਸ਼ਾਮਿਲ ਹੋਣ ਦੀ ਇੱਛਾ ਪ੍ਰਗਟਾਈ ਤਾਂ ਦਰਦਮੰਦ ਸਿੱਖਾਂ ਨੂੰ ਪਾਣੀ ਸਿਰਾਂ ਤੋਂ ਲੰਘਦਾ ਜਾਪਿਆ। ਕੁਝ ਨਾਮਵਰ ਸਿੱਖ ਸ. ਠਾਕੁਰ ਸਿੰਘ ਸੰਧਾਵਾਲੀਆ, ਭਾਈ ਮਈਆ ਸਿੰਘ, ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਕਪੂਰਥਲਾ, ਪ੍ਰੋ. ਗੁਰਮੁਖ ਸਿੰਘ, ਭਾਈ ਜਵਾਹਰ ਸਿੰਘ ਆਦਿ ਪੰਥ ਦਰਦੀਆਂ ਨੇ ਪਹਿਲੀ ਮੀਟਿੰਗ 30 ਜੁਲਾਈ 1873 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ ਅੰਮ੍ਰਿਤਸਰ ਵਿਖੇ ਕੀਤੀ। ਇਸ ਸਮੇਂ ਆਏ ਮੁੱਖ ਵਾਕ ਦਾ ਪਹਿਲਾ ਅੱਖਰ 'ਸ' ਹੋਣ ਕਰਕੇ ਸਰਬਸੰਮਤੀ ਨਾਲ ਇਸ ਸੰਸਥਾ ਦਾ ਨਾਂਅ ਸਿੰਘ ਸਭਾ ਰੱਖਿਆ ਗਿਆ। ਲੰਬੀ ਵਿਚਾਰ ਤੋਂ ਬਾਅਦ 1 ਅਕੂਤਬਰ 1873 ਈ. ਨੂੰ ਦੁਸਹਿਰੇ ਵਾਲੇ ਦਿਨ ਬਾਅਦ ਦੁਪਹਿਰ ਦੋ ਵਜੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਦਰਦਮੰਦ ਸਿੱਖਾਂ ਦਾ ਭਰਵਾਂ ਇਕੱਠ ਹੋਇਆ, ਜਿਸ ਵਿੱਚ ਪੁਜਾਰੀ, ਪ੍ਰੋਹਤ, ਗਿਆਨੀ, ਗ੍ਰੰਥੀ, ਉਦਾਸੀ, ਨਿਰਮਲੇ ਸਿੱਖਾਂ ਤੋਂ ਇਲਾਵਾ ਮੁੱਖ ਸਿੱਖ ਸਰਦਾਰ ਸ਼ਾਮਿਲ ਹੋਏ। ਇਸ ਸਭਾ ਵਿੱਚ ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ ਥਾਪੇ ਗਏ ਅਤੇ ਪ੍ਰਸਿੱਧ



ਵਿਦਵਾਨ ਗਿਆਨੀ ਗਿਆਨ ਸਿੰਘ ਸਕੱਤਰ ਨਿਯੁਕਤ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਬਾਬਾ ਖੇਮ ਸਿੰਘ ਬੇਦੀ ਤੇ ਕੰਵਰ ਬਿਕਰਮ ਸਿੰਘ ਕਪੂਰਥਲਾ ਸਿੰਘ ਸਭਾ ਦੇ ਮੁਖੀਏ ਤੇ ਮੋਢੀ ਸਨ। ਇਹ ਸਭਾ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਨਾਂਅ ਹੇਠ ਐਕਟ 1860 ਅਧੀਨ ਰਜਿਸਟਰਡ ਹੋਈ। ਸ੍ਰੀ ਗੁਰੂ ਸਿੰਘ ਸਭਾ ਦੇ ਮੁੱਖ ਉਦੇਸ਼ ਸਿੱਖੀ ਦਾ ਪ੍ਰਚਾਰ ਕਰਨਾ, ਪੰਜਾਬੀ ਭਾਸ਼ਾ ਦੀ ਉੱਨਤੀ, ਪੁਸਤਕਾਂ, ਅਖ਼ਬਾਰ ਪ੍ਰਕਾਸ਼ਿਤ ਕਰਨੇ, ਨਵੀਆਂ ਸਿੰਘ ਸਭਾਵਾਂ ਸਥਾਪਤ ਕਰਨੀਆਂ, ਸਿੱਖੀ ਸਿਧਾਂਤਾਂ ਤੇ ਮਰਯਾਦਾ 'ਤੇ ਪਹਿਰੇਦਾਰੀ, ਖ਼ਾਲਸਾਈ ਵਿੱਦਿਅਕ ਅਦਾਰਿਆਂ ਦੀ ਸਥਾਪਨਾ ਕਰਨੀ, ਆਪਣੀ ਨਿਆਰੀ ਹੋਂਦ ਬਾਰੇ ਧਾਰਮਿਕ ਚੇਤੰਨਤਾ ਪੈਦਾ ਕਰਨੀ ਆਦਿ ਸਨ।

ਹੁਣ ਥਾਂ-ਥਾਂ ਸਿੰਘ ਸਭਾਵਾਂ ਦੀ ਸਥਾਪਨਾ ਹੋਣੀ ਸ਼ੁਰੂ ਹੋਈ। ਇਹ ਕੌਮੀ ਜਾਗਰੂਕਤਾ ਤੇ ਚੇਤੰਨਤਾ ਦਾ ਵਹਾਅ ਸੀ। ਜੋ ਲੋਕ ਅਗਿਆਨਤਾ ਵਿਚ ਸਿੱਖੀ ਤੇ ਪੰਜਾਬੀ ਭਾਸ਼ਾ ਤੋਂ ਦੂਰ ਹੋ ਗਏ ਸਨ, ਉਨ੍ਹਾਂ ਦੀ ਵੱਡੇ ਪੱਧਰ 'ਤੇ ਘਰ ਵਾਪਸੀ ਹੋਈ।

ਖ਼ਾਲਸਾ ਸਕੂਲ-ਕਾਲਜ ਖੋਲ੍ਹਣ ਦਾ ਰੁਝਾਨ ਬਣਿਆ। ਇਸਤਰੀ ਸਭਾਵਾਂ ਬਣੀਆਂ, ਸਤਿਸੰਗ ਸ਼ੁਰੂ ਹੋਏ ਅਤੇ ਲੜਕੀਆਂ ਦੀਆਂ ਪਾਠਸ਼ਾਲਾਵਾਂ ਦੀ ਸ਼ੁਰੂਆਤ ਹੋਈ। ਇਸ ਸਮੇਂ ਕੁਝ ਵਿਚਾਰਧਾਰਕ ਵਖਰੇਵੇਂ ਕਰਕੇ 1879 ਵਿਚ ਸਿੰਘ ਸਭਾ ਲਾਹੌਰ ਵੀ ਵੱਖਰੇ ਰੂਪ ਵਿੱਚ ਸਥਾਪਤ ਹੋਈ। ਜਦ ਕਾਫ਼ੀ ਸਿੰਘ ਸਭਾਵਾਂ ਹੋਂਦ ਵਿੱਚ ਆਈਆਂ ਤਾਂ ਇੱਕ ਕੇਂਦਰੀ ਜਥੇਬੰਦੀ ਦੀ ਲੋੜ ਮਹਿਸੂਸ ਕਰਦਿਆਂ 1883 ਵਿੱਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ। ਦੂਜੇ ਪਾਸੇ 1886 'ਚ ਖ਼ਾਲਸਾ ਦੀਵਾਨ ਲਾਹੌਰ ਵੀ ਸਥਾਪਤ ਹੋਇਆ। ਭਾਵੇਂ ਸਿੰਘ ਸਭਾ ਲਾਹੌਰ ਨੇ ਵੀ ਹਰ ਪੱਖੋਂ ਬਹੁਤ ਸ਼ਲਾਘਾਯੋਗ ਕਾਰਜ ਕੀਤੇ ਪਰ ਮੂਲ ਰੂਪ 'ਚ ਸ੍ਰੀ ਗੁਰੂ ਸਿੰਘ ਸਭਾ (ਰਜਿ:) ਅੰਮ੍ਰਿਤਸਰ ਨੂੰ ਮੋਢੀ ਤੇ ਮਾਂ ਸੰਸਥਾ ਵਜੋਂ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਵਿਚ 1 ਅਕਤੂਬਰ 1873 ਈ. ਦਾ ਦਿਨ ਵਿਸ਼ੇਸ਼ ਮਾਨਤਾ ਰੱਖਦਾ ਹੈ, ਕਿਉਂਕਿ ਜਦ ਵੀ ਅਸੀਂ ਸਾਕਿਆਂ ਅਤੇ ਮੋਰਚਿਆਂ ਦਾ ਇਤਿਹਾਸ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਹੀ ਸਭਨਾ ਦਾ ਮੂਲ ਆਧਾਰ ਹੈ। ਅੱਜ ਵੀ ਸਿੰਘ ਸਭਾ ਅੰਮ੍ਰਿਤਸਰ ਦਾ ਸਭ ਤੋਂ ਪੁਰਾਤਨ ਮੁੱਖ ਦਫ਼ਤਰ ਸ੍ਰੀ ਦਰਬਾਰ ਸਾਹਿਬ ਲਾਗੇ ਵਿਰਾਸਤੀ ਮਾਰਗ 'ਤੇ ਸਥਿਤ ਹੈ। ਸਭਾ ਵੱਲੋਂ ਸਮੇਂ-ਸਮੇਂ 'ਤੇ ਵਿਸ਼ੇਸ਼ ਸੈਮੀਨਾਰ, ਸਕੂਲਾਂ/ਕਾਲਜਾਂ 'ਚ ਵਿਦਿਆਰਥੀ ਕੈਂਪ, ਰਾਗ ਦਰਬਾਰ ਤੇ ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ।

ਅਜੋਕੇ ਸਮੇਂ ਵਿੱਚ ਸਿੱਖ ਕੌਮ ਦੇ ਸਮਕਾਲੀ ਹਾਲਾਤ 'ਤੇ ਵਿਚਾਰ ਕਰੀਏ ਤਾਂ ਅਨੇਕ ਸਮੱਸਿਆਵਾਂ ਨਵੇਂ ਰੂਪ ਵਿਚ ਕੌਮ ਦੇ ਸਾਹਮਣੇ ਹਨ। ਸਿੱਖਾਂ ਵਿੱਚ ਨਸ਼ਿਆ ਦਾ ਰੁਝਾਨ, ਧਰਮ ਤਬਦੀਲੀ, ਪ੍ਰਬੰਧਕੀ ਨਿਘਾਰ, ਖ਼ੁਸ਼ੀ-ਗਮੀ ਦੇ ਸਮਾਗਮਾਂ 'ਚ ਫ਼ਜ਼ੂਲ ਖ਼ਰਚੇ, ਫੋਕਟ ਕਰਮ-ਕਾਡਾਂ ਦਾ ਪ੍ਰਚਲਨ, ਦੇਹਧਾਰੀ ਗੁਰੂ ਡੰਮ੍ਹ, ਜਥੇਬੰਦੀਆਂ ਦਾ ਆਪਸੀ ਟਕਰਾਅ ਆਦਿ ਸਾਡੇ ਕੌਮੀ ਨਿਘਾਰ ਦੀ ਗਵਾਹੀ ਹਨ। ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਅੱਜ ਸਿੰਘ ਸਭਾ ਲਹਿਰ ਦੇ ਚਿੰਤਕਾਂ ਵਾਂਗ ਸਿੱਖਾਂ ਦੀ ਧਾਰਮਿਕ ਤੇ ਰਾਜਨੀਤਕ ਲੀਡਰਸ਼ਿਪ ਨੂੰ ਸਿਰ ਜੋੜ ਕੇ ਬੈਠਣ ਅਤੇ ਚਿੰਤਨ ਕਰਨ ਦੀ ਅਹਿਮ ਜ਼ਰੂਰਤ ਹੈ। ਵਕਤ ਦੀ ਮੰਗ ਹੈ ਕਿ ਅਸੀਂ ਸਿੰਘ ਸਭਾ ਲਹਿਰ ਦਾ 152 ਸਾਲਾ ਸਥਾਪਨਾ ਦਿਵਸ ਮਨਾਉਂਦਿਆਂ ਆਪਣੇ ਭੂਤਕਾਲ ਤੋਂ ਸੇਧ ਲੈ ਕੇ ਵਰਤਮਾਨ ਨੂੰ ਸੰਵਾਰਨ ਦਾ ਅਹਿਦ ਕਰੀਏ ਤਾਂ ਜ਼ਰੂਰ ਚੰਗੇ ਸਿੱਟੇ ਨਿਕਲ ਸਕਦੇ ਹਨ।

# ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਲਾਗੂ ਹੋ ਜਾਵੇਗਾ ਅਨੰਦ ਮੈਰਿਜ ਐਕਟ



ਤਰਲੋਚਨ ਸਿੰਘ

ਕੁਝ ਦਿਨ ਪਹਿਲਾਂ ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੇ ਇੱਕ ਸਿੱਖ ਦੀ ਪਟੀਸ਼ਨ 'ਤੇ ਇਤਿਹਾਸਕ ਫ਼ੈਸਲਾ ਸੁਣਾਉਂਦੇ ਹੋਏ ਇਹ ਆਦੇਸ਼ ਦਿੱਤਾ ਹੈ ਕਿ ਭਾਰਤ ਦੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਅਨੰਦ ਮੈਰਿਜ ਐਕਟ ਲਾਗੂ ਕੀਤਾ ਜਾਵੇ। ਇਸ ਖ਼ਬਰ ਨੂੰ ਭਾਰਤ ਦੀਆਂ ਸਾਰੀਆਂ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਾਰਨ ਦੁਨੀਆ ਭਰ ਦੇ ਸਿੱਖਾਂ ਵਿੱਚ ਅਨੰਦ ਮੈਰਿਜ ਐਕਟ ਇੱਕ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਪੰਜਾਬ ਦੇ ਸਾਰੇ ਇੰਟਰਨੈੱਟ ਚੈਨਲਾਂ ਨੇ ਇਸ ਸੰਬੰਧੀ ਸਪੈਸ਼ਲ ਪ੍ਰੋਗਰਾਮ ਕਰਦਿਆਂ ਵਿਚਾਰ-ਵਟਾਂਦਰਾ ਕੀਤਾ ਹੈ। ਸੁਪਰੀਮ ਕੋਰਟ ਨੇ ਆਪਣੇ ਇਸ ਹੁਕਮ ਵਿੱਚ ਦੇਸ਼ ਦੇ ਹਰ ਧਰਮ ਦੀ ਵਿਲੱਖਣਤਾ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਦੀਆਂ ਰਹੁ-ਰੀਤੀਆਂ ਨੂੰ ਕਾਇਮ ਰੱਖਣ ਸੰਬੰਧੀ ਬੜੇ ਸਪੱਸ਼ਟ ਸ਼ਬਦਾਂ ਵਿੱਚ ਆਦੇਸ਼ ਦਿੱਤਾ ਹੈ। ਇਸ ਸਮੇਂ ਜਦੋਂ ਕਿ ਆਮ ਕਰਕੇ ਬਹੁਗਿਣਤੀ ਭਾਈਚਾਰੇ ਅਤੇ ਘੱਟ-ਗਿਣਤੀ ਭਾਈਚਾਰਿਆਂ ਦੇ ਸੰਬੰਧਾਂ ਦਾ ਵਿਸ਼ਾ ਚਿੰਤਾਜਨਕ ਬਣਿਆ ਹੋਇਆ ਹੈ ਤਾਂ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਹਰ ਧਰਮ ਦੇ ਵਿਸ਼ਵਾਸ ਕਰਨ ਵਾਲਿਆਂ ਨੂੰ ਤਸੱਲੀ ਦੇਣ ਵਾਲਾ ਹੈ।

ਇਹ ਆਮ ਵੇਖਿਆ ਜਾਂਦਾ ਹੈ ਕਿ ਸਿੱਖਾਂ ਦੇ ਧਾਰਮਿਕ ਜਾਂ ਸਿਆਸੀ ਲੀਡਰ ਵੀ ਭਾਈਚਾਰੇ ਦੇ ਹੱਕਾਂ ਤੇ ਮੰਗਾਂ ਬਾਰੇ ਵੱਡੇ-ਵੱਡੇ ਬਿਆਨ ਅਖ਼ਬਾਰਾਂ ਵਿੱਚ ਦਿੰਦੇ ਰਹਿੰਦੇ ਹਨ ਅਤੇ ਸਰਕਾਰਾਂ ਨੂੰ ਤੁਰੰਤ ਇਸ 'ਤੇ ਅਮਲ ਕਰਨ ਲਈ ਕਿਹਾ ਜਾਂਦਾ ਹੈ। ਪਰ ਕਦੇ ਵੀ ਕਿਸੇ ਸੰਸਥਾ ਜਾਂ ਲੀਡਰ ਨੇ ਆਪ ਨਿਭਾਈ ਜ਼ਿੰਮੇਵਾਰੀ ਬਾਰੇ ਨਹੀਂ ਦੱਸਿਆ। ਮੈਂ ਇਹ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਸੁਪਰੀਮ ਕੋਰਟ ਦਾ ਫ਼ੈਸਲਾ ਸਿੱਖਾਂ ਦੀਆਂ ਧਾਰਮਿਕ ਜਥੇਬੰਦੀਆਂ 'ਤੇ ਵੀ ਤਨਜ਼ ਕਰਦਾ ਹੈ। ਅਨੰਦ ਮੈਰਿਜ ਐਕਟ ਭਾਰਤ ਦੀ ਸੰਸਦ ਦੇ ਦੋਹਾਂ ਸਦਨਾਂ ਵਿੱਚ 21 ਤੇ 22 ਮਈ 2012 ਨੂੰ ਪਾਸ ਕੀਤਾ ਗਿਆ ਸੀ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਇਸ ਨੂੰ 08 ਜੂਨ 2012 ਨੂੰ ਸਰਕਾਰੀ ਗਜ਼ਟ ਵਿੱਚ ਛਾਪ ਦਿੱਤਾ ਗਿਆ ਸੀ। ਇਹ ਕਾਨੂੰਨ ਸਾਰੇ ਭਾਰਤ 'ਤੇ ਲਾਗੂ ਹੋ ਗਿਆ ਸੀ ਅਤੇ ਹਰ ਸੂਬੇ ਨੂੰ ਇਸ ਬਾਰੇ ਕਾਇਦੇ ਕਾਨੂੰਨ ਬਣਾ ਕੇ ਆਪੋ-ਆਪਣੇ ਸੂਬੇ ਵਿੱਚ ਇਸ ਨੂੰ ਲਾਗੂ ਕਰਨ ਦੇ ਹੁਕਮ ਦਿੱਤੇ ਗਏ ਸਨ। ਕੋਈ ਵੀ ਸੂਬਾ ਇਸ ਐਕਟ ਵਿੱਚ ਤਰਮੀਮ ਨਹੀਂ ਕਰ ਸਕਦਾ। ਮੈਂ ਇਸੇ ਕਰਕੇ ਸਿੱਖ ਜਥੇਬੰਦੀਆਂ ਦੀ ਜ਼ਿੰਮੇਵਾਰੀ ਦੀ ਗੱਲ ਕਰਦਾ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਰਬਉੱਚ ਸੰਸਥਾ ਮੰਨੀ ਜਾਂਦੀ ਹੈ, ਇਹ ਉਸ ਦੀ ਜ਼ਿੰਮੇਵਾਰੀ ਸੀ ਕਿ ਉਹ ਹਰ ਸੂਬੇ ਦੇ ਮੁੱਖ ਮੰਤਰੀ ਨੂੰ ਮਿਲ ਕੇ ਇਸ ਕਾਨੂੰਨ ਨੂੰ ਤੁਰੰਤ ਲਾਗੂ ਕਰਨ ਲਈ ਬੇਨਤੀ ਕਰਦੀ। ਭਾਰਤ ਦੇ ਹਰ ਹਿੱਸੇ ਵਿੱਚ ਸਿੱਖ ਵਸਦੇ ਹਨ, ਗੁਰਦੁਆਰੇ ਕਾਇਮ ਹਨ। ਇਸ ਕਾਨੂੰਨ ਰਾਹੀਂ ਹਰ ਸਿੱਖ ਨੂੰ ਲਾਭ ਪੁੱਜਣਾ ਹੈ ਅਤੇ ਇਸ ਲਈ ਗੁਰਦੁਆਰਾ ਕਮੇਟੀਆਂ ਦਾ ਇਹ ਫ਼ਰਜ਼ ਵੀ ਬਣਦਾ ਸੀ, ਕਿ ਉਹ ਆਪਣੇ ਸੂਬੇ ਦੇ ਲੀਡਰਾਂ ਨੂੰ ਮਿਲ ਕੇ



ਇਹ ਕਾਨੂੰਨ ਲਾਗੂ ਕਰਵਾਉਂਦੇ। ਕਿਸੇ ਵੀ ਸੂਬੇ ਨੂੰ ਇਸ ਵਿੱਚ ਕੋਈ ਰੁਕਾਵਟ ਪਾਉਣ ਦੀ ਲੋੜ ਨਹੀਂ ਸੀ। ਪਰ ਸਾਡੀਆਂ ਜਥੇਬੰਦੀਆਂ ਦੀ ਅਣਗਹਿਲੀ ਦੀ ਇਸ ਤੋਂ ਵੱਡੀ ਮਿਸਾਲ ਨਹੀਂ ਮਿਲੇਗੀ ਕਿ ਉਹ ਉਸ ਐਕਟ ਨੂੰ ਹੀ ਭੁੱਲ ਗਏ, ਜੋ ਸਿੱਖਾਂ ਨੂੰ ਵੱਖਰੀ ਕੌਮ ਦੀ ਪਹਿਚਾਣ ਦਿੰਦਾ ਹੈ। ਸਭ ਤੋਂ ਵੱਧ ਹੈਰਾਨਗੀ ਇਹ ਹੈ ਕਿ 2012 ਵਿੱਚ ਪੰਜਾਬ ਵਿੱਚ ਅਕਾਲੀ ਦਲ ਸਰਕਾਰ ਸੀ ਅਤੇ ਪੰਜਾਬ ਵਿੱਚ ਵੀ ਇਹ ਕਾਨੂੰਨ 3 ਸਾਲ ਪਿਛੋਂ ਲਾਗੂ ਹੋਇਆ।

ਅਨੰਦ ਮੈਰਿਜ ਐਕਟ ਪਹਿਲੀ ਵਾਰ ਅੰਗਰੇਜ਼ ਸਰਕਾਰ ਸਮੇਂ 1909 ਵਿੱਚ ਮਹਾਰਾਜਾ ਰਿਪੂਦਮਨ ਸਿੰਘ ਨਾਭਾ ਨੇ ਪਾਸ ਕਰਵਾਇਆ ਸੀ। ਜਿਸ ਰਾਹੀਂ ਸਿੱਖਾਂ ਦੀ ਅਨੰਦ ਕਾਰਜ ਦੀ ਰਸਮ ਨੂੰ ਸਰਕਾਰੀ ਪ੍ਰਵਾਨਗੀ ਦਿੱਤੀ ਗਈ ਸੀ। 1947 ਵਿੱਚ ਦੇਸ਼ ਦੇ ਆਜ਼ਾਦ ਹੋਣ 'ਤੇ ਕਈ ਪੁਰਾਣੇ ਕਾਨੂੰਨ ਖਤਮ ਹੋ ਗਏ, ਪਰ ਇਹ ਕਾਨੂੰਨ ਕਾਇਮ ਰਿਹਾ। ਹਾਲਾਂਕਿ ਇਸ ਦੀ ਵਰਤੋਂ ਨਾ ਹੋ ਸਕੀ, ਕਿਉਂਕਿ 18 ਮਈ 1955 ਨੂੰ ਹਿੰਦੂ ਮੈਰਿਜ ਐਕਟ ਲਾਗੂ ਹੋਇਆ ਤਾਂ ਸਿੱਖਾਂ ਨੂੰ ਵੀ ਇਸ 'ਚ ਹੀ ਸ਼ਾਮਿਲ ਕਰ ਦਿੱਤਾ ਗਿਆ। ਉਸ ਦਿਨ ਤੋਂ ਭਾਵ 2012 ਤੱਕ 57 ਸਾਲ ਸਿੱਖਾਂ ਦੇ ਵਿਆਹ ਅਨੰਦ ਕਾਰਜ ਰਾਹੀਂ ਹੁੰਦੇ ਰਹੇ, ਪਰ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ ਦੇ ਤਹਿਤ ਸਰਟੀਫਿਕੇਟ ਦਿੱਤਾ ਜਾਂਦਾ ਸੀ। ਆਮ ਕਰਕੇ ਅਸੀਂ ਵਿਆਹ ਦੇ ਸਰਟੀਫਿਕੇਟ ਨਹੀਂ ਲੈਂਦੇ, ਪਰ ਜੋ ਵੀ ਬਾਹਰਲੇ ਮੁਲਕ ਜਾਂਦੇ ਹਨ ਉਨ੍ਹਾਂ ਲਈ ਵਿਆਹ ਦਾ ਇਹ ਸਰਟੀਫਿਕੇਟ ਲੈਣਾ ਲਾਜ਼ਮੀ ਹੈ।

ਜਦੋਂ ਮੈਂ 2004 ਵਿੱਚ ਹਰਿਆਣੇ ਤੋਂ ਸੰਸਦ ਮੈਂਬਰ ਬਣਿਆ ਤਾਂ ਵੱਖਰਾ ਸਿੱਖ ਵਿਆਹ ਐਕਟ ਬਣਾਉਣ ਲਈ ਕੰਮ ਆਰੰਭ ਕੀਤਾ ਗਿਆ ਸੀ। ਸਰਕਾਰ ਨਾਲ ਬਹੁਤ ਮੀਟਿੰਗਾਂ ਕੀਤੀਆਂ, ਹਰ ਕਿਸੇ ਨੇ ਕਿਹਾ ਕਿ ਹਿੰਦੂ ਮੈਰਿਜ ਐਕਟ ਵਿੱਚ ਤਰਮੀਮ ਕਰਵਾਉਣੀ ਬੜੀ ਔਖੀ ਹੈ। ਫਿਰ ਮੈਂ ਇੱਕ ਰਸਤਾ ਲੱਭਿਆ ਕਿ ਜੋ ਸਿੱਖ ਮੈਰਿਜ ਐਕਟ 1909 ਵਿੱਚ ਪਾਸ ਹੋਇਆ ਸੀ, ਉਸ ਬਾਰੇ ਸਰਕਾਰ ਤੋਂ ਇਹ ਲਿਖਤੀ ਚਿੱਠੀ ਲਈ ਕਿ ਉਹ ਐਕਟ ਹਾਲਾਂ ਵੀ ਲਾਗੂ ਹੈ, ਪਰ ਉਸ ਵਿੱਚ ਵਿਆਹ ਰਜਿਸਟਰ ਕਰਨ ਦੀ ਕੋਈ ਮਦ ਨਹੀਂ ਹੈ। ਮੈਂ ਕਾਨੂੰਨੀ ਮਾਹਿਰਾਂ ਦੀ ਸਲਾਹ ਨਾਲ 18 ਸਤੰਬਰ 2007 ਨੂੰ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ, ਹਰ ਇੱਕ ਸੰਸਦ ਮੈਂਬਰ ਨੂੰ ਇਸ ਤਰ੍ਹਾਂ ਕਰਨ ਦੀ ਪ੍ਰਵਾਨਗੀ ਹੈ। ਇਨ੍ਹਾਂ ਬਿੱਲਾਂ ਨੂੰ ਲਾਟਰੀ ਰਾਹੀਂ ਸਦਨ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਮਿਲਦੀ ਹੈ, ਰੱਬ ਦੀ ਕ੍ਰਿਪਾ ਨਾਲ ਮੈਨੂੰ ਲਾਟਰੀ ਵਿੱਚ ਇਹ ਪ੍ਰਵਾਨਗੀ ਛੇਤੀ ਮਿਲ ਗਈ। ਅੱਗੋਂ ਗੁਰੂ ਦੀ ਅਜਿਹੀ ਕ੍ਰਿਪਾ ਹੋਈ ਕਿ ਭਾਰਤ ਦੇ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ, ਜੋ ਰਾਜ ਸਭਾ ਦੇ ਚੇਅਰਮੈਨ ਸਨ, ਉਨ੍ਹਾਂ ਨੇ ਮੇਰਾ ਬਿੱਲ ਸੰਸਦ ਦੀ ਕਾਨੂੰਨ ਘੜਨ ਵਾਲੀ ਕਮੇਟੀ ਨੂੰ ਭੇਜ ਦਿੱਤਾ। ਮੈਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸ. ਅਵਤਾਰ ਸਿੰਘ ਮੱਕੜ, ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਬਿੱਲ ਦੀ ਪ੍ਰੋੜ੍ਹਤਾ ਕਰਨ ਲਈ ਲਿਖਿਆ ਤਾਂ ਉਨ੍ਹਾਂ 21 ਨਵੰਬਰ 2007 ਨੂੰ ਪ੍ਰਵਾਨਗੀ ਦੀ ਚਿੱਠੀ ਸੰਸਦ ਵਿੱਚ ਭੇਜ ਦਿੱਤੀ। ਮੇਰੀ ਬੇਨਤੀ 'ਤੇ 12 ਸਿੱਖ ਸੰਸਦ ਮੈਂਬਰਾਂ ਨੇ 4 ਦਸੰਬਰ 2007 ਨੂੰ ਆਪਣੀ ਸਹਿਮਤੀ ਦੀ ਚਿੱਠੀ ਭੇਜ ਦਿੱਤੀ ਸੀ। ਇਹ ਸੰਸਦ ਮੈਂਬਰ-ਚਰਨਜੀਤ ਸਿੰਘ ਅਟਵਾਲ ਡਿਪਟੀ ਸਪੀਕਰ, ਸੁਖਦੇਵ ਸਿੰਘ ਢੀਂਡਸਾ, ਐਮ.ਐੱਸ. ਗਿੱਲ, ਮਹਾਰਾਣੀ ਪਟਿਆਲਾ ਪ੍ਰਨੀਤ ਕੌਰ, ਰਾਣਾ ਗੁਰਜੀਤ ਸਿੰਘ, ਰਾਜਮਹਿੰਦਰ ਸਿੰਘ ਮਜੀਠਾ, ਰਤਨ ਸਿੰਘ ਅਜਨਾਲਾ, ਆਤਮਾ ਸਿੰਘ ਗਿੱਲ, ਨਰੇਸ਼ ਗੁਜਰਾਲ, ਵਰਿੰਦਰ ਸਿੰਘ ਬਾਜਵਾ, ਜੋਰਾ ਸਿੰਘ ਮਾਨ ਤੇ ਸ਼ਰਨਜੀਤ ਸਿੰਘ ਢਿੱਲੋ ਆਦਿ ਸਨ।

ਸੰਸਦ ਦੀ ਕਾਨੂੰਨ ਘੜਨੀ ਕਮੇਟੀ ਦੇ ਚੇਅਰਮੈਨ ਤਾਮਿਲਨਾਡੂ ਦੇ ਡਾ. ਈ.ਐਮ. ਸੁਦਰਸ਼ਨ ਨਚਿਯੱਪਨ ਸਨ। ਕਮੇਟੀ ਦੀ ਪਹਿਲੀ ਮੀਟਿੰਗ 04 ਦਸੰਬਰ 2007 ਨੂੰ ਹੋਈ, ਜਿਸ ਵਿੱਚ ਭਾਰਤ ਸਰਕਾਰ ਦੇ ਕਾਨੂੰਨ ਮਹਿਕਮੇ ਦੇ ਸਕੱਤਰ ਡਾ. ਕੇ.ਐਨ. ਚਤੁਰਵੇਦੀ ਪੇਸ਼ ਹੋਏ। ਇਸ ਕਮੇਟੀ ਨੇ ਸਰਬਸੰਮਤੀ ਨਾਲ ਆਪਣੀ ਰਿਪੋਰਟ ਸੰਸਦ ਵਿੱਚ ਪੇਸ਼ ਕਰ ਦਿੱਤੀ ਕਿ ਅਨੰਦ ਮੈਰਿਜ ਐਕਟ 1909 ਨੂੰ ਬਦਲ ਕੇ ਨਵਾਂ ਐਕਟ ਬਣਾਇਆ ਜਾਵੇ, ਜਿਸ ਅਨੁਸਾਰ ਅਨੰਦ ਕਾਰਜ ਵਾਲੇ ਵਿਆਹ ਦਾ ਵੱਖਰਾ ਸਰਟੀਫਿਕੇਟ ਦਿੱਤਾ ਜਾਵੇ। ਉਸ ਸਮੇਂ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ, ਮੈਂ ਉਨ੍ਹਾਂ ਨੂੰ ਕਈ ਵਾਰੀ ਮਿਲਿਆ, ਕਿਉਂਕਿ ਨਵਾਂ ਐਕਟ ਲਿਆਉਣ ਲਈ ਮੰਤਰੀ-ਮੰਡਲ ਦੀ ਪ੍ਰਵਾਨਗੀ ਹੋਣੀ ਜ਼ਰੂਰੀ ਸੀ। ਕਈ ਕਾਨੂੰਨ ਮੰਤਰੀ ਬਦਲ ਗਏ, ਅਖੀਰ ਜਦੋਂ ਸੁਲੇਮਾਨ ਖੁਰਸ਼ੀਦ ਇਸ ਮਹਿਕਮੇ ਦੇ ਮੰਤਰੀ ਬਣੇ ਤਾਂ ਉਨ੍ਹਾਂ ਨੇ 4 ਅਪ੍ਰੈਲ 2012 ਨੂੰ ਕੈਬਨਿਟ ਮੀਟਿੰਗ ਵਿੱਚ ਇਸ ਦੀ ਪ੍ਰਵਾਨਗੀ ਲੈ ਲਈ ਸੀ। ਉਨ੍ਹਾਂ ਨੇ ਮੈਨੂੰ ਸਰਕਾਰੀ ਚਿੱਠੀ ਰਾਹੀਂ 23 ਅਪ੍ਰੈਲ ਨੂੰ ਇਸ ਖੁਸ਼ਖਬਰੀ ਦੀ ਇਤਲਾਹ ਦਿੱਤੀ ਸੀ। ਅਸੀਂ ਸਾਰੇ ਸਿੱਖ ਸੰਸਦ ਮੈਂਬਰਾਂ ਨੇ ਉਨ੍ਹਾਂ ਦਾ ਉਚੇਚਾ ਧੰਨਵਾਦ ਕੀਤਾ। ਹੁਣ ਉਮੀਦ ਹੈ ਕਿ ਸਾਰੇ ਭਾਰਤ ਵਿੱਚ ਇਹ ਐਕਟ ਲਾਗੂ ਹੋ ਜਾਵੇਗਾ।

# ਬਿਰਖਾਂ ਦਾ ਗੀਤ ਗਾਉਂਦਿਆਂ...

## ਰੁੱਖਾਂ ਕਾਰਨ ਹੀ ਧਰਤੀ ’ਤੇ ਧੜਕਦੀ ਹੈ ਮਨੁੱਖ ਦੀ ਜ਼ਿੰਦਗੀ

### ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ, ਕੁਝ ਰੁੱਖ ਨੂੰਹਾਂ ਧੀਆਂ ਲੱਗਦੇ, ਕੁਝ ਰੁੱਖ ਵਾਂਗ ਭਰਾਵਾਂ






ਕੁਦਰਤ ਦੇ ਰੰਗਾਂ ਵਿੱਚ ਰੰਗੀ ਇਸ ਧਰਤੀ ’ਤੇ ਕੁਦਰਤ ਨੇ ਕਈ ਕਲਾਕ੍ਰਿਤੀਆਂ ਅਜਿਹੀਆਂ ਬਣਾਈਆਂ ਹਨ, ਜਿਹਨਾਂ ਨੂੰ ਵੇਖ ਕੇ ਕੁਦਰਤ ਤੋਂ ਬਲਿਹਾਰੇ ਜਾਣ ਨੂੰ ਦਿਲ ਕਰਦਾ ਹੈ। ਇਸੇ ਤਰ੍ਹਾਂ ਕੁਦਰਤ ਦੀ ਇੱਕ ਸ਼ਾਹਕਾਰ ਰਚਨਾ ਹੈ ਰੁੱਖ। ਇਸ ਧਰਤੀ ’ਤੇ ਰੁੱਖਾਂ ਦੀ ਹੋਂਦ 500 ਲੱਖ ਸਾਲਾਂ ਤੋਂ ਹੈ ਪਰ ਮਨੁੱਖ ਦੀ ਹੋਂਦ ਸਿਰਫ ਡੇਢ ਲੱਖ ਸਾਲਾਂ ਤੋਂ ਹੈ, ਇਸ ਤਰ੍ਹਾਂ ਇਸ ਧਰਤੀ ਉੱਪਰ ਰੁੱਖ ਮਨੁੱਖ ਨਾਲੋਂ ਵੀ ਬਹੁਤ ਪੁਰਾਣੇ ਹਨ। ਇਹ ਰੁੱਖ ਹੀ ਹਨ ਜੋ ਕਿ ਪੰਘੂੜੇ ਤੋਂ ਲੈ ਕੇ ਅਰਥੀ ਤੱਕ ਮਨੁੱਖ ਦਾ ਸਾਥ ਦਿੰਦੇ ਹਨ।

ਮਨੁੱਖ ਨੇ ਤਰੱਕੀ ਦੇ ਨਾਂਅ ’ਤੇ ਕੁਦਰਤ ਨਾਲ ਵੱਡੀ ਪੱਧਰ ’ਤੇ ਛੇੜਛਾੜ ਕਰਕੇ ਆਪਣੀ ਕਬਰ ਖ਼ੁਦ ਪੁੱਟਣ ਵਾਲਾ ਕੰਮ ਕੀਤਾ ਹੈ। ਰੁੱਖਾਂ ਨੂੰ ਧਰਤੀ ਦੇ ਫੇਫੜੇ ਕਿਹਾ ਜਾਂਦਾ ਹੈ ਪਰ ਜਿਸ ਇਨਸਾਨ ਦੇ ਫੇਫੜੇ ਹੀ ਖ਼ਰਾਬ ਹੋ ਜਾਣ ਤਾਂ ਉਸਦੀ ਜਿੰਦਗੀ ਕਿੰਨੀ ਕੁ ਰਹਿ ਜਾਂਦੀ ਹੈ, ਇਹ ਤਾਂ ਸਭ ਨੂੰ ਪਤਾ ਹੈ। ਇੱਥੇ ਡਾ. ਸੁਰਜੀਤ ਪਾਤਰ ਦੀ ਇੱਕ ਨਜ਼ਮ ਦੀਆਂ ਹੇਠ ਲਿਖੀਆਂ ਸਤਰਾਂ ਬੜੀਆਂ ਸਾਰਥਕ ਜਾਪਦੀਆਂ ਹਨ;

**ਪੰਛੀ ਤਾਂ ਉੱਡ ਗਏ ਨੇ, ਰੁੱਖ ਵੀ ਸਲਾਹਾਂ ਕਰਦੇ**
**ਚਲੋ ਏਥੋਂ ਚੱਲੀਏ।**

ਜਦੋਂ ਵੀ ਬਰਸਾਤ ਪੈਂਦੀ ਹੈ ਤਾਂ ਰੁੱਖ ਮੀਂਹ ਦੇ ਪਾਣੀ ਨੂੰ ਸਿੱਧਾ ਧਰਤੀ ’ਤੇ ਡਿੱਗਣ ਤੋਂ ਰੋਕਦੇ ਹਨ। ਜਿਸ ਕਰਕੇ ਪਾਣੀ ਪੱਤਿਆਂ, ਟਹਿਣੀਆਂ ਤੇ ਜੜਾਂ ਵਿੱਚੋਂ ਹੋ ਕੇ ਧਰਤੀ ਵਿੱਚ ਸਮਾਅ ਜਾਂਦਾ ਹੈ। ਇਸ ਤਰ੍ਹਾਂ ਰੁੱਖ ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਸੋਖ ਕੇ ਧਰਤੀ ਦੇ ਹੇਠਾਂ ਦੇ ਜਲ-ਸਰੋਤਾਂ ਨੂੰ ਕਾਇਮ ਰੱਖਦੇ ਹਨ। ਰੁੱਖ ਪਹਾੜੀ ਤੇ ਮੈਦਾਨੀ ਇਲਾਕਿਆਂ ਵਿੱਚ ਬੱਦਲਾਂ ਨੂੰ ਆਪਣੇ ਕੋਲ ਖਿੱਚ ਕੇ ਮੀਂਹ ਦਾ ਕਾਰਨ ਬਣਦੇ ਹਨ।

ਰੁੱਖਾਂ ਦਾ ਇੱਕ ਵਰਗ ਕਿਲੋਮੀਟਰ ਜੰਗਲ ਆਪਣੀਆਂ ਜੜਾਂ ਵਿੱਚ 20,000 ਤੋਂ 30,000 ਕਿਉਬਿਕ ਮੀਟਰ ਪਾਣੀ ਰੱਖਦਾ ਹੈ। ਰੁੱਖ ਹੜ੍ਹਾਂ ਅਤੇ ਹਨੇਰੀਆਂ ਮੌਕੇ ਉਪਜਾਊ ਮਿੱਟੀ ਨੂੰ ਖੁਰਨ ਤੋਂ ਬਚਾਉਂਦੇ ਹਨ। ਜੇ ਰੁੱਖ ਨਾ ਹੋਣ ਤਾਂ ਮੀਂਹ ਅਤੇ ਹਨੇਰੀ ਚੱਲਣ ਨਾਲ ਉਪਜਾਊ ਮਿੱਟੀ ਰੁੜ ਕੇ ਦਰਿਆਵਾਂ ’ਚ ਚਲੀ ਜਾਵੇਗੀ।

ਪੁਰਾਤਨ ਸੱਭਿਅਤਾ ਦੇ ਪ੍ਰਸਿੱਧ ਸ਼ਹਿਰ ਮੋਹੰਜੋਦੜੋ ਤੇ ਹੜੱਪਾ ਰੇਤੇ ਦੀਆਂ ਹਨੇਰੀਆਂ ਨਾਲ ਦੱਬ ਕੇ ਸਮਾਪਤ ਹੋ ਗਏ ਸਨ, ਕਿਉਂਕਿ ਇਹਨਾਂ ਸ਼ਹਿਰਾਂ ’ਚ ਰੁੱਖਾਂ ਦੀ ਵੱਡੇ ਪੱਧਰ ’ਤੇ ਕਟਾਈ ਕੀਤੀ ਗਈ ਸੀ, ਜਿਸ ਕਾਰਨ ਇਹਨਾਂ ਸ਼ਹਿਰਾਂ ਵਿੱਚ ਧੜਕ ਰਹੀ ਜਿੰਦਗੀ ਰੁਕ ਗਈ ਸੀ। ਜੇ ਅੱਜ ਦਾ ਮਨੁੱਖ ਨਾ ਸੰਭਲਿਆ ਅਤੇ ਰੁੱਖਾਂ ਦਾ ਕਤਲੇਆਮ ਇਸੇ ਤਰ੍ਹਾਂ ਕਰਦਾ ਰਿਹਾ ਤਾਂ ਅੱਜ ਦੀ ਆਧੁਨਿਕ ਸੱਭਿਅਤਾ ਦੇ ਕੁਝ ਸ਼ਹਿਰਾਂ ਦੀ ਹੋਂਦ ਵੀ ਖਤਰੇ ਵਿੱਚ ਪੈ ਸਕਦੀ ਹੈ।

13 ਦਸੰਬਰ, 2021 ਨੂੰ ਸੰਸਦ ਵਿੱਚ ਵਾਤਾਵਰਣ ਮੰਤਰਾਲੇ ਦੁਆਰਾ ਪੇਸ਼ ਕੀਤੇ ਗਏ ਇੱਕ ਲਿਖਤੀ ਜਵਾਬ ਦੇ ਅਨੁਸਾਰ, ਵਿੱਤੀ ਸਾਲ 2016-17 ਤੋਂ 2020-21 ਦੇ ਵਿਚਕਾਰ ਦੇਸ਼ ਭਰ ਵਿੱਚ ਜੰਗਲਾਤ (ਸੰਰੱਖਣ) ਐਕਟ, 1980 ਦੇ ਤਹਿਤ ਲਗਾਏ ਗਏ ਕੁੱਲ ਪੌਦਿਆਂ ਵਿੱਚੋਂ, 4.84 ਕਰੋੜ ਬੂਟੇ ਲਗਾਏ ਗਏ। ਇਨ੍ਹਾਂ ਪੰਜ ਸਾਲਾਂ ਵਿੱਚ ਕੁੱਲ 20.81 ਕਰੋੜ ਬੂਟੇ ਲਾਏ ਗਏ ਸਨ, ਜਿਨ੍ਹਾਂ ਵਿੱਚੋਂ ਸਿਰਫ਼ 15.96 ਕਰੋੜ ਬੂਟੇ ਹੀ ਬਚ ਸਕੇ ਹਨ। ਇਸ ਆਧਾਰ ’ਤੇ ਜੇਕਰ ਅਸੀਂ ਰਾਸ਼ਟਰੀ ਔਸਤ ’ਤੇ ਨਜ਼ਰ ਮਾਰੀਏ ਤਾਂ ਮੁਆਵਜ਼ੇ ਵਾਲੇ ਵਣਕਰਨ ਅਧੀਨ ਲਗਾਏ ਗਏ 24 ਫੀਸਦੀ ਪੌਦੇ ਵੱਖ-ਵੱਖ ਕਾਰਨਾਂ ਕਰਕੇ ਮਰ ਜਾਂਦੇ ਹਨ।

ਪਾਰਲੀਮੈਂਟ ਵਿੱਚ ਪੇਸ਼ ਕੀਤੇ ਗਏ ਇਨ੍ਹਾਂ ਅੰਕੜਿਆਂ ਨੂੰ ਦੇਖਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਵਾਤਾਵਰਨ ਪ੍ਰਤੀ ਕਿੰਨਾ






ਜ਼ਾਲਮ ਰਵੱਈਆ ਅਪਣਾਇਆ ਹੋਇਆ ਹੈ। ਹਰੇ-ਭਰੇ ਦਰੱਖਤਾਂ ਦੀ ਕਟਾਈ ਕਰਕੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਸਿਹਤਮੰਦ ਜੀਵਨ ਦਾ ਆਧਾਰ ਖੋਹ ਰਹੇ ਹਾਂ। ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਦਿਆਂ ਮਨੁੱਖ ਨੇ ਜੰਗਲਾਂ ਤੋਂ ਸ਼ਹਿਰਾਂ ਅਤੇ ਧਰਤੀ ਤੋਂ ਉੱਪਰ ਉੱਠ ਕੇ ਪੁਲਾੜ ਤੱਕ ਦਾ ਸਫ਼ਰ ਤੈਅ ਕੀਤਾ ਹੈ। ਪਰ ਆਕਸੀਜਨ, ਜ਼ਰੂਰੀ ਹਵਾ, ਇਸ ਸਫ਼ਰ ਵਿੱਚ ਹਮੇਸ਼ਾ ਮਨੁੱਖਾਂ ਦੇ ਨਾਲ ਰਹੀ ਹੈ, ਕਿਉਂਕਿ ਇਸ ਤੋਂ ਬਿਨਾਂ ਸਾਡੀ ਹੋਂਦ ਨਹੀਂ ਹੈ। ਰੁੱਖ ਸਾਨੂੰ ਨਾ ਸਿਰਫ਼ ਇਹ ਜ਼ਰੂਰੀ ਹਵਾ ਦਿੰਦੇ ਹਨ, ਸਗੋਂ ਸਾਨੂੰ ਜੀਵਨ ਦਾ ਤੋਹਫ਼ਾ ਵੀ ਦਿੰਦੇ ਹਨ, ਸਾਨੂੰ ਹਰ ਤਰ੍ਹਾਂ ਨਾਲ ਭਰਪੂਰ ਕਰਦੇ ਹਨ। ਦੁਨੀਆਂ ਦੇ ਕਈ ਦੇਸ਼ ਸਾਡੇ ਨਾਲੋਂ ਵੱਧ ਤਰੱਕੀ ਕਰ ਚੁੱਕੇ ਹਨ ਪਰ ਉੱਥੇ ਪ੍ਰਤੀ ਵਿਅਕਤੀ ਰੁੱਖਾਂ ਦੀ ਗਿਣਤੀ ਸਾਡੇ ਨਾਲੋਂ ਕਈ ਗੁਣਾਂ ਵੱਧ ਹੈ।ਜਦੋਂ ਕਿ ਭਾਰਤ ਵਿੱਚ ਤਿੰਨ ਸਾਲ ਪਹਿਲਾਂ ਦੇ ਅੰਕੜੇ ਦੱਸਦੇ ਹਨ ਕਿ ਪ੍ਰਤੀ ਵਿਅਕਤੀ ਸਿਰਫ 28 ਰੁੱਖ ਹਨ। ਪ੍ਰਤੀ ਵਿਅਕਤੀ ਰੁੱਖਾਂ ਦੀ ਗਿਣਤੀ ਦੇ ਮਾਮਲੇ ਵਿੱਚ ਭਾਰਤ ਦੁਨੀਆਂ ਦੇ 151 ਦੇਸ਼ਾਂ ਵਿੱਚ 125ਵੇਂ ਸਥਾਨ ’ਤੇ ਹੈ।



ਰੁੱਖ ਮਨੁੱਖਾਂ ਨੂੰ ਆਕਸੀਜਨ ਪ੍ਰਦਾਨ ਕਰਦੇ ਹਨ, ਕਾਰਬਨ ਸਟੋਰ ਕਰਦੇ ਹਨ, ਰੁੱਖ ਮਿੱਟੀ ਨੂੰ ਸਥਿਰ ਕਰਦੇ ਹਨ ਅਤੇ ਦੁਨੀਆਂ ਭਰ ਦੇ ਜੀਵ-ਜੰਤੂਆਂ ਦਾ ਇੱਕ ਵਿਸ਼ਾਲ ਕਿਸਮ ਦਾ ਪੋਸ਼ਣ ਕਰਦੇ ਹਨ। ਉਹ ਸਾਨੂੰ ਸਾਜ਼ੋ-ਸਾਮਾਨ ਅਤੇ ਰਿਹਾਇਸ਼ ਲਈ ਲੋੜੀਂਦੇ ਸਰੋਤ ਵੀ ਦਿੰਦੇ ਹਨ। ਰੁੱਖ ਪੱਤੇਦਾਰ ਛਾਂ ਅਤੇ ਨਮੀ ਪ੍ਰਦਾਨ ਕਰਕੇ ਹਵਾ, ਜ਼ਮੀਨ ਅਤੇ ਪਾਣੀ ਨੂੰ ਠੰਡਾ ਕਰਦੇ ਹਨ। ਸਾਡੇ ਘਰਾਂ ਦੇ ਨੇੜੇ ਅਤੇ ਸਾਡੇ ਭਾਈਚਾਰਿਆਂ ਵਿੱਚ ਲਗਾਏ ਗਏ ਰੁੱਖ ਤਾਪਮਾਨ ਨੂੰ ਨਿਯੰਤ੍ਰਿਤ ਕਰਦੇ ਹਨ ਅਤੇ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੇ ਇੱਕ ਪ੍ਰਮੁੱਖ ਸਰੋਤ, ਜੈਵਿਕ ਇੰਧਨ ਨੂੰ ਜਲਾਉਣ ਦੁਆਰਾ ਤਿਆਰ ਏਅਰ-ਕੰਡੀਸ਼ਨਿੰਗ ਅਤੇ ਹੀਟਿੰਗ ਦੀ ਜ਼ਰੂਰਤ ਨੂੰ ਘਟਾਉਂਦੇ ਹਨ। ਰੁੱਖ ਅਣਗਿਣਤ ਪ੍ਰਜਾਤੀਆਂ ਲਈ ਆਲ੍ਹਣੇ, ਭੋਜਨ ਅਤੇ ਆਸਰਾ ਪ੍ਰਦਾਨ ਕਰਦੇ ਹਨ। ਰੁੱਖ ਸਾਰੇ ਜੰਗਲੀ ਜੀਵਾਂ ਨੂੰ ਆਸਰਾ ਅਤੇ ਪੋਸ਼ਣ ਪ੍ਰਦਾਨ ਕਰਦੇ ਹਨ।

‘ਇੰਡੀਅਨ ਫਾਰੈਸਟ ਰਿਪੋਰਟ’ ਮੁਤਾਬਕ ਸਾਲ 2021 ’ਚ ਭਾਰਤ ’ਚ 7,13,789 ਵਰਗ ਕਿਲੋਮੀਟਰ ਜੰਗਲੀ ਖੇਤਰ ਸੀ, ਜੋ ਕਿ ਪੂਰੇ ਦੇਸ਼ ਦੇ ਭੂਗੋਲਿਕ ਖੇਤਰ ਦਾ 21.72 ਫੀਸਦੀ ਸੀ। ਸਾਲ 2019 ਤੋਂ ਬਾਅਦ ਇਸ ਵਿੱਚ 1540 ਵਰਗ ਕਿਲੋਮੀਟਰ ਦਾ ਵਾਧਾ ਹੋਇਆ ਹੈ ਪਰ ਪਿਛਲੇ ਕੁਝ ਸਾਲਾਂ ਵਿਚ ਇਸ ਵਿੱਚ ਕਮੀ ਆਈ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਰੂਸ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਜੰਗਲ ਹਨ। ਰੂਸ ਵਿੱਚ 815 ਮਿਲੀਅਨ ਹੈਕਟੇਅਰ ਤੋਂ ਵੱਧ ਜੰਗਲ ਹਨ, ਜੋ ਕਿ ਰੂਸ ਦੇ ਪੂਰੇ ਖੇਤਰ ਦਾ 45 ਪ੍ਰਤੀਸ਼ਤ ਹੈ। ਜੇਕਰ ਦੁਨੀਆ ਦੇ ਸਭ ਤੋਂ ਵੱਡੇ ਜੰਗਲ ਦੀ ਗੱਲ ਕਰੀਏ ਤਾਂ ਇਹ ਦੱਖਣੀ ਅਮਰੀਕਾ ਵਿੱਚ ਹੈ। ਦੱਖਣੀ ਅਮਰੀਕਾ ਦਾ ‘ਅਮੇਜ਼ਨ ਰੇਨਫੋਰੈਸਟ’ ਲਗਭਗ 65 ਲੱਖ ਵਰਗ ਕਿਲੋਮੀਟਰ ’ਚ ਫੈਲਿਆ ਹੋਇਆ ਹੈ। ਇਸ ਨੂੰ ਧਰਤੀ ਦਾ ਫੇਫੜਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਦੁਨੀਆ ਦੀ ਲਗਭਗ 20 ਪ੍ਰਤੀਸ਼ਤ ਆਕਸੀਜਨ ਪੈਦਾ ਕਰਦਾ ਹੈ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਮੱਧ ਪ੍ਰਦੇਸ਼ ਵਿੱਚ ਭਾਰਤ ਵਿੱਚ ਸਭ ਤੋਂ ਵੱਧ ਜੰਗਲ ਹਨ, ਜੋ ਕਿ 77,462 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ।

ਚਾਹੀਦਾ ਤਾਂ ਇਹ ਹੈ ਕਿ ਹਰ ਮਨੁੱਖ ਹਰ ਸਾਲ ਘੱਟੋ ਘੱਟ ਇੱਕ ਪੌਦਾ ਜ਼ਰੂਰ ਲਗਾਵੇ। ਰੁੱਖ ਸਾਨੂੰ ਆਕਸੀਜਨ ਦਿੰਦੇ ਹਨ, ਇਸ ਲਈ ਰੁੱਖਾਂ ਦੀ ਮਹੱਤਤਾ ਨੂੰ ਸਮਝਦਿਆਂ ਪੰਜਾਬੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਪੰਜਾਬ ਦੀ ਧਰਤੀ ਨੂੰ ਮੁੜ ਹਰਿਆ ਭਰਿਆ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁਦਰਤੀ ਸੋਮਿਆਂ ਦੀ ਵਰਤੋਂ ਕੁਦਰਤ ਦੇ ਅਸੂਲਾਂ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ ਅਤੇ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਜਾਂ ਦੋਹਨ ਕਦੇ ਵੀ ਨਹੀਂ ਕਰਨਾ ਚਾਹੀਦਾ। ਮਨੁੱਖ ਨੂੰ ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਆਪਣਾ ਜੀਵਨ ਕੁਦਰਤ ਦੇ ਨੇਮਾਂ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ। ਕਿਸੇ ਨੇ ਸਹੀ ਕਿਹਾ ਹੈ ਕਿ ‘ਅਸੀਂ ਬਦਲਾਂਗੇ ਤਾਂ ਯੁੱਗ ਬਦਲ ਜਾਵੇਗਾ’। ਅਸਲ ਵਿੱਚ ਜੇਕਰ ਅਸੀਂ ਦੁਨੀਆਂ ਜਾਂ ਯੁੱਗ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲ ਲਵਾਂਗੇ ਤਾਂ ਵਾਤਾਵਰਨ ਆਪਣੇ ਆਪ ਸੁਰੱਖਿਅਤ ਹੋ ਜਾਵੇਗਾ।



## ਇੱਕ ਦੂਜੇ ਨੂੰ ਦਿਓ ਪੌਦਿਆਂ ਦੇ ਤੋਹਫ਼ੇ



ਬੀਤੇ ਦਿਨ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਨੂੰ ਉਸ ਦੀ ਸਹੇਲੀ ਵੱਲੋਂ ਉਸ ਦੇ ਜਨਮ ਦਿਨ ’ਤੇ ਫੁੱਲਾਂ ਦਾ ਇੱਕ ਪੌਦਾ ਗਮਲੇ ਸਮੇਤ ਤੋਹਫ਼ੇ ਵਜੋਂ ਦਿੱਤਾ ਗਿਆ। ਜਿਸ ਤੋਂ ਅਹਿਸਾਸ ਹੋਇਆ ਕਿ ਪੰਜਾਬ ਦੀ ਨਵੀਂ ਪੀੜ੍ਹੀ ਪੌਦਿਆਂ ਤੇ ਰੁੱਖਾਂ ਸਬੰਧੀ ਕਿੰਨੀ ਜਾਗਰੂਕ ਹੈ। ਤੋਹਫੇ ਵਿੱਚ ਇੱਕ ਦੂਜੇ ਨੂੰ ਪੌਦੇ ਦੇਣਾ ਇੱਕ ਚੰਗਾ ਰੁਝਾਨ ਹੈ ਅਤੇ ਇਸ ਰੁਝਾਨ ਨੂੰ ਹੋਰ ਵਧਾਇਆ ਜਾਣਾ ਚਾਹੀਦਾ ਹੈ। ਕੁਝ ਨੌਜਵਾਨ ਲੜਕੀਆਂ ਵੈਲੇਨਟਾਈਨ ਡੇਅ ’ਤੇ ਵੀ ਇੱਕ ਦੂਜੀ ਨੂੰ ਫੁੱਲਾਂ ਦੇ ਪੌਦੇ ਤੋਹਫੇ ਵਿੱਚ ਦਿੰਦੀਆਂ ਹਨ। ਇਸ ਤੋਂ ਇਲਾਵਾ ਲੜਕੀਆਂ ਵਿੱਚ ਇੱਕ ਦੂਜੀ ਨੂੰ ਜਨਮ ਦਿਨ ਮੌਕੇ ਗਮਲਿਆਂ ਵਿੱਚ ਲੱਗੇ ਪੌਦੇ ਤੋਹਫੇ ਦੇ ਰੂਪ ਵਿੱਚ ਦੇਣ ਦਾ ਰੁਝਾਨ ਵੱਧ ਰਿਹਾ ਹੈ, ਜਿਸ ਨੂੰ ਸ਼ੁੱਭ ਸ਼ਗਨ ਕਿਹਾ ਜਾ ਸਕਦਾ ਹੈ। ਕੁਝ ਧਾਰਮਿਕ ਸਥਾਨਾਂ ’ਤੇ ਪ੍ਰਸ਼ਾਦਿ ਦੇ ਰੂਪ ਵਿੱਚ ਪੌਦੇ ਵੰਡੇ ਜਾਂਦੇ ਹਨ। ਇਸੇ ਤਰ੍ਹਾਂ ਕਈ ਸੰਸਥਾਵਾਂ ਧਾਰਮਿਕ ਸਮਾਗਮ ਕਰਵਾਉਣ ਤੋਂ ਬਾਅਦ ਪ੍ਰਸ਼ਾਦਿ ਦੇ ਰੂਪ ਵਿੱਚ ਪੌਦੇ ਵੰਡਦੀਆਂ ਹਨ।

# ਇਨਸਾਫ਼ ਦੀ ਝਾਕ



ਗੁਰਮੀਤ ਸਿੰਘ ਪਲਾਹੀ



ਦੁਨੀਆ, ਦੇਸ਼ ਭਾਰਤ ਨੂੰ, ਇਥੋਂ ਦੇ ਕਾਨੂੰਨ, ਸਰਕਾਰੀ ਕੰਮਾਂ ਅਤੇ ਲੋਕਾਂ ਨਾਲ ਸਮਾਜਿਕ ਵਿਵਹਾਰ ਦੀਆਂ ਐਨਕਾਂ ਨਾਲ ਵੇਖਦੀ, ਪਰਖਦੀ ਹੈ। ਅਸੀਂ, ਭਾਵੇਂ ਖ਼ੁਦ ਨੂੰ ਲੱਖ ਧਰਮ ਨਿਰਪੱਖਤਾ ਦੇ ਅਲੰਬਰਦਾਰ ਗਰਦਾਨਦੇ ਰਹੀਏ, ਪਰ ਪਿਛਲੇ ਦਹਾਕੇ 'ਚ ਹਾਕਮਾਂ ਵੱਲੋਂ ਕੀਤੇ ਕਾਰਜ਼ਾਂ, ਪਾਸ ਕੀਤੇ ਕਾਨੂੰਨਾਂ ਅਤੇ ਘੱਟ ਗਿਣਤੀਆਂ ਨਾਲ ਹੋ ਰਹੇ ਵਿਵਹਾਰ ਕਾਰਨ ਦੁਨੀਆ ਭਾਰਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੀ ਹੈ ਅਤੇ ਸ਼ੰਕਾ ਜਿਤਾਉਣ ਲੱਗੀ ਹੈ ਕਿ ਦੇਸ਼ ਭਾਰਤ ਹੁਣ ਨਾ ਤਾਂ ਧਰਮ ਨਿਰਪੱਖ ਰਿਹਾ ਹੈ, ਨਾ ਹੀ ਲੋਕਤੰਤਰ। ਪਿਛਲੇ ਦਿਨੀਂ ਸਰਕਾਰ ਵੱਲੋਂ ਪਾਸ ਕਰਵਾਏ ਵਕਫ (ਸੋਧ) ਕਾਨੂੰਨ ਦੇ ਪਾਸ ਹੋਣ ਨਾਲ ਦੁਨੀਆ ਭਰ 'ਚ ਇਹ ਰਾਏ ਪੱਕੀ ਹੋਈ ਹੈ ਅਤੇ ਦੇਸ਼ ਦਾ ਅਕਸ ਡਾਲਰ ਦੇ ਮੁਕਾਬਲੇ ਰੁਪਏ ਦਾ ਮੁੱਲ ਡਿੱਗਣ ਵਾਂਗਰ ਡਿਗਿਆ ਹੈ।

ਦੇਸ਼ 'ਚ ਇਸ ਵੇਲੇ ਇੱਕ ਅੰਦਾਜ਼ੇ ਮੁਤਾਬਕ 20.2 ਕਰੋੜ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕ ਹਨ ਅਤੇ ਦੁਨੀਆ ਭਰ 'ਚ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਵਕਫ (ਸੋਧ) ਦੇ ਮਾਮਲੇ 'ਤੇ ਭਾਵੇਂ ਦੇਸ਼ ਦੀ ਸੁਪਰੀਮ ਕੋਰਟ ਨੇ ਵਕਫ/ਸੋਧ ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਹੈ, ਪਰ ਕੀ ਕੇਂਦਰ ਸਰਕਾਰ ਨੇ ਇਸ ਤੋਂ ਨਸੀਹਤ ਲਈ ਹੈ ਜਾਂ ਲਵੇਗੀ ? ਅਤੇ ਦੇਸ਼ ਦੇ ਧਰਮ ਨਿਰਪੱਖਤਾ ਦੇ ਅਕਸ ਨੂੰ ਲੱਗ ਰਹੀ ਢਾਅ ਨੂੰ ਰੋਕੇਗੀ ? ਜਾਪਦਾ ਹੈ ਕਿ ਨਹੀਂ, ਕਿਉਂਕਿ 15 ਸਤੰਬਰ 2025 ਨੂੰ ਜਦੋਂ ਸੁਪਰੀਮ ਕੋਰਟ ਨੇ ਵਕਫ/ਸੋਧ ਬਿੱਲ 2025 ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਤਾਂ ਸਰਕਾਰ ਨੇ ਪੂਰਾ ਹੌਸਲਾ ਵਿਖਾਇਆ ਅਤੇ ਖ਼ੁਦ ਨੂੰ ਵਧਾਈ ਦਿੱਤੀ ਕਿ ਅਦਾਲਤ ਨੇ ਮੁਸਲਿਮ ਪਰਸਨਲ ਲਾਅ ਦੇ ਇੱਕ ਪ੍ਰਮੁੱਖ ਅੰਗ ਵਿੱਚ 'ਸੁਧਾਰ' ਦੇ ਸਰਕਾਰ ਦੇ ਯਤਨਾਂ ਦਾ ਸਮਰਥਨ ਕੀਤਾ ਹੈ। ਇਹ ਸਰਕਾਰ ਦੀ ਘੱਟ ਗਿਣਤੀਆਂ ਪ੍ਰਤੀ ਰਵੱਈਏ ਅਤੇ ਉਹਨਾ ਦੇ ਨਾਲ ਹੋ ਰਹੇ ਬੇਇਨਸਾਫ਼ੀ ਦੀ ਸਪਸ਼ਟ ਮਿਸਾਲ ਹੈ।ਪਿਛਲੇ ਦਿਨੀਂ ਦੇਸ਼ ਦੇ ਇੱਕ ਪ੍ਰਮੁੱਖ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ ਸਾਬਤ ਕੀਤਾ ਕਿ ਸੰਨ-2020 ਵਿੱਚ ਜੋ ਦਿੱਲੀ ਦੰਗੇ ਹੋਏ ਸਨ, ਉਸ ਤੋਂ ਬਾਅਦ ਜਿਹੜੇ ਲੋਕ ਫੜੇ ਗਏ ਸਨ, ਉਹਨਾਂ ਦਾ ਇਹਨਾ ਦੰਗਿਆਂ ਨਾਲ ਕੋਈ ਵਾਸਤਾ ਨਹੀਂ ਸੀ। ਕਈ ਲੋਕ ਇਹ ਮੰਨਦੇ ਹਨ ਕਿ ਇਹੀ ਕਾਰਨ ਹੈ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਨੂੰ ਪੰਜ ਸਾਲ ਜੇਲ੍ਹ ਵਿੱਚ ਰੱਖਣ ਦੇ ਬਾਅਦ ਵੀ ਉਸ ਉਤੇ ਕੋਈ ਮੁਕੱਦਮਾ ਸ਼ੁਰੂ ਨਹੀਂ ਹੋਇਆ। ਜਦੋਂ ਮੁਕੱਦਮਾ ਬਨਣ ਜੋਗਾ ਸਬੂਤ ਹੀ ਕੋਈ ਨਾ ਹੋਵੇ, ਤਾਂ ਅਕਸਰ ਮਾਮਲਾ ਇਸ ਤਰ੍ਹਾਂ ਲਟਕਾਇਆ ਜਾਂਦਾ ਹੈ ਅਤੇ ਇਸਨੂੰ ਕਿਹਾ ਜਾਂਦਾ ਹੈ ਕਿ ਸਜ਼ਾ ਦੇਣ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਂਦੀ ਹੈ।

ਉਮਰ ਖਾਲਿਦ ਜਿਹੇ ਦੇਸ਼ ਭਰ ਦੀਆਂ ਜੇਲ੍ਹਾਂ 'ਚ ਬੰਦ 75 ਫ਼ੀਸਦੀ ਇਹੋ ਜਿਹੇ ਕੈਦੀ ਹਨ, ਜਿਹਨਾ ਉਤੇ ਮੁਕੱਦਮਾ ਚਲਾਇਆ ਹੀ ਨਹੀਂ ਗਿਆ। ਜੇਲ੍ਹਾਂ 'ਚ ਕੁੱਲ 5,73,220 ਕੈਦੀ ਹਨ ਅਤੇ ਉਹਨਾਂ ਵਿਚੋਂ 4,34,302 ਅੰਡਰ ਟਰਾਇਲ ਹਨ।

ਉਮਰ ਖਾਲਿਦ ਅਤੇ ਉਸ ਦੇ ਕੁਝ ਸਾਥੀਆਂ ਨੂੰ ਦਿੱਲੀ ਦੰਗਿਆ ਵੇਲੇ ਫੜਿਆ ਗਿਆ, ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਦਰਜਨਾਂ ਭਰ ਸਿੱਖ ਕੈਦੀ ਜੇਲ੍ਹਾਂ ਵਿੱਚ ਇਹੋ ਜਿਹੇ ਡੱਕੇ ਹੋਏ ਹਨ, ਜਿਹਨਾਂ ਨੇ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਮੁਕੱਦਮਿਆਂ ਵਿਚੋਂ ਵੀ ਬਰੀ ਹੋ ਚੁੱਕੇ ਹਨ। ਪਰ ਹਾਕਮਾਂ ਦੀ ਹੱਠ ਧਰਮੀ ਵੇਖੋ, ਸ਼ੰਕਿਆਂ ਕਾਰਨ ਉਹਨਾਂ ਨੂੰ ਜੇਲ੍ਹ 'ਚ ਡੱਕਿਆ ਹੋਇਆ ਹੈ। ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ ? ਸਿੱਟਾ, ਭਾਰਤ ਦੇਸ਼ ਦਾ ਨਾਮ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਮਾਮਲੇ 'ਚ ਨਿਵਾਣਾ ਵੱਲ ਗਿਆ ਹੈ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰ, ਲੇਖਕ, ਬੁੱਧੀਜੀਵੀ, ਜੇਲ੍ਹਾਂ ਦੀਆਂ ਸ਼ਲਾਖਾਂ 'ਚ ਹਨ। ਇਹਨਾਂ 'ਚ ਵਾਧਾ ਹਾਕਮ ਧਿਰ ਦੇ ਖ਼ਿਲਾਫ਼ ਵਿਰੋਧੀ ਵਿਚਾਰ ਰੱਖਣ ਵਾਲੇ ਸਿਆਸੀ ਆਗੂਆਂ ਦਾ ਵੀ ਹੈ, ਜਿਹੜੇ ਈ.ਡੀ., ਸੀ.ਬੀ.ਆਈ. ਇਨਕਮ ਟੈਕਸ ਅਤੇ ਹੋਰ ਖੁਦਮੁਖਤਾਰ ਸੰਸਥਾਵਾਂ (ਜਿਹਨਾਂ ਨੂੰ ਸਰਕਾਰ ਨੇ ਆਪਣਾ ਤੰਤਰ ਹੀ ਬਣਾ ਲਿਆ ਹੈ) ਦਾ ਸ਼ਿਕਾਰ ਬਣਾ ਦਿੱਤੇ ਗਏ ਹਨ।

ਨਾਗਰਿਕਤਾ ਸੰਸ਼ੋਧਨ ਜਾਂ ਸੀ.ਏ.ਏ. ਦੇ ਖਿਲਾਫ਼ ਜਿਸ ਢੰਗ ਨਾਲ ਲੋਕਾਂ 'ਚ ਵਿਰੋਧ ਹੋਇਆ। ਦੰਗੇ ਫਸਾਦ ਹੋਏ। ਜਿਸ ਢੰਗ ਨਾਲ ਸਰਕਾਰ ਨੇ ਇਹਨਾਂ ਨੂੰ ਨਿਪਟਿਆ। ਮੁਸਲਮਾਨਾਂ ਨੂੰ ਮੁਸਲਿਮ ਵੱਡੀ ਗਿਣਤੀ ਵਾਲੇ ਇਲਾਕਿਆਂ ਵਿਚੋਂ ਫੜ ਫੜਕੇ ਜੇਲ੍ਹ ਸੁੱਟਿਆ ਗਿਆ। ਫਰਜ਼ੀ ਮੁਕੱਦਮੇ ਦਰਜ਼ ਕੀਤੇ, ਉਹ ਬਿਨ੍ਹਾਂ ਸ਼ੱਕ ਸਰਕਾਰ ਦੀ ਉਹੋ ਜਿਹੀ ਇੱਕ ਪਾਸੜ ਸੋਚ ਦਾ ਸਿੱਟਾ ਸੀ, ਜਿਹੋ ਜਿਹੀ ਸੋਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਕਤਲੇਆਮ ਅਤੇ ਨਸਲਕੁਸ਼ੀ ਕਰਨ ਲਈ ਉਸ ਵੇਲੇ ਦੇ ਧੁਰੰਤਰ ਕਾਂਗਰਸੀ ਕਾਰਕੁੰਨਾਂ ਨੇ ਪ੍ਰਮੁੱਖ ਭੂਮਿਕਾ ਨਿਭਾਕੇ ਕੀਤੀ ਸੀ, ਉਹਨਾਂ ਨੇ ਟੈਲੀਵੀਜ਼ਨ ਉਤੇ ਆ ਕੇ 'ਖ਼ੂਨ ਕਾ ਬਦਲਾ ਖ਼ੂਨ' ਜਿਹੇ ਨਾਹਰੇ ਲਾਕੇ ਸੰਦੇਸ਼ ਦਿੱਤਾ ਸੀ ਕਿ ਬਦਲਾ ਸਿੱਖਾਂ ਤੋਂ ਲਿਆ ਜਾਏਗਾ। ਕੀ ਇਹਨਾਂ ਦੰਗਿਆਂ ਦੇ ਜ਼ਿੰਮੇਵਾਰਾਂ ਨੂੰ ਅੱਜ ਤੱਕ ਵੀ ਸਜ਼ਾਵਾਂ ਮਿਲੀਆਂ ? ਅਨੇਕਾਂ ਸੰਮਤੀਆਂ, ਕਮਿਸ਼ਨ ਬਣੇ, ਪਰ ਪਰਨਾਲਾ ਉਥੇ ਦਾ ਉਥੇ ਰਿਹਾ।

ਸੰਨ 2020 ਦੇ ਦਿੱਲੀ ਦੰਗਿਆਂ 'ਚ 93 ਲੋਕ ਮਾਰੇ ਗਏ ਸਨ। ਉਹਨਾਂ 'ਚ 36 ਮੁਸਲਿਮ ਸਨ ਅਤੇ ਪੰਦਰਾਂ ਹਿੰਦੂ। ਲੇਕਿਨ ਗ੍ਰਿਫ਼ਤਾਰ ਕੇਵਲ ਮੁਸਲਿਮ ਕੀਤੇ ਗਏ। ਬੇਬੁਨਿਆਦ ਕੇਸ ਦਰਜ਼ ਹੋਏ। ਜਿਹਨਾਂ ਉਤੇ ਮੁਕੱਦਮੇ ਬਣੇ, ਉਹਨਾਂ ਵਿਚੋਂ 96 ਬਰੀ ਹੋ ਗਏ, ਇਹਨਾਂ ਵਿੱਚ 93 ਇਹੋ ਜਿਹੇ ਸਨ, ਜਿਹਨਾਂ 'ਤੇ ਝੂਠੇ ਮੁਕੱਦਮੇ ਦਰਜ਼ ਹੋਏ ਸਨ। ਇਹ ਦੰਗੇ ਜਦੋਂ ਸੰਨ 2020 'ਚ ਹੋਏ, ਉਦੋਂ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਖ਼ੂਬ ਸ਼ਾਨੋ-ਸ਼ੌਕਤ ਨਾਲ ਸਵਾਗਤ ਹੋਇਆ ਸੀ ਅਤੇ ਨਰਿੰਦਰ ਮੋਦੀ ਇਹ ਸਵਾਗਤ ਕਰ ਰਹੇ ਸਨ। ਪੁਲਿਸ ਵਾਲਿਆਂ ਨੇ ਸਥਿਤੀ ਨੂੰ ਨਿਪਟਾਉਣ ਲਈ ਜਿਹੜਾ ਵੀ ਅੜਿੱਕੇ ਆਇਆ, ਉਸ ਨੂੰ ਚੁੱਕ ਕੇ ਜੇਲ੍ਹ ਸੁੱਟ ਦਿੱਤਾ। ਇਸ ਦੰਗਿਆਂ ਵਾਲੇ ਕੇਸ 'ਚ ਜਵਾਹਰ ਲਾਲ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਉਤੇ ਮਾਸਟਰ ਮਾਈਂਡ ਹੋਣ ਦਾ ਦੋਸ਼ ਲੱਗਾ, ਜੋ ਅੱਜ ਤੱਕ ਜੇਲ੍ਹ 'ਚ ਸੜ ਰਿਹਾ ਹੈ ਅਤੇ ਹੇਠਲੀਆਂ ਅਦਾਲਤਾਂ 'ਚੋਂ ਸਮੇਤ ਹਾਈਕੋਰਟ ਦੇ ਉਸਨੂੰ ਜ਼ਮਾਨਤ ਨਹੀਂ ਮਿਲੀ। ਹੁਣ ਜ਼ਮਾਨਤ ਲਈ ਸੁਣਵਾਈ ਸੁਪਰੀਮ ਕੋਰਟ 'ਚ ਹੈ।

ਦੇਸ਼ ਇਸ ਵੇਲੇ ਜਿਥੇ ਵੋਟ ਰਾਜਨੀਤੀ ਨਾਲ ਤ੍ਰਭਕਿਆ ਪਿਆ ਹੈ। ਹਾਕਮਾਂ 'ਤੇ ਵੋਟ ਚੋਰੀ ਦੇ ਇਲਜ਼ਾਮ ਲੱਗ ਰਹੇ ਹਨ। ਫਿਰਕਾਪ੍ਰਸਤੀ ਦੀ ਹਨ੍ਹੇਰੀ ਵਗਾਕੇ ਜਿਵੇਂ ਦੇਸ਼ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ, ਉਸ ਨਾਲ ਦੇਸ਼ ਦੇ ਵਿੱਚ ਧੱਕੇ ਧੌਂਸ ਦੀ ਰਾਜਨੀਤੀ ਦਾ ਬੋਲਬਾਲਾ ਹੋ ਰਿਹਾ ਹੈ।


ਭਾਰਤ ਨੂੰ ਸਮਾਜਿਕ ਬੇਇਨਸਾਫ਼ੀ ਦੇ ਮੁੱਦਿਆਂ ਨੇ ਤਾਂ ਜਕੜਿਆ ਹੀ ਹੋਇਆ ਹੈ। ਨਸਲੀ, ਨਾ ਬਰਾਬਰੀ, ਜ਼ੋਨ ਉਤਪੀੜਨ, ਔਰਤਾਂ ਨਾਲ ਵਿਤਕਰਾ, ਤਨਖ਼ਾਹ @ਚ ਅਸਾਮਨਤਾ ਤਾਂ ਹੈ ਹੀ, ਪਰ ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਪ੍ਰਦੂਸ਼ਣ, ਧਾਰਮਿਕ ਭੇਦਭਾਵ ਮੌਜੂਦਾ ਸਿਆਸੀ ਹਾਕਮਾਂ ਦੀ ਦੇਣ ਹਨ। ਇਸ ਵਿਚੋਂ ਹੀ ਗਰੀਬ-ਅਮੀਰ ਦਾ ਪਾੜਾ, ਔਰਤਾਂ ਦੀ ਅਸੁਰੱਖਿਆ, ਸਿਆਸਤ ਵਿੱਚ ਸਾਮ, ਦਾਮ, ਦੰਡ ਦੀ ਵਰਤੋਂ ਅਤੇ ਨਫ਼ਰਤੀ ਵਤੀਰਾ ਇਨਸਾਫ਼ ਨੂੰ ਛਿੱਕੇ ਟੰਗ ਰਿਹਾ ਹੈ। ਇਸ ਨਫ਼ਰਤੀ ਵਤੀਰੇ ਦਾ ਕਾਰਨ, ਪਾਰਲੀਮੈਂਟ ਲਈ ਚੁਣੇ ਗਏ ਮੈਂਬਰਾਂ ਵਿੱਚ 46 ਫ਼ੀਸਦੀ ਅਪਰਾਧਿਕ ਮਾਮਲਿਆਂ 'ਚ ਲਿਪਤ ਲੋਕ ਹਨ। ਇਹਨਾ ਵਿੱਚੋਂ 31 ਉਤੇ ਹੱਤਿਆ ਦੇ ਮਾਮਲੇ ਹਨ ਅਤੇ ਚੁਣੀਆਂ ਗਈਆਂ ਸਾਂਸਦ-ਵਿਧਾਇਕ ਔਰਤਾਂ ਵਿੱਚੋਂ 28 ਫ਼ੀਸਦੀ 'ਤੇ ਅਪਰਾਧਿਕ ਮੁਕੱਦਮੇ ਦਰਜ਼ ਹਨ, ਜਿਹਨਾ ਵਿੱਚ 15 ਦੇ ਖਿਲਾਫ਼ ਹੱਤਿਆ ਦੇ ਮਾਮਲੇ ਹਨ। ਦੇਸ਼ ਵਿੱਚ ਵੰਸ਼ਵਾਦ ਦਾ ਐਡਾ ਦਬਾਅ ਹੈ ਕਿ ਦੇਸ਼ ਦੇ 21 ਫ਼ੀਸਦੀ ਸਾਂਸਦ-ਵਿਧਾਇਕ ਸਿਆਸੀ ਪਰਿਵਾਰਾਂ ਵਿੱਚੋਂ ਹੀ ਹਨ। ਦੇਸ਼ 'ਚ ਅਪਰਾਧਿਕ ਵਿਰਤੀ ਅਤੇ ਵੰਸ਼ਵਾਦ ਦੀ ਗਹਿਰੀ ਪਕੜ ਨੇ ਰਾਜਨੀਤੀ, ਇਨਸਾਫ਼ ਅਤੇ ਲੋਕਤੰਤਰ ਉਤੇ ਡੂੰਘਾ ਪ੍ਰਭਾਵ ਪਾਇਆ ਹੈ। ਨਵੇਂ ਅਤੇ ਯੋਗ ਨੇਤਾਵਾਂ ਕੋਲੋਂ ਅੱਗੇ ਆਉਣ ਦਾ ਮੌਕਾ ਖੋਹਿਆ ਜਾ ਰਿਹਾ ਹੈ। ਦੇਸ਼ 'ਚ ਇਹੋ ਜਿਹੇ ਕੰਮ ਦੇਸ਼ ਦੇ ਲੋਕਾਂ ਦੀ ਇਨਸਾਫ਼ ਪ੍ਰਤੀ ਤਾਂਘ ਅਤੇ ਝਾਕ ਨੂੰ ਖੁੰਡਾ ਕਰਨ ਵਾਲਾ ਤੰਤਰ ਬਣ ਚੁੱਕੇ ਹਨ। ਹੱਥ ਆਈ ਗੱਦੀ ਨੂੰ ਹੱਥੋਂ ਨਾ ਜਾਣ ਦੇਣਾ, ਧਰਮ ਦੇ ਨਾਮ ਉਤੇ ਸਿਆਸਤ ਕਰਨਾ, ਜਾਤ-ਬਰਾਦਰੀ ਦੇ ਨਾਮ ਉਤੇ ਵੋਟ ਵਟੋਰਨਾ ਅਤੇ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਉਤੇ ਕਾਬੂ ਪਾਉਣਾ, ਇਨਸਾਫ਼ ਨੂੰ ਖੂਹ 'ਚ ਸੁੱਟਣ ਸਮਾਨ ਹੈ।

ਪਿਛਲੇ ਦਿਨਾਂ 'ਚ ਦੇਸ਼ ਦੇ ਚੋਣ ਕਮਿਸ਼ਨ ਉਤੇ ਲੱਗੇ ਦੋਸ਼ ਕਈ ਸਵਾਲ ਖੜੇ ਕਰ ਰਹੇ ਹਨ। ਚੋਣ ਕਮਿਸ਼ਨ ਦਾ ਇੱਕ ਪਾਸੜ ਹੋਕੇ ਕੰਮ ਕਰਨਾ ਇਨਸਾਫ਼ ਦੇ ਤਰਾਜੂ ਨੂੰ ਖਪਾਉਣ ਦਾ ਯਤਨ ਹੈ।

(ਬਾਕੀ ਸਫ਼ਾ 27 'ਤੇ)

# ਪਖੰਡੀ ਬਾਬੇ, ਤਾਂਤਰਿਕ, ਪੁਜਾਰੀ ਹੁਣ ਰਾਜਨੀਤੀ ਦਾ ਹਿੱਸਾ ਕਿਉਂ ਬਣਨ ਲੱਗੇ ?

ਚਮਕੌਰ ਸਿੰਘ ਕੈਰਵੇ



ਕਿਸੇ ਵੀ ਗੱਲ 'ਤੇ ਬਿਨਾਂ ਸੋਚੇ ਸਮਝੇ, ਬਿਨਾਂ ਆਪਣਾ ਦਿਮਾਗ ਵਰਤੇ ਯਕੀਨ ਕਰ ਲੈਣਾ ਹੀ ਅਸਲ ਵਿੱਚ ਅੰਧਵਿਸ਼ਵਾਸੀ ਹੋਣ ਦੀ ਨਿਸ਼ਾਨੀ ਹੈ। ਅੱਜ ਦੇ ਇਸ ਟੈਕਨਾਲੋਜੀ ਤੇ ਵਿਗਿਆਨ ਦੇ ਯੁਗ ਵਿੱਚ ਭਾਰਤ ਵਿੱਚ ਅਨਪੜ੍ਹ ਅਤੇ ਪੜ੍ਹੇ ਲਿਖੇ, ਦੋਨੋਂ ਹੀ ਤਰ੍ਹਾਂ ਦੇ ਅੰਧਵਿਸ਼ਵਾਸੀ ਲੋਕ ਪਾਏ ਜਾਂਦੇ ਹਨ। ਵਹਿਮ ਭਰਮ ਅਤੇ ਅੰਧਵਿਸ਼ਵਾਸ ਹੀ ਸਾਡੇ ਦੇਸ਼ ਦੀ ਤਰੱਕੀ ਵਿੱਚ ਸਭ ਤੋਂ ਵੱਡੇ ਰੋੜੇ ਹਨ। ਵਹਿਮ ਭਰਮ ਅਤੇ ਅੰਧਵਿਸ਼ਵਾਸ ਦੀ ਅਵਸਥਾ ਵਿੱਚ ਮਨੁੱਖ ਦੀ ਸੋਚਣ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ ਤੇ ?ਉਹ ਬਿਨਾਂ ਤਰਕ, ਬਿਨਾਂ ਵਿਚਾਰ ਕੀਤੇ ਕਿਸੇ ਵੀ ਗੱਲ ਨੂੰ ਸੱਚ ਮੰਨ ਲੈਂਦਾ ਹੈ। ਅਜੋਕੇ ਸਮੇਂ ਵਿੱਚ ਸਾਨੂੰ ਹਰ ਪਿੰਡ ਹਰ ਸ਼ਹਿਰ ਵਿੱਚ ਪਖੰਡੀ ਬਾਬੇ, ਸਾਧੂ, ਸੰਤ, ਤਾਂਤਰਿਕ, ਪੁਜਾਰੀ ਮਿਲ ਜਾਣਗੇ। ਇਹ ਭੋਲੇ ਭਾਲੇ ਲੋਕਾਂ ਨੂੰ ਆਸਥਾ ਦੀ ਆੜ ਵਿੱਚ ਅਜਿਹੇ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸ਼ਾਂ ਵਿੱਚ ਪਾ ਦਿੰਦੇ ਹਨ, ਜਿੱਥੋਂ ਨਿਕਲਣਾ ਲੋਕਾਂ ਲਈ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਅੰਧਵਿਸ਼ਵਾਸੀ ਬਣਿਆ ਮਨੁੱਖ ਮਾਨਸਿਕ ਤੌਰ 'ਤੇ ਕਮਜ਼ੋਰ ਅਤੇ ਬਿਮਾਰ ਵੀ ਹੋ ਜਾਂਦਾ ਹੈ।

ਅਖੌਤੀ ਸਾਧ, ਬਾਬੇ, ਤਾਂਤਰਿਕ ਲੋਕਾਂ ਨੂੰ ਜਾਦੂ ਟੂਣੇ ਨਾਲ ਆਤਮਾ-ਪ੍ਰਮਾਤਮਾ, ਪਿਛਲਾ ਜਨਮ, ਸਵਰਗ, ਨਰਕ, ਯਮਰਾਜ, ਭੂਤ ਪ੍ਰੇਤ ਵਰਗੇ ਵਹਿਮਾਂ ਭਰਮਾਂ ਵਿੱਚ ਪਾ ਕੇ ਖ਼ੂਬ ਲੁੱਟਦੇ ਹਨ। ਇਹ ਲਾਣਾ ਦੁੱਖਾਂ ਤਕਲੀਫਾਂ ਤੋਂ ਛੁਟਕਾਰਾ, ਆਰਥਿਕ ਲਾਭ, ਸ਼ਾਦੀ, ਪ੍ਰੇਮ ਵਿਆਹ, ਨੌਕਰੀ ਆਦਿ ਸਮੱਸਿਆਵਾਂ ਦਾ ਮਿੰਟਾਂ ਵਿੱਚ ਹੱਲ ਕਰਨ ਲਈ ਆਪਣੀਆਂ ਦੁਕਾਨਾਂ ਖੋਲ੍ਹੀ ਬੈਠਾ ਹੈ। ਇਹ ਗ੍ਰਹਿ ਚੱਕਰਾਂ ਵਿੱਚੋਂ ਕੱਢਣ ਲਈ ਮੋਟੀ ਰਕਮ ਵਸੂਲਦੇ ਹਨ। ਇੱਥੋਂ ਤਕ ਕਿ ਪਖੰਡੀ ਬਾਬੇ, ਤਾਂਤਰਿਕ ਮਾਸੂਮ ਬੱਚਿਆਂ ਨੂੰ ਬਲੀ ਦੇ ਨਾਂ 'ਤੇ ਕਤਲ ਵੀ ਕਰ ਦਿੰਦੇ ਹਨ। ਇਹੋ ਜਿਹੀਆਂ ਵਾਰਦਾਤਾਂ ਬਿਹਾਰ, ਯੂਪੀ ਵਰਗੇ ਸੂਬਿਆਂ ਵਿੱਚ ਦੇਖਣ ਨੂੰ ਮਿਲ ਜਾਂਦੀਆਂ ਹਨ। ਵਿਗਿਆਨ ਨੂੰ ਪੂਰੇ ਬ੍ਰਹਿਮੰਡ ਵਿੱਚ ਆਤਮਾ, ਪਰਮਾਤਮਾ, ਸਵਰਗ, ਨਰਕ, ਯਮਰਾਜ, ਭਟਕਦੀ ਆਤਮਾ ਆਦਿ ਦੀ ਹੋਂਦ ਦਾ ਅੱਜ ਤਕ ਕੋਈ ਵਿਗਿਆਨਕ ਸਬੂਤ ਨਹੀਂ ਮਿਲਿਆ ਹੈ। ਕੁਝ ਲੋਕ ਆਪ ਤਾਂ ਅੰਧਵਿਸ਼ਵਾਸੀ ਹੁੰਦੇ ਹੀ ਹਨ, ਨਾਲ ਆਪਣੇ ਬੱਚਿਆਂ ਨੂੰ ਵੀ ਅੰਧਵਿਸ਼ਵਾਸੀ ਬਣਾ ਦਿੰਦੇ ਹਨ ਤੇ ਅੱਗੇ ਜਾਕੇ ਉਹਨਾਂ ਬੱਚਿਆਂ ਦਾ ਭਵਿੱਖ ਹਨੇਰ ਹੀ ਹੋਣਾ ਹੁੰਦਾ ਹੈ। ਇਸ ਸੰਸਾਰ ਵਿੱਚ 193 ਦੇਸ਼ ਹਨ। ਇਨ੍ਹਾਂ 193 ਦੇਸ਼ਾਂ ਵਿੱਚੋਂ ਕੇਵਲ ਭਾਰਤ ਵਿੱਚ ਹੀ ਕਿਉਂ ਐਨੇ ਬਾਬੇ ਪਾਏ ਜਾਂਦੇ ਹਨ ? ਸਿਰਫ ਅਨਪੜ੍ਹਤਾ ਅਤੇ ਅਗਿਆਨਤਾ ਦੇ ਕਾਰਨ। ਭਾਰਤ ਦੇ ਅਨਪੜ੍ਹ ਲੋਕਾਂ ਨੂੰ ਆਪਣੇ ਪਿੱਛੇ ਲਾਉਣਾ ਕੋਈ ਔਖਾ ਕੰਮ ਨਹੀਂ ਹੈ। ਪਖੰਡੀ ਬਾਬਿਆਂ ਦੁਆਰਾ ਬਿਮਾਰੀਆਂ ਦਾ ਇਲਾਜ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ ਜੋ ਕਿ ਬਿਲਕੁਲ ਇੱਕ ਧੋਖਾ ਹੈ। ਜੇਕਰ ਬਾਬੇ, ਤਾਂਤਰਿਕ ਹੀ ਬਿਮਾਰੀਆਂ ਦਾ ਇਲਾਜ ਕਰਨ ਲੱਗ ਜਾਣ ਤਾਂ ਡਾਕਟਰਾਂ ਨੂੰ ਇੰਨਾ ਪੜ੍ਹ ਲਿਖ ਕੇ ਡਿਗਰੀਆਂ ਲੈਣ ਦੀ ਕੀ ਲੋੜ ਹੈ। ਉਹ ਬੱਸ ਧਾਗਾ ਜਾਂ ਹਥੌਲਾ ਕਰਕੇ ਮਰੀਜ਼ ਨੂੰ ਕਹਿ ਦੇਣ ਕਿ ਜਾ, ਤੈਨੂੰ ਕਿਸੇ ਦਵਾਈ ਜਾਂ ਅਪਰੇਸ਼ਨ ਕਰਵਾਉਣ ਦੀ ਲੋੜ ਹੀ ਨਹੀਂ ਹੈ। ਅਨਪੜ੍ਹ ਗਰੀਬਾਂ ਨੂੰ ਇਹ ਬਾਬੇ ਖ਼ੂਬ ਲੁੱਟਦੇ ਹਨ। ਸਾਡੇ ਲੋਕਾਂ ਦੀ ਇਹੋ ਜਿਹੀ ਮਾਨਸਿਕਤਾ ਹੋਈ ਪਈ ਹੈ ਕਿ ਉਹਨਾਂ ਨੂੰ ਸਹੀ ਅਤੇ ਗਲਤ ਦਾ ਪਤਾ ਹੀ ਨਹੀਂ ਲਗਦਾ। ਇਹੋ ਜਿਹੇ ਪਖੰਡੀ ਬਾਬੇ, ਤਾਂਤਰਿਕ ਗਰੀਬ ਅਤੇ ? ਅਨਪੜ੍ਹ ਲੋਕਾਂ ਨੂੰ ਗ੍ਰਹਿ ਚੱਕਰਾਂ ਵਿੱਚ ਪਾਕੇ ਉਹਨਾਂ ਦੇ ਦਿਮਾਗ ਨੂੰ ਅਪੰਗ ਬਣਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਹੈ। ਲੋਕਾਂ ਨੂੰ ਮੂਰਖ ਬਣਾਉਣ ਦਾ ਢੰਗ ਆਉਣਾ ਚਾਹੀਦਾ ਹੈ, ਲੋਕ ਝੱਟ ਮੂਰਖ ਬਣ ਜਾਂਦੇ ਹਨ, ਇਸ ਵਿੱਚ ਕੋਈ ਸ਼ੱਕ ਨਹੀਂ। ਅਸੀਂ ਭਾਰਤੀ ਆਪਣੇ ਦਿਮਾਗ ਤੋਂ ਜਮਾ ਹੀ ਕੰਮ ਨਹੀਂ ਲੈਂਦੇ। ਕਿਸੇ ਵੀ ਗੱਲ ਬਾਰੇ ਨਹੀਂ ਸੋਚਦੇ ਕਿ ਇਹ ਇੱਦਾਂ ਕਿਵੇਂ ਹੋ ਸਕਦਾ ਹੈ ? ਦੈਵੀ ਸ਼ਕਤੀ ਹੁੰਦੀ ਕੀ ਹੈ ? ਅਤੇ ਇਹ ਕਿਸੇ ਇਨਸਾਨ ਵਿੱਚ ਆ ਕਿਵੇਂ ਸਕਦੀ ਹੈ ? ਬਹੁਤੇ ਪਖੰਡੀ ਬਾਬੇ, ਤਾਂਤਰਿਕ ਅਖ਼ਬਾਰਾਂ ਵਿੱਚ ਇਸ਼ਤਿਹਾਰ ਦਿੰਦੇ ਹਨ ਅਤੇ 24 ਘੰਟਿਆਂ ਵਿੱਚ ਹਰ ਸਮੱਸਿਆ ਦਾ ਹੱਲ ਕਰਨ ਦਾ ਦਾਅਵਾ ਕਰਦੇ ਹਨ। ਦੁੱਖਾਂ-ਤਕਲੀਫਾਂ, ਗੰਭੀਰ ਰੋਗ, ਸਮੱਸਿਆਵਾਂ ਨਾਲ ਘਿਰੇ ਹੋਏ ਲੋਕ ਸਹਿਜ ਹੀ ਇਨ੍ਹਾਂ ਬਾਬਿਆਂ, ਤਾਂਤਰਿਕਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਆਪਣਾ ਪੈਸਾ, ਘਰ ਬਾਰ ਅਤੇ ਕਈ ਵਾਰ ਆਪਣੀ ਆਬਰੂ ਵੀ ਲੁਟਾ ਬੈਠਦੇ ਹਨ।

ਜਿਸ ਸਮਾਜ ਵਿੱਚ ਅੰਧਵਿਸ਼ਵਾਸ ਜ਼ਿਆਦਾ ਹੁੰਦਾ ਹੈ ਉਹ ਸਮਾਜ ਤਰੱਕੀ ਨਹੀਂ ਕਰ ਸਕਦਾ। ਅੰਧ ਵਿਸ਼ਵਾਸ ਵਿੱਚ ਯਕੀਨ ਰੱਖਣ ਵਾਲਾ ਮਨੁੱਖ ਢਾਹੂ ਵਿਚਾਰਾਂ ਦਾ ਹੁੰਦਾ ਹੈ। ਇਹ ਭਾਰਤ ਦੀ ਤ੍ਰਾਸਦੀ ਹੈ ਕਿ ਅੱਜ 21 ਸਦੀ ਵਿੱਚ ਜਿੱਥੇ ਕਈ ਦੇਸ਼ ਨਵੀਂਆਂ ਨਵੀਆਂ ਖੋਜਾਂ ਕਰ ਰਹੇ ਹਨ, ਉੱਥੇ ਭਾਰਤ ਦੇ ਲੋਕ ਇਨ੍ਹਾਂ ਜੋਤਸ਼ੀਆਂ, ਤਾਂਤਰਿਕਾਂ, ਪਖੰਡੀ ਬਾਬਿਆਂ ਦੇ ਮਗਰ ਲੱਗੇ ਹੋਏ ਹਨ। ਅਸਲ ਵਿੱਚ ਕਾਲੇ ਇਲਮ, ਜਾਦੂ ਟੂਣੇ ਨਾਲ ਕਿਸੇ ਸਮੱਸਿਆ ਦਾ ਹੱਲ ਹੋ ਹੀ ਨਹੀਂ ਸਕਦਾ। ਪਰ ਅੱਜ ਦੀ ਹਕੀਕਤ ਇਹ ਹੈ ਕਿ ਅਜੋਕੇ ਸਮੇਂ ਵਿੱਚ ਵਿੱਦਿਆ ਦੇ ਪਸਾਰੇ ਦੇ ਬਾਵਜੂਦ ਵੀ ਇਨ੍ਹਾਂ ਅੰਧਵਿਸ਼ਵਾਸ਼ਾਂ ਦਾ ਘੇਰਾ ਹੋਰ ਵੱਡਾ ਹੋ ਗਿਆ ਹੈ। ਇੰਟਰਨੈੱਟ ਅਤੇ ਸੋਸ਼ਲ ਮੀਡੀਏ ਦੇ ਮਾਧਿਅਮ ਰਾਹੀਂ ਤਾਂਤਰਿਕਾਂ, ਪਖੰਡੀ ਬਾਬਿਆਂ ਨੇ ਲੋਕਾਂ ਤਕ ਆਪਣੀ ਪਹੁੰਚ ਵਧਾ ਲਈ ਹੈ। ਇਸ ਸਮੇਂ ਸਮੱਸਿਆਵਾਂ ਦਾ ਹੱਲ ਤੁਰੰਤ ਅਤੇ ਸਮੱਗਰੀ, ਜਨਮ ਕੁੰਡਲੀਆਂ ਕੋਰੀਅਰ ਰਾਹੀਂ ਭੇਜੀਆਂ ਜਾਣ ਲੱਗੀਆਂ ਹਨ ਅਤੇ ਭੇਟਾ ਵੀ ਆਨਲਾਈਨ ਹੋਣ ਲੱਗ ਗਈ ਹੈ। ਇਸ ਅੰਧਵਿਸ਼ਵਾਸ ਤੋਂ ਲੱਖਾਂ ਦਾ ਰੋਜ਼ਗਾਰ ਚੱਲ ਰਿਹਾ ਹੈ। ਹਰ ਰੋਜ਼ ਤਾਂਤਰਿਕਾਂ, ਜੋਤਸ਼ੀਆਂ ਦੇ ਇਸ਼ਤਿਹਾਰਾਂ ਦੁਆਰਾ ਕਈ ? ਅਖ਼ਬਾਰਾਂ ਅਤੇ ਮੈਗਜ਼ੀਨਾਂ ਲੱਖਾਂ ਰੁਪਏ ਕਮਾ ਰਹੇ ਹਨ। ਅੰਧ ਵਿਸ਼ਵਾਸ ਦਾ ਕਾਰੋਬਾਰ ਕਰਨ ਵਾਲੇ ਤਾਂਤਰਿਕ, ਪਖੰਡੀ ਬਾਬੇ ਅਤੇ ਪੁਜਾਰੀ ਲੋਕਾਂ ਦੀ ਅੰਧਵਿਸ਼ਵਾਸੀ ਸੋਚ ਸਦਕਾ ਖੁਦ ਐਸ਼ ਵਾਲੀ ਜ਼ਿੰਦਗੀ ਜਿਊਂਦੇ ਹਨ।

ਪਖੰਡੀ ਬਾਬੇ, ਤਾਂਤਰਿਕ, ਪੁਜਾਰੀ ਹੁਣ ਰਾਜਨੀਤੀ ਦਾ ਹਿੱਸਾ ਵੀ ਬਣਨ ਲੱਗੇ ਹਨ। ਘਰ-ਬਾਰ ਅਤੇ ਕਾਰੋਬਾਰ ਦੀ ਭਲਾਈ ਲਈ, ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਲੱਖਾਂ ਲੋਕ ਡੇਰਿਆਂ, ਸੰਪਰਦਾਵਾਂ 'ਤੇ ਸੇਵਾ ਕਰਦੇ ਦੇਖੇ ਜਾ ਸਕਦੇ ਹਨ। ਜਿੰਨਾ ਚਿਰ ਲੋਕਾਂ ਵਿੱਚ ਗਿਆਨ ਦਾ ਦੀਵਾ ਨਹੀਂ ਜਗਦਾ, ਇਹ ਅੰਧਵਿਸ਼ਵਾਸ ਖਤਮ ਨਹੀਂ ਹੋ ਸਕਦਾ। ਸਮੇਂ ਦੀ ਲੋੜ ਹੈ ਕਿ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ, ਤਦ ਹੀ ਅੰਧਵਿਸ਼ਵਾਸ਼ਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

TRANS-ALLIANCE

TOGETHER WE SAVE

**FUEL DISCOUNTS**

UPTO 80 CENTS PER GALLON DISCOUNT

MAJOR NETWORK OF TRUCK STOPS

**FUEL CARDS**

NO CREDIT - NO PROBLEM

BEST CUSTOMER SERVICE




FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

**YOU BREAK DOWN**

WE SHOW UP

24-HOUR ROADSIDE ASSISTANCE

**TRUCK REPAIR & TIRE DISCOUNTS**

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

**FUEL MANAGEMENT**

DAILY FUEL RATES IN PHONE APP

CALL FOR MORE INFO

**(855)641-6955, (888)795-7035**



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਅਲੀ ਹੈਦਰ ਮੁਲਤਾਨੀ

ਵਿਦੇਸ਼ੀ ਹਮਲਾਵਰਾਂ ਦੇ ਨਾਲ ਇਸਲਾਮ ਵਿੱਚ ਸੂਫ਼ੀਆਂ ਦੀ ਆਮਦ ਭਾਰਤ ਵਿੱਚ 1192 ਦੀ ਮੰਨੀ ਜਾਂਦੀ ਹੈ। ਸਮੂਹ ਧਰਮਾਂ ਦੇ ਮੁਲੰਕਣ ਨਾਲ ਸ਼ਾਂਤੀ ਲਈ ਵਿਚਕਾਰਲਾ ਰਸਤਾ ਲੱਭਣ ਲਈ ਭਗਤੀ ਲਹਿਰ ਉੱਠੀ। ਇਸ ਲਹਿਰ ਦਾ ਆਰੰਭ ਮੱਧ ਕਾਲੀਨ ਸੱਤਵੀਂ ਸਦੀ ਵਿੱਚ ਦੱਖਣ ਭਾਰਤ ਵਿੱਚ ਹੋਇਆ। ਅੱਗੇ ਉੱਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫੈਲ ਗਈ। ਇਹ ਲਹਿਰ ਸਮੇਂ ਦੇ ਪ੍ਰਚਲਤ ਝੂਠੇ ਕਰਮਕਾਂਡਾ, ਵਹਿਮਾਂ, ਭਰਮਾਂ ਅਤੇ ਮੂਰਤੀ ਪੂਜਾ ਦੇ ਵਿਰੋਧ ਵਿੱਚ ਖੜੀ ਹੋਈ। ਭਗਤਾਂ, ਨਾਥਾਂ, ਯੋਗੀਆਂ ਅਤੇ ਸੂਫ਼ੀਆਂ ਦੀ ਤਰਜ਼ 'ਤੇ ਸਨਾਤਨੀ ਬੋਲੀ ਦੀ ਥਾਂ 'ਤੇ ਲੋਕ ਭਾਸ਼ਾ ਸੰਤ ਭਾਸ਼ਾ ਰਾਹੀਂ ਰਾਗਾਂ ਵਿੱਚ ਗਾ ਕੇ ਪ੍ਰਚਾਰ ਕੀਤਾ। ਦੂਰ ਦੁਰਾਡੇ ਜਾ ਕੇ ਪ੍ਰਚਾਰ ਕਰਨ ਨਾਲ ਪ੍ਰਚਾਰਕਾਂ ਦੀ ਹਰਮਨ ਪਿਆਰਤਾ ਵੱਧਦੀ ਗਈ। ਭਾਵੇਂ ਸੂਫ਼ੀ ਘੱਟ ਗਿਣਤੀ ਵਿੱਚ ਸਨ, ਪਰ ਖੁੱਲ੍ਹੇ ਵਿਚਾਰਾਂ ਦੇ ਸਨ। ਉਹ ਧਾਰਮਿਕ ਬੰਧਨਾਂ ਵਿੱਚ ਨਹੀਂ ਬੱਝੇ ਸਨ। ਉਹਨਾਂ ਨੇ ਮਨੁੱਖਤਾ ਵਿੱਚ ਪਿਆਰ ਦੀ ਗੱਲ ਤੋਰੀ। ਸਾਂਝੇ ਸੱਭਿਆਚਾਰ ਨੂੰ ਅਪਣਾਇਆ। ਉਹ ਛੇਤੀ ਹੀ ਸਥਾਪਤ ਹੋ ਗਏ। ਉਹਨਾਂ ਦੀ ਜਿੰਦਦਿਲੀ ਤੋਂ ਪ੍ਰਭਾਵਤ ਹੋ ਕੇ ਲੋਕ ਉਹਨਾਂ ਦੀਆਂ ਖ਼ਾਨਗਾਹਾਂ ਵੱਲ ਖਿੱਚੇ ਗਏ। ਹੇਠਲੇ ਵਰਗਾਂ ਨਾਲ ਉਹਨਾਂ ਦੀ ਨੇੜਤਾ ਵਧਣ ਲੱਗੀ।

ਪੰਜਾਬੀ ਕਵਿਤਾ ਵਿੱਚ ਸੂਫ਼ੀਆਂ ਦੀ ਵੱਡੀ ਦੇਣ ਹੈ। ਪੰਜਾਬੀ ਕਵਿਤਾ ਦੀ ਗੱਲ ਸੂਫ਼ੀ ਕਵਿਤਾ ਤੋਂ ਬਿਨਾਂ ਅਧੂਰੀ ਹੈ। ਸੂਫ਼ੀ ਕਵਿਤਾ ਵਿੱਚ ਤੌਬਾ, ਪ੍ਰਹੇਜ਼, ਬਿਰਹਾ, ਤਿਆਗ, ਗਰੀਬੀ, ਰੱਬ ਵਿੱਚ ਭਰੋਸਾ, ਸੰਤੁਸ਼ਟੀ ਉਪਰੰਤ ਅਧਿਆਤਮਕ ਵਿਸ਼ੇ ਹਨ। ਬਹੁਤ ਸਾਰੇ ਸੂਫ਼ੀ ਕਵੀਆਂ ਨੇ ਅਥਾਹ ਰਹੱਸ ਦੇ ਆਪਣੇ ਅਨੁਭਵਾਂ ਨੂੰ ਬਿਆਨ ਕਰਨ ਲਈ ਕਵਿਤਾ ਦਾ ਇੱਕ ਮਾਧਿਅਮ ਚੁਣਿਆ ਹੈ, ਜਾਂ ਆਪਣੇ ਚੇਲਿਆਂ ਨੂੰ ਸੰਕੇਤ ਲੇਖ ਲਿਖਣ ਲਈ ਅੱਖਰੀ ਆਦੇਸ਼ ਦਿੱਤਾ। ਰਹੱਸਵਾਦੀ ਆਦੇਸ਼ ਦੇ ਗਠਨ ਨਾਲ ਵੱਖ ਵੱਖ ਸਥਿਤੀਆਂ ਵਿੱਚ ਸੂਫ਼ੀਆਂ ਦੇ ਵਿਵਹਾਰ ਬਾਰੇ ਪੁਸਤਕਾਂ ਹੋਂਦ ਵਿੱਚ ਆਈਆਂ ਤੇ ਮਹੱਤਵਪੂਰਨ ਬਣ ਗਈਆਂ। ਬਾਅਦ ਵਿੱਚ ਰਹੱਸਵਾਦੀਆਂ ਨੇ ਟਕਸਾਲੀ ਸ੍ਰੋਤਾਂ ਤੇ ਵਿਆਪਕ ਟਿੱਪਣੀਆਂ ਕੀਤੀਆਂ।

ਇਸਲਾਮੀ ਸਾਹਿਤ ਵਿੱਚ ਸੂਫ਼ੀ ਵਾਦ ਦਾ ਇੱਕ ਵੱਡਾ ਯੋਗਦਾਨ ਹੈ। ਮਨਮੋਹਕ ਛੋਟੀਆਂ ਅਰਬੀ ਪ੍ਰੇਮ ਕਵਿਤਾਵਾਂ ਨਾਲ ਸ਼ੁਰੂ ਹੈ ਇਸਲਾਮੀ ਸਾਹਿਤ। ਜੋ ਰਹੱਸਵਾਦੀ ਸੰਗੀਤ ਸਮਾਰੋਹਾਂ ਵਿੱਚ ਬੜੀ ਸ਼ਿੱਦਤ ਨਾਲ ਗਾਇਆ ਜਾਂਦਾ ਹੈ। ਜੋ ਪਿਆਰੇ ਨਾਲ ਮਿਲਾਪ ਲਈ ਆਤਮਾ ਦੀ ਇੱਛਾ ਨੂੰ ਦਰਸਾਉਂਦਾ ਹੈ। ਜ਼ਿਆਦਾਤਰ ਫਾਰਸੀ ਕਵਿਤਾਵਾਂ ਵਿੱਚ ਪ੍ਰਚਲਤ ਪਿਆਰ ਸਬੰਧ ਇਹ ਹੈ ਕਿ ਪ੍ਰੀਤਮ ਇੱਕ ਆਦਮੀ ਹੈ ਅਤੇ ਪ੍ਰੇਮੀ ਹੈ। ਮਨੁੱਖ ਇੱਕ ਔਰਤ ਉਸ ਨੂੰ ਭਾਲਦੀ ਹੈ। ਹੀਰ ਉਹ ਰੂਹ ਹੈ ਜੋ ਬ੍ਰਹਮ ਪਿਆਰੇ ਨੂੰ ਭਾਲਦੀ ਹੈ। ਸੂਫ਼ੀ ਕਾਵਿ ਦੀ ਵਿਸ਼ੇਸ਼ਤਾ ਰੱਬ ਦੀ ਉਸਤਤ ਵਿੱਚ ਭਜਨ ਹੈ। ਜੋ ਦੁਹਰਾਉ ਦੀਆਂ ਜ਼ੰਜੀਰਾਂ ਵਿੱਚ ਪ੍ਰਗਟ ਕੀਤੀ ਜਾਂਦੀ ਹੈ।

ਹੱਥਲੇ ਲੇਖ ਵਿੱਚ ਸੂਫ਼ੀ ਕਵੀ ਅਲੀ ਹੈਦਰ ਮੁਲਤਾਨੀ ਦੇ ਜੀਵਨ ਅਤੇ ਰਚਨਾ 'ਤੇ ਵਿਚਾਰ ਕੀਤੀ ਜਾ ਰਹੀ ਹੈ। ਉਹ ਪੰਜਾਬ ਦੇ ਸਾਹਿਤਕ ਅਤੇ ਸੱਭਿਆਚਾਰਕ ਖੇਤਰ ਵਿੱਚ ਇੱਕ ਇਤਿਹਾਸਕ ਮਹੱਤਵਪੂਰਨ ਹਸਤੀ ਸੀ। ਪੰਜਾਬੀ ਬੋਲੀ ਵਿੱਚ ਇੱਕ ਸੂਫ਼ੀ ਕਵੀ ਵਜੋਂ ਉਸ ਨੇ ਆਪਣੇ ਯੋਗਦਾਨ ਵਿੱਚ ਸਾਹਿਤਕ ਪਰੰਪਰਾਵਾਂ ਉੱਤੋਂ ਸਦੀਵੀ ਪ੍ਰਭਾਵ ਛੱਡਿਆ ਹੈ। ਉਸ ਦੀ ਲੇਖਣੀ ਆਪਣੇ ਸਮੇਂ ਦੇ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਸ਼ਮੂਲੀਅਤ ਕਰਕੇ ਪ੍ਰਸਿੱਧ ਹੋਈ। 18ਵੀਂ ਸਦੀ ਦੇ ਪੰਜਾਬ ਦੀਆਂ ਜਟਿਲਤਾਵਾਂ ਅਤੇ ਜੀਵੰਤਤਾ ਦੋਵਾਂ ਨੂੰ ਦਰਸਾਉਂਦੀ ਹੈ। ਉਹ ਪੰਜਾਬੀ ਅਤੇ ਸਹਿਰੀਕੀ ਦਾ ਮਸ਼ਹੂਰ ਸੂਫ਼ੀ ਕਵੀ ਹੈ।

ਉਸ ਨੇ ਆਪਣੀ ਜਿੰਦਗੀ ਦਾ ਵਧੇਰੇ ਸਮਾਂ ਆਪਣੇ ਪਿੰਡ ਚੌਂਤਰਾਂ ਤਹਿਸੀਲ ਪੀਰ ਮਹਿਲਾ ਜ਼ਿਲ੍ਹਾ ਟੋਬਾ ਟੇਕ ਸਿੰਘ ਪਾਕਿਸਤਾਨ ਵਿੱਚ ਗੁਜ਼ਾਰਿਆ। ਉਸ ਦਾ ਜਨਮ 10 ਮਈ 1690 ਨੂੰ ਹੋਇਆ। ਪਿਤਾ ਦਾ ਨਾਉਂ ਸ਼ੇਖ ਮੁਹੰਮਦ ਅਮੀਨ ਸੀ। ਅਲੀ ਗਿਲਾਨੀ ਸੱਯਦ ਸੀ। ਉਹ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ। ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ 3 ਮਾਰਚ 1707 ਨੂੰ ਹੋਈ। ਉਸ ਤੋਂ ਬਾਅਦ ਰਾਜਨੀਤਿਕ ਉਥਲ ਪੁਥਲ ਦੇ ਸਮੇਂ ਉਸ ਨੇ ਸੂਫ਼ੀ ਕਾਵਿ 'ਤੇ ਦਿਲ ਖੋਲ ਕੇ ਰਚਨਾ ਕੀਤੀ। ਉਸ ਨੂੰ ਅਰਬੀ ਫ਼ਾਰਸੀ ਵਿੱਚ ਖਾਸ ਮੁਹਾਰਤ ਪ੍ਰਾਪਤ ਸੀ। ਲੁਤਫ਼ ਅਲੀ ਬਹਾਵਲਪੁਰੀ ਉਸ ਦਾ ਸ਼ਾਗਿਰਦ ਸੀ।

ਕੁਝ ਸਮਾਂ ਪਹਿਲਾਂ ਮੁਲਤਾਨੀ ਦੇ ਕਲਾਮ ਤੋਂ ਆਮ ਲੋਕ ਅਣਜਾਣ ਸਨ। ਰਾਹੀ ਰਾਹ ਜਾਂਦੇ ਫਕੀਰ ਗਲੀਆਂ ਵਿੱਚ ਉਸ ਦਾ ਕਲਾਮ ਗਾਉਂਦੇ ਜਾਂਦੇ ਸਨ। ਲੋਕਾਂ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ ਕਿ ਫਕੀਰ ਕੀ ਗਾਉਂਦੇ ਹਨ? ਹੈਦਰ ਇੱਕ ਕਵੀ ਦੇ ਰੂਪ ਵਿੱਚ ਆਮ ਲੋਕਾਂ ਲਈ ਅਣਜਾਣ ਸੀ। ਸੰਨ 1898 ਵਿੱਚ ਲਾਹੌਰ ਦੇ ਮਲਿਕ ਫਜਲਦੀਨ ਨੇ ਜਦ ਉਸ ਦਾ ਕਲਾਮ ਧਿਆਨ ਨਾਲ ਸੁਣਿਆ ਤਾਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਹੈਦਰ ਦੀਆਂ ਰਚਨਾਵਾਂ ਨੂੰ ਇਕੱਠਾ ਕਰਕੇ ਮੁਕੰਮਲ ਮਜਮੂਆਂ ਅਬਜਾਤ ਅਲੀ ਹੈਦਰ ਛਪਵਾਇਆ। ਉਸਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਲੋਕਾਂ ਨੂੰ ਅਤੇ ਉਸ ਦੇ ਵੰਸ਼ਜਾਂ ਨੂੰ ਉਸ ਦੇ ਜੀਵਨ ਅਤੇ ਸਾਹਿਤ ਬਾਰੇ ਪਤਾ ਨਹੀਂ ਹੈ। ਉਸ ਦੀ ਰਚਨਾ ਦੇ ਹਵਾਲੇ ਨਾਲ ਉਸ ਬਾਰੇ ਪਤਾ ਲੱਗਦਾ ਹੈ ਜਿਵੇਂ ਉਹ ਕਹਿੰਦਾ ਹੈ ਕਿ ਮੈਂ ਸੱਯਦ ਨਹੀਂ ਅਤੇ ਨਾ ਹੀ ਵਿਦੇਸ਼ੀ ਹੈ। ਜਦਕਿ ਉਸ ਦੇ ਵੰਸ਼ਜ ਉਸ ਬਾਰੇ ਅਜਿਹਾ ਐਲਾਨ ਕਰਦੇ ਹਨ।

ਆਪਣੇ ਪੀਰ ਮੁਰਸ਼ਦ ਬਾਰੇ ਲਿਖਦਾ ਹੈ:
ਮੈਂ ਕੁੱਤਾ ਬਣ ਆਲ ਰਸੂਲ ਨਜੀਬ ਦਾ,
ਪਾਹਰਾਂ ਹਾਂ ਘਰ ਬਾਰ ਉੱਤੇ
ਉਪਰ ਅੱਗੋਂ ਉਹ ਅੰਧੇਰੀ,
ਮੈਂ ਹੋਂਦੀਆਂ ਏਸ ਦਰਬਾਰ ਉੱਤੇ
ਪਰ ਅਹਲੇ ਉਲਮਾ ਦੀ ਇੱਜ਼ਤ ਰੱਖਣ
ਵਾਜਿਬ ਹੈ ਸੰਸਾਰ ਉੱਤੇ
ਹੈਦਰ ਉਲਮਾਂ ਵਾਰਸੇ ਅੰਬੀਆਂ
ਕੌਣ ਹੋਵੇ ਇਨਕਾਰ ਉੱਤੇ।

ਮੈਂ ਉੱਚੇ ਨਬੀ ਆਲ ਰਸੂਲ ਦਾ ਇੱਕ ਕੁੱਤਾ ਹਾਂ। ਉਸਦੇ ਘਰ ਬਾਹਰ ਤੇ ਪਹਿਰਾ ਦਿੰਦਾ ਹਾਂ। ਨਜ਼ਰ ਰੱਖਦਾ ਹਾਂ। ਉਹਨਾਂ ਦੇ ਦਰਬਾਰ ਉੱਤੋਂ ਮੈਂ ਤੂਫ਼ਾਨ ਬਣ ਕੇ ਲੰਘਦਾ ਹਾਂ। ਉਹਨਾਂ ਦੇ ਨਾਉਂ ਦਾ ਵੀ ਮੈਂ ਗੁਲਾਮ ਹਾਂ। ਇਹਨਾਂ ਸੱਜਣਾਂ ਦੀ ਦਿਆਲਤਾ ਦਾ ਵੀ ਭਾਵ ਸੱਯਦਾਂ ਦਾ ਸਤਿਕਾਰ ਬਰਕਰਾਰ ਰੱਖਣਾ ਸੰਸਾਰ ਵਿੱਚ ਸਹੀ ਨਹੀਂ ਹੈ। ਹੋਰ ਸਪਸ਼ਟ ਕਰਦਾ ਹੈ ਕਿ ਜੇਕਰ ਅਲੀ ਹੈਦਰ ਸੱਯਦ ਵਿਦਵਾਨ ਹੁੰਦਾ, ਉਹ ਆਪਣੇ ਆਪ ਨੂੰ ਕੁੱਤਾ ਨਾ ਆਖਦਾ। ਸਗੋਂ ਸੱਯਦਾਂ ਦੇ ਦਰਵਾਜੇ ਉਸ ਦਾ ਸਨਮਾਨ ਹੁੰਦਾ। ਇਹ ਸਿੱਧ ਕਰਦਾ ਹੈ ਕਿ ਹੈਦਰ ਇੱਕ ਭਾਰਤੀ ਸੀ ਨਾ ਕਿ ਵਿਦੇਸ਼ੀ ਸੱਯਦਾਂ ਵਿਚੋਂ ਸੀ। ਹੈਦਰ ਸੱਯਦਾਂ ਕੋਲੋਂ ਡਰਦਾ ਹੈ। ਆਪਣੇ ਆਪ ਨੂੰ ਨੀਂਵਾਂ ਸਮਝਦਾ ਹੈ। ਉਹਨਾਂ ਦਾ ਸਤਾਇਆ ਹੋਇਆ ਹੈ ਪਰ ਸਿੱਖਿਅਤ ਵਿਦਵਾਨਾਂ ਦਾ ਸਤਿਕਾਰ ਕਰਦਾ ਹੈ। ਉਹ ਇੱਕ ਮੰਨੇ ਹੋਏ ਕਾਦਰੀ ਫਿਰਕੇ ਦੇ ਮੋਢੀ ਸ਼ਾਹ ਮੁਹਈਉਦੀਨ ਦਾ ਜ਼ਿਕਰ ਆਪਣੇ ਕਾਵਿ ਵਿੱਚ ਕਰਦੇ ਹਨ ਕਿ

-ਕਾਫ਼ ਕਿਹਾ ਗਮ ਖ਼ੌਫ ਅਸਾਂ ਨੂੰ ਜੇ ਸ਼ਾਹ ਮੁਇਉਦੀਨ ਅਸਾਡੜਾ ਏ
ਸ਼ਾਹ ਅਬਦੁਲ ਕਾਦਿਰ ਜਿੰਨਾਂ ਦਾ ਜੇ, ਲੁਤਫ ਅਮੀਨ ਅਸਾਡੜਾ ਏ।
ਅਲੀ ਹੈਦਰ ਕਿਆ ਪ੍ਰਵਾਹ ਕਿਸੇ ਦੀ,
ਜੇ ਸ਼ਾਹ ਮੁਹਈਦੀਨ ਅਸਾਡੜਾ ਏ।

ਭਾਵ ਅਲੀ ਹੈਦਰ ਸਾਨੂੰ ਕਿਸੇ ਹੋਰ ਦੀ ਕੀ ਪ੍ਰਵਾਹ ਜੇ ਸ਼ਾਹ ਮੁਹਈਉਦੀਨ ਸਾਡਾ ਹੈ।

ਮੁਲਤਾਨੀ ਨੇ ਆਪਣੇ ਹੁਨਰ ਦੀ ਰੁਚੀ ਲਗਨ ਅਤੇ ਮਿਹਨਤ ਸ਼ਰੀਅਤ ਤੋਂ ਪ੍ਰਾਪਤ ਕੀਤੀ ਹੈ। ਮੱਕੇ ਅਤੇ ਹਜ ਦੀ ਜਿੱਥੇ ਉਸ ਲਈ ਖਾਸ ਖਾਸ ਅਹਿਮੀਅਤ ਹੈ, ਉਥੋਂ ਉਹ ਕਲਮਾਂ ਪੜ੍ਹਨ ਨੂੰ ਵੀ ਤਰਜੀਹ ਦਿੰਦਾ ਹੈ। ਹੋਰ ਸੂਫ਼ੀ ਸਾਧਕਾਂ ਵਾਂਗ ਉਹ ਕਲਮੀ ਪੜ੍ਹਨ ਵਿੱਚ ਵਿਸ਼ਵਾਸ ਰੱਖਣ ਵਾਲਾ, ਹਜ਼ਰਤ ਮੁਹੰਮਦ ਸਾਹਿਬ ਵਿੱਚ ਪੂਰਨ ਸ਼ਰਧਾ ਰੱਖਣ ਵਾਲਾ ਪਵਿੱਤਰ ਕੁਰਾਨ ਦੀ ਸਿੱਖਿਆ ਅਤੇ ਖੁਦਾ 'ਤੇ ਭਰੋਸਾ ਰੱਖਣ ਵਾਲਾ ਅਧਿਆਪਕ ਪਾਂਧੀ ਹੈ। ਇਸ ਨਾਲ ਹੀ ਉਹ ਇਸ ਸੱਚੇ ਇਸ਼ਕ ਦੀ ਮੰਜ਼ਲ ਵੱਲ ਵਧਦਾ ਕਹਿੰਦਾ ਹੈ –

ਖੇ-ਖਲਕ ਖੁਦਾ ਦੀ ਇਲਮ ਪੜ੍ਹਦੀ ਸਾਨੂੰ ਇੱਕਾ ਮਤਾਲੇ ਯਾਰ ਦਾ ਏ
ਜਿੰਨਾ ਖੋਲ ਕੇ ਇਸ਼ਕ ਕਿਤਾਬ ਡਿੱਠੀ, ਸੀਗੇ ਸਰਫ ਦੇ ਸਭ ਵਿਸਾਰ ਦਾ ਏ
ਜਿੰਨਾ ਯਾਰ ਦਾ ਨਾਮ ਦਾ ਸਬਕ ਪੜ੍ਹਿਆ,
ਇਥੇ ਜਾਏ ਨਾ ਸਬਰ ਕਰਾਰ ਦਾ ਏ।
ਹੈਦਰ ਮੁੱਲਾਂ ਨੂੰ ਫ਼ਿਕਰ ਨਿਮਾਜ਼ ਦਾ ਏ, ਇਹਨਾਂ ਆਸ਼ਿਕਾਂ ਤਲਬ ਦੀਦਾਰ ਦਾ ਏ।

ਭਾਵ ਪਰਮਾਤਮਾ ਦੇ ਜੀਵ ਗਿਆਨ ਅਧਿਐਨ ਕਰਦੇ ਹਨ ਪਰ ਸਾਡੇ ਕੋਲ ਕੇਵਲ ਉਹ ਹੈ ਪ੍ਰੀਤਮ ਦਾ ਅਧਿਐਨ ਜੋ ਕਿਤਾਬ ਖੋਲ੍ਹਿਆ ਅਤੇ ਦੇਖਿਆ ਹੈ ਜੋ ਕਿ ਉਹ ਪਿਆਰ ਵਿੱਚ ਸਭ ਖਰਚਾ ਕਰਨ ਲਈ ਤਿਆਰ ਹੈ। ਜਿਸ ਨੇ ਪ੍ਰੀਤਮ ਦਾ ਪਾਠ ਪੜ੍ਹਿਆ ਹੈ। ਸ਼ਾਂਤੀ ਹੈ, ਸੰਤੋਖ ਹੈ। ਹੈਦਰ ਪੁਜਾਰੀ ਨੂੰ ਪ੍ਰਾਰਥਨਾ ਬਾਰੇ ਸੋਚਣਾ ਪੈਂਦਾ ਹੈ ਪਰ ਇਹ ਪ੍ਰੇਮੀ ਸਿਰਫ਼ ਇੱਛਾ ਰੱਖਦੇ ਹਨ ਪਿਆਰ ਪ੍ਰਗਟ ਕਰਨ ਦੀ।

ਹੋਰ ਹਵਾਲਿਆਂ ਵਿੱਚ:-
ਕਾਅਬੇ ਦਾ ਰਾਹ ਦੇਖਾਓ ਮੈਨੂੰ, ਰਾਹ ਨਾ ਗੈਰ ਦਾ ਦੇਵਣਾ ਏ
ਮੀਨ ਤੇ ਨੂਨ ਗਵਾਹੀ ਦੇਂਦੇ, ਮੰਨ ਸ਼ਰਾਅ ਦਾ ਕਾਇਦਾ ਏ
ਅਲੀ ਹੈਦਰ ਨੂੰ ਤਕਵਾਂ ਰੱਬ ਦਾ ਏ
ਕਲਮੇ ਪਾਕਿ ਦਾ ਜਿਕਰ ਕਰੇਨੀਆ ਮੈਂ

ਜਦ ਉਹ ਪਰਮਾਤਮਾ ਨਾਲ ਇੱਕਮਿੱਕਤਾ ਹਾਸਲ ਕਰ ਲੈਂਦਾ ਹੈ ਤਾਂ ਕਹਿ ਉੱਠਦਾ ਹੈ :
ਇਸ਼ਕ ਤੋਂ ਜੰਮਿਆ ਸੁਭਾਅ ਵੇ ਕਾਜੀ
ਯਾਰ ਦਾ ਹੱਜ ਕਰੇਨੀ ਆ ਮੈਂ

ਜਾਂ ਫਿਰ :-
ਬੇ ਬੇ ਦੀ ਬੈ ਨ ਵੱਸ ਮੁੱਲਾ ਉਹੋ ਆਲਿਫ਼ ਸਿੱਧਾ ਖਮ ਘੱਤ ਆਇਆ
ਉਹ ਯਾਰ ਗਲਵੱਕੜੀ ਰਾਤ ਵਾਲਾ, ਹੁਣ ਭੇਸ ਵਟਾ ਕੇ ਵਤ ਆਇਆ।
ਸੋਹਣਾ ਮੀਮ ਦੀ ਚਾਦਰ ਪਹਣ ਕੀ ਜੀ ਕੇਹਾ ਜੁਲਫ਼ਾਂ ਦਾ ਘੂੰਘਟ ਘਤ ਆਇਆ
ਅਲੀ ਹੈਦਰ ਉਹ ਯਾਰ ਪਿਆਰਾ ਹੁਣ ਅਹਿਮਦ ਬਣਕੇ ਵਤ ਆਇਆ।

ਹੇ ਪੁਜਾਰੀ ਮੈਨੂੰ ਮੋੜਵੀਂ ਕ੍ਰਿਪਾਨ ਨਾ ਦਿਖਾ, ਕਿਉਂਕਿ ਇਹ ਸਿੱਧੀ ਆਲਿਫ਼ ਹੈ। ਜੋ ਵਾਪਿਸ ਮੁੜ ਆਈ ਏ। ਦੋਸਤੋ ਬੀਤੀ ਰਾਤ ਆਪਣਾ ਪਹਿਰਾਵਾ ਬਦਲਣ ਵਾਲਾ ਫਿਰ ਆ ਗਿਆ ਹੈ। ਮੀਮ ਦੀ ਸ਼ਾਲ ਪਹਿਨਣ ਵਾਲਾ ਸੁੰਦਰ ਦੋਸਤ ਆਪਣੇ ਘੁੰਘਟ ਵਿੱਚ ਵਾਪਿਸ ਆ ਗਿਆ ਹੈ। ਅਲੀ ਹੈਦਰ ਉਹ ਦੋਸਤ ਪਿਆਰਾ ਹੁਣ ਅਹਿਮਦ ਬਣ ਕੇ ਆਇਆ ਹੈ।

ਹੈਦਰ ਪਹਿਲੇ ਸੂਫ਼ੀ ਕਵੀ ਹਨ, ਜਿਹਨਾਂ ਨੇ ਕੌਮੀ ਜਾਗ੍ਰਿਤੀ ਦੀ ਗੱਲ ਕੀਤੀ ਹੈ। ਉਹ ਨਾਦਰ ਸ਼ਾਹ ਦੇ ਹਮਲੇ ਅਤੇ ਹਿੰਦੁਸਤਾਨੀਆਂ ਦੀ ਆਪਸੀ ਫੁੱਟ, ਨਾਇਤਫਾਕੀ, ਖੁਦਗਰਜੀ ਅਤੇ ਕਾਇਰਤਾ ਨੂੰ ਖੂਬ ਭੰਡਦਾ ਹੈ। ਨਾਦਰਸ਼ਾਹ ਦਾ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ 'ਤੇ 1739 ਈਸਵੀ ਦਾ ਹਮਲਾ ਅਤੇ ਉਸ ਹਮਲੇ ਦੀ ਤਬਾਹੀ ਅਤੇ ਬਰਬਾਦੀ ਨੂੰ ਦੇਖ ਕੇ ਉਸ ਦਾ ਮਨ ਦੁਖੀ ਹੋਇਆ। ਇਹ ਹਮਲਾ ਵੀ ਨਿਜਾਮ ਉਲ ਮਲਕ ਦੇ ਇਸ਼ਾਰੇ 'ਤੇ ਕੀਤਾ ਗਿਆ ਸੀ।, ਜੋ ਗਦਾਰ ਸੀ। ਹੈਦਰ ਗਦਾਰਾਂ ਨੂੰ ਲਾਹਨਤਾਂ ਪਾਉਂਦਾ ਹੈ :

ਬੇ ਬਿਖ ਜਹਿਰ ਨਹੀਂ ਜੋ ਖਾਹ ਮਰਨ, ਕੁਝ ਸ਼ਰਮ ਨਹੀਂ ਹਿੰਦੁਸਤਾਨੀਆਂ ਨੂੰ
ਕਿਆ ਹਯਾ ਇਹਨਾਂ ਰਾਜਿਆਂ ਨੂੰ ਕੁਝ ਲਜ ਨਹੀਂ ਤੁਰਾਨੀਆਂ ਨੂੰ
ਭੈੜੇ ਭਰ ਭਰ ਦੇਵਣ ਖਜਾਨੇ ਫਾਰਸੀਆਂ ਖੁਰਾਸਾਨੀਆਂ ਨੂੰ
ਛੂਣੀਆਂ ਪਾਣੀਆਂ ਨੱਕ ਡੋਬਣ ਜੋ ਲਹਿਵਨ ਨਾ ਵੱਡਿਆ ਪਾਣੀਆਂ ਨੂੰ

ਹੈਦਰ ਇੱਕ ਚੇਤਨ ਤੇ ਜਾਗਰੂਕ ਕਵੀ ਵਾਂਗ ਦੇਸ਼ ਅਤੇ ਦੇਸ਼ ਵਾਸੀਆਂ ਦੀ ਖੁਸ਼ਹਾਲੀ ਦੀ ਕਾਮਨਾ ਕਰਦਾ ਹੈ। ਦੇਸ਼ ਦੇ ਆਸ਼ਕਾਂ ਸਦਕਾ ਪ੍ਰਤੀ ਉਸਦੇ ਮਨ ਵਿੱਚ ਖਾਸ ਸਤਿਕਾਰ ਹੈ:
ਖੇ ਖੁਸ਼ੀ ਵਸੇ ਇਹ ਦੇਸ਼ ਰਾਵੀ, ਜਿੱਥੇ ਵਸਦੀਆਂ ਕੁਲ ਕਵਾਰੀਆਂ ਨੇ
ਘੜਾ ਘਿੰਨ ਕੇ ਢਾਕਾਂ ਤੋਂ ਚਾੜਨ , ਉਹ ਤਾਂ ਦੋ ਨੈਣਾਂ ਦੀਆਂ ਮਾਰੀਆਂ ਨੇ।
ਵੰਜ ਵੇਜ਼ ਨੀਗਰਾ ਛੇੜ ਨਾਹੀ, ਮਤਾਂ ਆਵਣ ਅਸਾਡੀਆਂ ਵਾਰੀਆਂ ਨੇ।
ਓੜਕ ਇਸ਼ਕ ਕੁੰਨੋ ਅਲੀ ਹੈਦਰ ਕੀ ਹਾਸਿਲ ਜੇ ਜਿੱਤੀਆਂ ਬਾਜੀਆਂ ਹਾਰੀਆਂ ਨੇ।

ਮੁਲਤਾਨੀ ਨੇ ਕਾਵਿ ਸ਼ੈਲੀ ਵਿੱਚ ਅਰਬੀ ਫਾਰਸੀ ਦੀ ਵਰਤੋ ਕਰਕੇ ਪੰਜਾਬੀ ਕਾਵਿ ਨੂੰ ਹੋਰ ਵੀ ਅਮੀਰੀ ਬਖਸ਼ੀ ਹੈ। ਜਿਸ ਦੇ ਸ਼ਬਦ ਉਸ ਦੀ ਭਾਸ਼ਾ ਨੂੰ ਇੱਕ ਕਿਸਮ ਦੀ ਚਮਕ ਪ੍ਰਦਾਨ ਕਰਦੇ ਹਨ। ਇਸ ਮੁਹਾਰਤ ਨੂੰ ਦਰਸਾਉਂਦਾ ਉਸ ਦਾ ਕਾਵਿ ਹੈ।

ਸਰੀਰਕ ਪਿਆਰ ਅਧਿਆਤਮਕ ਪਿਆਰ ਲਈ ਉਸ ਦਾ ਆਦਰਸ਼ ਸੀ। ਇਹ ਦਰਸਾਉਣ ਲਈ ਉਸ ਦਾ ਕਾਵਿ ਹੈ :
ਸ਼ੀਨ ਸ਼ਕਰੰਜੀ ਯਾਰ ਦੀ ਮੈਨੂੰ ਤਲਬ ਕੀਤਾ ਸਭ ਸ਼ੀਰ ਸ਼ਕਰ,
ਜੰਗ ਸ਼ਕਰ ਦੇ ਸ਼ਕਰ ਵੰਡਾ ਜੇ ਐਂਵੇ ਕਰੇ ਰੱਬ ਸ਼ੀਰ ਸ਼ਕਰ
ਰਾਂਝਣ ਖਰੀ ਤੇ ਹੀਰ ਸ਼ਕਰ ਰੱਬ ਫੇਰ ਕਰੇ ਸ਼ੀਰ ਸ਼ਕਰ
ਹੈਦਰ ਗੁੱਸਾ ਪੀਣੇ ਤਾਂ ਆਖੇ ਪੀਓ ਮਿੱਠਾ ਲਬ ਸ਼ੀਰ ਸ਼ਕਰ।

ਮੇਰੇ ਦੋਸਤ ਦਾ ਗੁੱਸਾ ਮੇਰੇ ਲਈ ਕੋੜਾ ਹੈ। ਇਸ ਨੇ ਸਾਡੀ ਦੋਸਤੀ ਨੂੰ ਕੋੜਾ ਬਣਾ ਦਿੱਤਾ। ਮੈਂ ਗੰਜ ਸ਼ਕਰ ਦੀ ਖੰਡ ਵੰਡਾਂਗਾ। ਬਾਸ਼ਰਤੇ ਰੱਬ ਸ਼ਾਂਤੀ ਬਖਸ਼ੇ। ਰਾਝਾਂ ਚੌਲ ਤੇ ਹੀਰ ਖੰਡ ਹੈ। ਪਰਮਾਤਮਾ ਜਲਦੀ ਇਹਨਾਂ ਦਾ ਮਿਲਾਪ ਕਰਾਵੇ। ਜਿਸ ਚੀਜ਼ ਦੀ ਅਸੀਂ ਖੋਜ ਕਰਦੇ ਹਾਂ ਉਹ ਹਰੇਕ ਬਲ ਤੇ ਮੌਜੂਦ ਹੈ। ਭਾਵ ਪਰਮਾਤਮਾ ਦਾ ਨਾਉਂ। ਉਸਦੀ ਮਿੱਤਰਤਾ ਦਾ ਪਿਆਲਾ ਪੀਓ। ਹੈਦਰ ਜੇ ਉਹ ਆਪਣੇ ਗੁੱਸੇ ਤੇ ਕਾਬੂ ਰੱਖੇ ਤਾਂ ਕਹੇਗਾ ਕਿ ਬੁੱਲਾਂ ਦੀ ਮਿੱਠੀ ਖੰਡ ਨਾਲ ਦੋਸਤੀ ਪੀ।

ਉਸ ਦੀ ਰਚਨਾ ਦੀ ਅਮੀਰੀ ਦਾ ਨਮੂਨਾ ਹੈ ਕਿ
ਸ਼ੀਨ ਸ਼ਰਾਬ ਦੇ ਮਸਤ ਰਹਣ ਕੇਹੇ,
ਲੈਣ ਤੈਂਡੜੇ ਮਤਵਾਲੜੇ ਨੇ।
ਸ਼ਰਥ ਸਫ਼ੈਦ ਸਿਆਹ ਦੁੰਬਾਲੜੇ
ਬਾਝ ਕੱਜਲ ਦੇ ਐਂਵੇ ਕਾਲੜੇ ਨੇ
ਨਾਲ ਨਿਗਾਹ ਦੇ ਮਸਤ ਕਰਨ
ਕੇਹੇ ਚੀਨੀ ਰੰਗ ਪਿਆਲੜੇ ਨੇ
ਹੈਦਰ ਛਿਕ ਛਿਕ ਤੀਰ ਚਲੈਂਦੇ
ਕੇਹੇ ਜਾਲਮ ਮਾਰਨ ਵਾਲੜੇ ਨੇ।

ਮੁਲਤਾਨੀ ਨੇ ਕਿੱਸਾ ਹੀਰ ਰਾਂਝਾ ਪੰਜਾਬੀ ਕਵਿਤਾ ਦਾ ਇਕ ਨਿਵੇਕਲਾ ਰੰਗ ਭਰਿਆ ਹੈ
ਜਾਨ ਬਚਾ ਕੇ ਬਾਹਜੋ ਚਾਕੇ,
ਰਖੇ ਕਿਉਂ ਕਰ ਹੋਈ ਮਾਂ
ਯਹਰਕ ਮਾਸਵਾ ਆਲ ਮਹਬੂਬ
ਰਿਹਿਆ ਗੈਰ ਨਾ ਕੋਈ ਮਾਂ
ਦਿਲ ਵਿੱਚ ਆਖੇਂ ਵੇਖ ਤਮਾਸ਼ੇ ਹੈ ਹੋ ਉਥੇ ਢੋਈ ਮਾਂ
ਮਨ ਹੋ ਮਿਕਨਾਤੀਸ ਹੈਦਰ
ਉਸੇ ਦੀ ਖਿੱਚ ਰਖੀਓ ਈ ਮਾਂ।

ਮੁਲਤਾਨੀ ਨੇ ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਦਾ ਬਾਖੂਬ ਚਿੱਤ੍ਰ ਖਿੱਚਿਆ ਹੈ ਕਿ ਸੰਸਾਰੀ ਚੀਜ਼ਾਂ ਨੂੰ ਇੱਥੇ ਹੀ ਛੱਡ ਜਾਣਾ ਹੈ, ਜਦੋਂ ਸੰਸਾਰ ਤੋਂ ਜਾਣਾ ਹੈ। ਇਹ ਸਭ ਝੂਠਾ ਹੈ ਸੱਚਾ ਇੱਕ ਕਰਤਾਰ ਹੈ ਜਾਂ ਉਸ ਦੇ ਯਾਰ:-

ਕਾਫ਼ ਕੂੜਾ ਘੋੜਾ, ਕੂੜਾ ਜੋੜਾ, ਕੂੜਾ ਸ਼ਾਹ ਅਸਵਾਰ,
ਕੂੜੇ ਬਾਸ਼ੇ, ਕੂੜੇ ਸ਼ਿਕਰ , ਕੂੜੇ ਮੀਰ ਸ਼ਿਕਾਰ,
ਕੂੜੇ ਹਾਥੀਂ, ਕੂੜੇ ਲਸ਼ਕਰ, ਕੂੜੇ ਫ਼ੌਜ ਕਟਾਰ,
ਕੂੜੇ ਸੂਹੇ, ਕੂੜੇ ਸਾਲੂ,ਕੂੜੇ ਸੋਹਣੇ ਯਾਰ
ਕੂੜੇ ਜੋੜੇ ਕੂੜੇ ਬੀੜੇ, ਕੂੜੇ ਹਾਰ ਸ਼ਿੰਗਾਰ,
ਕੂੜੇ ਕੋਠੇ ਕੂੜੇ ਮੰਮਟ, ਕੂੜਾ ਇਹ ਸੰਸਾਰ,
ਹੈਦਰ ਆਖੇ ਸਭ ਕੁਝ ਕੂੜਾ ਸੱਚਾ ਹਿੱਕ ਕਰਤਾਰ
ਦੂਜਾ ਨਬੀ ਮੁਹੰਮਦ ਸੱਚਾ, ਸੱਚੇ ਉਸਦੇ ਯਾਰ।

ਝੂਠਾ ਹੈ ਘੋੜਾ, ਝੂਠੀ ਹੈ ਪੁਸ਼ਾਕ ਅਤੇ ਝੂਠਾ ਹੈ ਰਾਜਾ । ਸਵਾਰ ਝੂਠੇ ਹਨ। ਬਾਜ ਝੂਠੇ ਹਨ ਅਤੇ ਝੂਠੇ ਹਨ ਸ਼ਿਕਾਰ ਦੇ ਆਗੂ। ਝੂਠੇ ਹਾਥੀ, ਝੂਠੀਆਂ ਫ਼ੌਜਾਂ ਅਤੇ ਝੂਠੇ ਹਨ ਤਲਵਾਰ ਵਾਲੇ ਫ਼ੌਜੀ। ਝੂਠੇ ਲਾਲ ਰੰਗੇ ਸਾਲੂ ਅਤੇ ਦੋਸਤ ਝੂਠੇ ਹਨ। ਝੂਠੀਆਂ ਇਹ ਵਰਦੀਆਂ, ਝੂਠੀਆਂ ਕਿਸਤੀਆਂ, ਝੂਠੇ ਪੈਖਾਨੇ, ਝੂਠੇ ਘਰ,ਝੂਠੇ ਸੁੱਖ ਅਤੇ ਝੂਠਾ ਇਹ ਸੰਸਾਰ। ਹੈਦਰ ਕਹਿੰਦਾ ਹੈ ਕਿ ਸਭ ਕੁਝ ਝੂਠ ਹੈ। ਕਰਤਾਰ ਇਕੱਲਾ ਸੱਚਾ ਹੈ। ਦੂਜਾ ਸੱਚਾ ਪੈਗੰਬਰ ਮੁਹੰਮਦ ਅਤੇ ਸੱਚੇ ਉਸ ਦੇ ਦੋਸਤ ਹਨ।

ਹੈਦਰ ਨੇ ਇੱਕ ਰੱਬ ਵਿੱਚ ਵਿਸ਼ਵਾਸ ਚੰਗੀ ਤਰਾਂ ਦਰਸਾਇਆ ਹੈ:
ਆਲਿਫ਼ ਏਥੇ ਉਥੇ ਆਸ ਅਸਾਂ ਤੈਂਡੀ ਤੇ ਆਸਰਾ ਤੈਂਡੜੇ ਜੋਰ ਦਾ ਈ
ਮਹੀ ਸਭ ਹਵਾਲੜੇ ਤੈਂਡੜੇ ਨੇ ਅਸਾਂ ਖੌਫ਼ ਨਾ ਗੁੰਡੜੇ ਚੋਰ ਦਾ ਈ।
ਤੂੰ ਹੀ ਜਾਣ ਸਵਾਲ ਜਵਾਬ ਸਭੇ, ਸਨੂੰ ਹੋਲ ਨਾ ਔਖੜੀ ਗੋਰ ਦਾ ਈ
ਅਲੀ ਹੈਦਰ ਨੂੰ ਸਿੱਕ ਤੈਂਡੜੀ ਏ, ਬੈਠੇ ਬਾਝ ਨਾ ਸਾਇਲ ਹੋਰ ਦਾ ਈ।

ਇਥੇ ਉਥੇ ਸਾਨੂੰ ਆਸ ਤੇਰੀ ਏ,ਤੇਰੇ ਆਸਰੇ ਦਾ ਜੋਰ ਏ, ਸਭ ਕੁਝ ਤੇਰੇ ਹਵਾਲੇ ਹੈ। ਸਾਰੇ ਵੱਗ ਦਾ ਤੂੰ ਹੀ ਚਰਵਾਹਾ ਏ। ਇਸ ਲਈ ਮੈਂ ਕਿਸੇ ਭੈੜੇ ਚੋਰ ਗੁੰਡੇ ਤੋਂ ਨਹੀਂ ਡਰਦਾ। ਤੂੰਹ ਹੀ ਸਾਰੀਆਂ ਅਰਦਾਸਾਂ ਨੂੰ ਜਾਣਦਾ ਏ। ਉਹਨਾਂ ਦੇ ਜਵਾਬ ਵੀ ਜਾਣਦਾ ਏ। ਮੈਨੂੰ ਔਖੀ ਕਬਰ ਦਾ ਕੋਈ ਡਰ ਨਹੀਂ। ਅਲੀ ਹੈਦਰ ਨੂੰ ਤੇਰੀ ਭਾਲ ਹੈ। ਤੇਰੇ ਬਗੈਰ ਮੇਰਾ ਬਚਾਓ ਨਹੀਂ । ਉਹ ਕਿਸੇ ਹੋਰ ਦੀ ਭਾਲ ਨਹੀਂ ਕਰਦਾ।

ਹੋਰ ਵਿਸ਼ਥਾਰ ਵਿੱਚ ਸਪਸ਼ਟ ਕਰਦਾ ਹੈ :
ਲਾਮ ਲੋਕ ਨਸੀਹਤਾਂ ਦੇ ਥੱਕੇ, ਸੋਹਣੇ ਯਾਰ ਤੋਂ ਮੁੱਖ ਨਾ ਮੋੜ ਸਾਂ ਮੈਂ
ਤੌੜੇ ਮੋੜੇ ਫੋੜੇ ਕੱਢ ਛੱਡਣ ਜਾਨੀ ਯਾਰ ਪਿੱਛੇ ਘਰ ਛੋੜਸਾਂ ਮੈਂ
ਮੈਂ ਤਾਂ ਬੇਲੇ ਵੈਸਾਂ ਹਰ ਦਮ ਮਾਹੀ ਵਾਲੇ ਮੱਤ ਦੇਂਦਿਆਂ ਨੂੰ ਖੂਹੇ ਬੋੜਸਾਂ ਮੈਂ
ਅਲੀ ਹੈਦਰ ਨੇ ਅੱਖੀਆਂ ਲਾਈਆਂ, ਕੀਤੇ ਕੋਲ ਨੂੰ ਮੂਲ ਨਾ ਤੋੜਸਾਂ ਮੈਂ।

ਲੋਕ ਮੈਨੂੰ ਚੰਗੀਆਂ ਨਸੀਅਤਾਂ ਦੇ ਕੇ ਥੱਕ ਗਏ, ਪਰ ਮੈਂ ਸੋਹਣੇ ਯਾਰ ਤੋਂ ਮੁੱਖ ਨਾ ਮੋੜਸਾਂ ਮਾਏ। ਮਾਂ ਪਿਓ ਮੈਨੂੰ ਘਰੋਂ ਬਾਹਰਰ ਕੱਢ ਦੇਣ। ਪਿਆਰੇ ਲਈ ਮੈਂ ਘਰ ਛੱਡ ਦਿਆਂ। ਮੈਂ ਆਪਣੇ ਪ੍ਰੀਤਮ ਦੇ ਜੰਗਲ ਵਿੱਚ ਰਹਾਂ। ਜੋ ਮੈਨੂੰ ਚੰਗੀ ਨਸੀਅਤ ਦਿੰਦੇ, ਉਹਨਾਂ ਨੂੰ ਮੈਂ ਖੂਹ ਵਿੱਚ ਸੁੱਟ ਦੇਵਾਂ। ਅਲੀ ਹੈਦਰ ਸਾਡੀਆਂ ਅੱਖਾਂ ਮਿਲੀਆਂ ਹਨ ਅਤੇ ਮੈਂ ਕਦੇ ਵੀ ਆਪਣੇ ਸ਼ਬਦ ਨਾ ਤੋੜਾਂ।

ਸੂਫ਼ੀ ਸ਼ਾਇਰੀ ਦਾ ਅੱਜ ਵੀ ਡੂੰਘਾ ਪ੍ਰਭਾਵ ਹੈ। ਸੂਫ਼ੀ ਸ਼ਾਇਰੀ ਸਿਰਫ਼ ਸਾਹਿਤ ਵਿੱਚ ਹੀ ਨਹੀਂ ਸਗੋਂ ਪੰਜਾਬੀਆਂ ਦੇ ਅਵਚੇਤਨ ਦੀਆਂ ਡੂੰਘਾਣਾ ਤੱਕ ਘੁਲੀ ਮਿਲੀ ਹੈ। ਇਹ ਸਮੂਹ ਪੰਜਾਬੀਆਂ ਨੂੰ ਇੱਕਠਾ ਰੱਖਣ ਵਿੱਚ ਵੀ ਸਹਾਈ ਹੋਈ ਹੈ। ਇਹ ਇੱਕ ਧਰਮ ਨਿਰਪੱਖ ਸ਼ਾਇਰੀ ਹੈ। ਸੂਫ਼ੀ ਕਵਿਤਾ ਦੇ ਪਹੁੰਚਯੋਗ ਅਤੇ ਭਾਵਨਾਤਮਕ ਮਾਧਿਅਮ ਰਾਹੀਂ ਗੁੰਝਲਦਾਰ ਅਧਿਆਤਮਕ ਵਿਚਾਰਾਂ ਨੂੰ ਪ੍ਰਗਟ ਕਰਦੀ ਹੈ। ਪੁਰਾਤਨ ਸੂਫ਼ੀ ਜੋ ਕੁਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ਼ ਕਰਦੇ ਹਨ। ਉਹ ਹਜ਼ਰਤ ਮੁਹੰਮਦ ਸਾਹਿਬ ਨੂੰ ਮਸੀਹਾ ਮੰਨਦੇ ਹਨ। ਉਹ ਦੂਸਰੇ ਧਰਮਾਂ ਨਾਲ ਸ਼ਹਿਨਸ਼ੀਲ ਹੁੰਦੇ ਹੋਏ ਵੀ ਇਸਲਾਮ ਨੂੰ ਸੱਚਾ ਧਰਮ ਸਵੀਕਾਰ ਕਰਦੇ ਹਨ। ਅਲੀ ਹੈਦਰ ਮੁਲਤਾਨੀ ਇਸੇ ਸ੍ਰੇਣੀ ਦੇ ਕਵੀ ਹਨ। ਉਹ ਪ੍ਰਮੁੱਖ ਸੂਫ਼ੀ ਕਵੀਆਂ ਵਿਚੋਂ ਮੰਨੇ ਜਾਂਦੇ ਹਨ। ਜਿੰਨ੍ਹਾਂ ਦੀ ਰਚਨਾ ਨੂੰ ਇੱਕ ਪ੍ਰਮੁੱਖਤਾ ਦਿੱਤੀ ਜਾਂਦੀ ਹੈ।

ਮੁਲਤਾਨੀ ਅਠਾਰਵੀਂ ਸਦੀ ਦਾ ਪ੍ਰੌੜ ਪੰਜਾਬੀ ਸੂਫ਼ੀ ਕਵੀ ਹੈ। ਉਸ ਦੀ ਕਵਿਤਾ ਮੁੱਖ ਤੌਰ 'ਤੇ ਪੰਜਾਬੀ ਖੇਤਰੀ, ਫਾਰਸੀ ਅਤੇ ਮੁਲਤਾਨੀ ਦੇ ਪ੍ਰਭਾਵਾਂ ਨੂੰ ਦਰਸਾਉਂਦੀ ਹੈ। ਉਸ ਨੇ ਲਹਿੰਦੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਸਥਾਨਕ ਭਾਸ਼ਾ ਅਤੇ ਟਕਸਾਲੀ ਰੂਪਾਂ ਦੇ ਇੱਕ ਵਿਲੱਖਣ ਸੁਮੇਲ ਨੂੰ ਦਰਸਾਉਂਦੀ ਹੈ। ਇਹ ਸੁਮੇਲ ਮੁਗਲ ਕਾਲ ਅਤੇ ਉਸ ਤੋਂ ਬਾਅਦ ਖੇਤਰੀ ਸ਼ਕਤੀਆਂ ਦੇ ਉਭਾਰ ਦੌਰਾਨ ਪੰਜਾਬ ਵਿੱਚ ਗਤੀਸ਼ੀਲ ਸੱਭਿਆਚਾਰਕ ਆਦਾਨ ਪ੍ਰਦਾਨ ਨੂੰ ਅੰਕਿਤ ਕਰਦਾ ਹੈ।

(ਬਾਕੀ ਸਫ਼ਾ 26 'ਤੇ)




# ਚੰਗੀ ਸਿਹਤ ਲਈ ਚੰਗੀ ਨੀਂਦ ਜ਼ਰੂਰੀ

ਅਸੀਂ ਅਕਸਰ ਸੁਣਦੇ ਹਾਂ ਕਿ ਇੱਕ ਬਾਲਗ ਨੂੰ ਰੋਜ਼ਾਨਾ 7-8 ਘੰਟੇ ਦੀ ਨੀਂਦ ਦੀ ਲੋੜ ਹੁੰਦੀ ਹੈ। ਪਰ ਕੀ ਸਿਰਫ਼ ਲੋੜੀਂਦੇ ਘੰਟਿਆਂ ਦੀ ਗਿਣਤੀ ਪ੍ਰਾਪਤ ਕਰਨਾ ਹੀ ਕਾਫ਼ੀ ਹੈ? ਜਵਾਬ ਨਹੀਂ ਹੈ। ਨੀਂਦ ਦੀ ਗੁਣਵੱਤਾ ਅਤੇ ਇਕਸਾਰ ਨੀਂਦ ਦਾ ਸਮਾਂ ਇਸਦੀ ਮਿਆਦ ਜਿੰਨਾ ਮਹੱਤਵਪੂਰਨ ਹੈ।



ਇਸ ਲਈ ਜੇਕਰ ਤੁਸੀਂ ਹਰ ਰੋਜ਼ ਵੱਖ-ਵੱਖ ਸਮੇਂ 'ਤੇ ਸੌਂਦੇ ਹੋ ਅਤੇ ਜਾਗਦੇ ਹੋ, ਭਾਵੇਂ ਤੁਹਾਨੂੰ ਅੱਠ ਘੰਟੇ ਦੀ ਨੀਂਦ ਮਿਲਦੀ ਹੈ, ਤਾਂ ਵੀ ਇਹ ਆਦਤ ਤੁਹਾਡੀ ਸਿਹਤ 'ਤੇ ਡੂੰਘਾ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ। ਆਓ ਜਾਣਦੇ ਹਾਂ ਕਿ ਇੱਕ ਨਿਸ਼ਚਿਤ ਸੌਣ ਦਾ ਸਮਾਂ ਨਿਰਧਾਰਤ ਕਰਨਾ ਕਿਉਂ ਮਹੱਤਵਪੂਰਨ ਹੈ।

ਸਾਡੇ ਸਰੀਰ ਵਿੱਚ ਇੱਕ ਕੁਦਰਤੀ ਘੜੀ ਹੈ ਜਿਸਨੂੰ ਸਰਕੇਡੀਅਨ ਰਿਦਮ ਕਿਹਾ ਜਾਂਦਾ ਹੈ। ਇਹ ਘੜੀ 24 ਘੰਟਿਆਂ ਦੇ ਚੱਕਰ 'ਤੇ ਕੰਮ ਕਰਦੀ ਹੈ ਤੇ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦੇ ਨਾਲ ਆਪਣੇ ਆਪ ਨੂੰ ਤਾਲਮੇਲ ਬਣਾਉਂਦੀ ਹੈ। ਇਹ ਘੜੀ ਸਾਡੀ ਨੀਂਦ ਅਤੇ ਜਾਗਣ ਦੇ ਸਮੇਂ, ਸਰੀਰ ਦਾ ਤਾਪਮਾਨ, ਹਾਰਮੋਨਸ ਅਤੇ ਪਾਚਨ ਨੂੰ ਨਿਯੰਤਰਿਤ ਕਰਦੀ ਹੈ। ਜਦੋਂ ਤੁਸੀਂ ਹਰ ਰੋਜ਼ ਇੱਕ ਨਿਸ਼ਚਿਤ ਸਮੇਂ 'ਤੇ ਸੌਂਦੇ ਹੋ ਤਾਂ ਇਹ ਘੜੀ ਸਥਿਰ ਰਹਿੰਦੀ ਹੈ ਅਤੇ ਸਰੀਰ ਦੇ ਸਾਰੇ ਸਿਸਟਮ ਸੁਚਾਰੂ ਢੰਗ ਨਾਲ ਕੰਮ ਕਰਦੇ ਹਨ।

ਜਦੋਂ ਤੁਹਾਡਾ ਸੋਣ ਦਾ ਸਮਾਂ ਨਿਰਧਾਰਿਤ ਨਹੀਂ ਹੁੰਦਾ, ਤਾਂ ਇਹ ਸਰੀਰ ਦੀ ਕੁਦਰਤੀ ਘੜੀ ਨੂੰ ਗੜਬੜ ਕਰ ਦਿੰਦਾ ਹੈ, ਜਿਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ। ਭਾਵੇਂ ਤੁਸੀਂ ਅੱਠ ਘੰਟੇ ਸੌਂਦੇ ਹੋਵੋ ਪਰ ਦਿਨ ਦੇ ਸਮੇਂ ਜਾਂ ਅਨਿਯਮਿਤ ਸਮੇਂ 'ਤੇ ਸੌਣ ਨਾਲ ਗਹਿਰੇ ਨੀਂਦ ਅਤੇ ਆਰਈਐਮ ਸਲੀਪ ਸਾਈਕਲ ਪ੍ਰਭਾਵਿਤ ਹੁੰਦੇ ਹਨ। ਇਹ ਉਹ ਪੜਾਅ ਹਨ ਜਿੱਥੇ ਸਰੀਰ ਦੀ ਮਰੰਮਤ, ਯਾਦਾਂ ਦਾ ਸਟੋਰ ਅਤੇ ਮਾਨਸਿਕ ਛੁੱਟੀ ਹੁੰਦਾ ਹੈ। ਇਸ ਦੀ ਕਮੀ ਦਾ ਮਤਲਬ ਹੈ ਕਿ ਨੀਂਦ ਪੂਰੀ ਹੋਣ ਦੇ ਬਾਵਜੂਦ ਤੁਸੀਂ ਤਾਜ਼ਗੀ ਮਹਿਸੂਸ ਨਹੀਂ ਕਰਦੇ।

ਜਦੋਂ ਸਰਕੇਡੀਅਨ ਤਾਲ ਵਿੱਚ ਵਿਘਨ ਪੈਂਦਾ ਹੈ, ਤਾਂ ਹਾਰਮੋਨ ਮੇਲਾਟੋਨਿਨ ਸਹੀ ਢੰਗ ਨਾਲ ਪੈਦਾ ਨਹੀਂ ਹੁੰਦਾ। ਕੋਰਟੀਸੋਲ ਅਤੇ ਇਨਸੁਲਿਨ ਵੀ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ। ਇਹ ਤਣਾਅ ਨੂੰ ਵਧਾਉਂਦਾ ਹੈ ਅਤੇ ਮੈਟਾਬੋਲਿਜ਼ਮ ਨੂੰ ਹੌਲੀ ਕਰ ਸਕਦਾ ਹੈ।

ਅਨਿਯਮਿਤ ਨੀਂਦ ਦੇ ਪੈਟਰਨ ਭੁੱਖ ਨੂੰ ਨਿਯਮਤ ਕਰਨ ਵਾਲੇ ਹਾਰਮੋਨਜ਼ ਘਰੇਲਿਨ ਤੇ ਲੇਪਟਿਨ ਦੇ ਸੰਤੁਲਨ ਨੂੰ ਵਿਗਾੜਦੇ ਹਨ। ਇਸ ਨਾਲ ਵਾਰ-ਵਾਰ ਭੁੱਖ ਲੱਗਦੀ ਹੈ, ਖਾਸ ਕਰਕੇ ਮਿਠਾਈਆਂ ਅਤੇ ਉੱਚ-ਕੈਲੋਰੀ ਵਾਲੇ ਭੋਜਨ ਦੀ ਲਾਲਸਾ। ਲੰਬੇ ਸਮੇਂ ਵਿੱਚ, ਇਹ ਆਦਤ ਭਾਰ ਵਧਣ ਅਤੇ ਟਾਈਪ 2 ਸ਼ੂਗਰ ਦੇ ਜੋਖਮ ਨੂੰ ਵਧਾ ਸਕਦੀ ਹੈ।



ਸਰਕੇਡੀਅਨ ਤਾਲਾਂ ਵਿੱਚ ਲਗਾਤਾਰ ਰੁਕਾਵਟਾਂ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਧੜਕਣ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਜਿਸ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ ਵੱਧ ਜਾਂਦਾ ਹੈ। ਅਨਿਯਮਿਤ ਨੀਂਦ ਦੇ ਪੈਟਰਨ ਮੂਡ ਸਵਿੰਗ, ਚਿੜਚਿੜਾਪਨ, ਉਦਾਸੀ ਅਤੇ ਚਿੰਤਾ ਦਾ ਕਾਰਨ ਬਣ ਸਕਦੇ ਹਨ। ਇਸ ਤੋਂ ਇਲਾਵਾ, ਇਕਾਗਰਤਾ, ਯਾਦਦਾਸ਼ਤ ਅਤੇ ਫੈਸਲਾ ਲੈਣ ਦੀ ਸਮਰੱਥਾ ਵੀ ਪ੍ਰਭਾਵਿਤ ਹੁੰਦੀ ਹੈ।

ਨੀਂਦ ਸਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਅਨਿਯਮਿਤ ਨੀਂਦ ਸਰੀਰ ਦੀ ਬਿਮਾਰੀ ਨਾਲ ਲੜਨ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੰਦੀ ਹੈ, ਜਿਸ ਨਾਲ ਤੁਸੀਂ ਵਾਰ-ਵਾਰ ਇਨਫੈਕਸ਼ਨਾਂ ਲਈ ਵਧੇਰੇ ਸੰਵੇਦਨਸ਼ੀਲ ਹੋ ਜਾਂਦੇ ਹੋ।

# ਸਿਹਤਮੰਦ ਜੀਵਨ ਦਾ ਆਧਾਰ ਹੁੰਦੈ ਬਚਪਨ

ਚੰਗੇ ਅਤੇ ਸਿਹਤਮੰਦ ਸਮਾਜ ਲਈ ਬੱਚਿਆਂ ਦੀ ਸਿਹਤ ਪ੍ਰਤੀ ਗੰਭੀਰ ਹੋਣਾ ਬਹੁਤ ਜ਼ਰੂਰੀ ਹੈ। ਮਾਹਿਰਾਂ ਅਨੁਸਾਰ ਜੇਕਰ ਬੱਚਿਆਂ ਦੇ ਪੋਸ਼ਣ, ਜੀਵਨ ਸ਼ੈਲੀ ਅਤੇ ਆਦਤਾਂ ਵੱਲ ਧਿਆਨ ਦੇ ਕੇ ਉਨ੍ਹਾਂ ਦੀ ਸਿਹਤ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਭਵਿੱਖ ਵਿੱਚ ਉਨ੍ਹਾਂ ਨੂੰ ਕਈ ਸਿਹਤ ਸਮੱਸਿਆਵਾਂ ਤੋਂ ਬਚਾਇਆ ਜਾ ਸਕਦਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਅੱਜ ਕੱਲ੍ਹ ਬੱਚਿਆਂ ਵਿੱਚ ਅਜਿਹੀਆਂ ਕਈ ਸਿਹਤ ਸਮੱਸਿਆਵਾਂ ਪਾਈਆਂ ਜਾ ਰਹੀਆਂ ਹਨ, ਜਿਨ੍ਹਾਂ ਲਈ ਜੀਵਨ ਸ਼ੈਲੀ ਅਤੇ ਬੁਰੀਆਂ ਆਦਤਾਂ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਕੁਝ ਆਦਤਾਂ ਲੰਬੇ ਸਮੇਂ ਲਈ ਸਿਹਤ ਲਈ ਖ਼ਤਰੇ ਵਿੱਚ ਪੈ ਸਕਦੀਆਂ ਹਨ, ਇਸ ਲਈ ਮਾਪਿਆਂ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਬਚਪਨ ਸਿਹਤਮੰਦ ਜੀਵਨ ਦਾ ਆਧਾਰ ਹੁੰਦਾ ਹੈ, ਅਜਿਹੇ 'ਚ ਬੱਚਿਆਂ ਦੀਆਂ ਆਦਤਾਂ 'ਤੇ ਨਜ਼ਰ ਰੱਖਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਬਾਲ ਰੋਗ ਮਾਹਿਰਾਂ ਦਾ ਕਹਿਣਾ ਹੈ ਕਿ ਬੱਚਿਆਂ ਦੀ ਖ਼ੁਰਾਕ ਅਤੇ ਜੀਵਨ ਸ਼ੈਲੀ ਨੂੰ ਬਣਾਈ ਰੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ।

ਸਿਹਤ ਮਾਹਿਰ ਬੱਚਿਆਂ ਵਿੱਚ ਜੰਕ ਫੂਡ ਦੇ ਸੇਵਨ ਦੀ ਵਧਦੀ ਆਦਤ ਨੂੰ ਸਿਹਤ ਲਈ ਬਹੁਤ ਹਾਨੀਕਾਰਕ ਮੰਨਦੇ ਹਨ। ਖੋਜ ਦਰਸਾਉਂਦੀ ਹੈ ਕਿ ਨਿਯਮਤ ਜੰਕ ਫੂਡ ਦਾ ਸੇਵਨ ਲੰਬੇ ਸਮੇਂ ਲਈ ਸਿਹਤ ਸਮੱਸਿਆਵਾਂ ਜਿਵੇਂ ਕਿ ਮੋਟਾਪਾ, ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੇ ਜੋਖਮ ਨੂੰ ਕਾਫ਼ੀ ਵਧਾਉਂਦਾਹੈ। ਇਹ ਸਥਿਤੀਆਂ ਕਈ ਪੁਰਾਣੀਆਂ ਬਿਮਾਰੀਆਂ ਦਾ ਗੰਭੀਰ ਖ਼ਤਰਾ ਵੀ ਰੱਖਦੀਆਂ ਹਨ। ਜੰਕ ਫੂਡ ਦਾ ਜ਼ਿਆਦਾ ਸੇਵਨ ਕਰਨ ਨਾਲ ਕੈਲੋਰੀ ਦੀ ਮਾਤਰਾ ਵੱਧ ਜਾਂਦੀ ਹੈ, ਜਿਸ ਨਾਲ ਸਿਹਤ ਨੂੰ ਕਈ ਤਰ੍ਹਾਂ ਦੇ ਨੁਕਸਾਨ ਦਾ ਖਤਰਾ ਰਹਿੰਦਾ ਹੈ।



ਕੋਰੋਨਾ ਦੇ ਇਸ ਦੌਰ ਵਿੱਚ ਬੱਚਿਆਂ ਦੀ ਪੜ੍ਹਾਈ ਔਨਲਾਈਨ ਮੋਡ 'ਤੇ ਜ਼ਿਆਦਾ ਨਿਰਭਰ ਹੋ ਗਈ ਹੈ, ਜਿਸ ਕਾਰਨ ਬੱਚਿਆਂ ਵਿੱਚ ਮੋਬਾਈਲ ਫੋਨ ਦੀ ਵਰਤੋਂ ਕੁਦਰਤੀ ਤੌਰ 'ਤੇ ਕਾਫ਼ੀ ਵਧ ਗਈ ਹੈ। ਹਾਲਾਂ ਕਿ, ਸਿਹਤ ਮਾਹਰ ਇਸ ਨੂੰ ਬਹੁਤ ਗੰਭੀਰ ਸਿਹਤ ਜੋਖਮਾਂ ਵਿੱਚ ਇੱਕ ਕਾਰਕ ਮੰਨਦੇ ਹਨ। ਅਧਿਐਨ ਦਰਸਾਉਂਦੇ ਹਨ ਕਿ ਬੱਚਿਆਂ ਦੁਆਰਾ ਮੋਬਾਈਲ ਫੋਨ ਜਾਂ ਕਿਸੇ ਵੀ ਸਕ੍ਰੀਨ 'ਤੇ ਜ਼ਿਆਦਾ ਸਮਾਂ ਬਿਤਾਉਣਾ ਉਨ੍ਹਾਂ ਲਈ ਸਰੀਰਕ ਅਤੇ ਮਾਨਸਿਕ ਤੌਰ 'ਤੇ ਨੁਕਸਾਨਦੇਹ ਹੋ ਸਕਦਾ ਹੈ। ਖਾਸ ਤੌਰ 'ਤੇ ਇਸ ਕਾਰਨ ਬੱਚਿਆਂ ਦੇ ਆਈਕਿਊ ਪੱਧਰ ਅਤੇ ਮਾਨਸਿਕ ਵਿਕਾਸ 'ਚ ਕਮੀ, ਨੀਂਦ ਦੀ ਕਮੀ, ਬ੍ਰੇਨ ਟਿਊਮਰ ਅਤੇ ਮਾਨਸਿਕ ਰੋਗਾਂ ਦਾ ਖਤਰਾ ਵਧਿਆ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਦੇਰ ਨਾਲ ਸੌਣ ਜਾਂ ਪੂਰੀ ਨੀਂਦ ਨਾ ਆਉਣ ਵਰਗੀਆਂ ਸਮੱਸਿਆਵਾਂ ਕਈ ਬੱਚਿਆਂ ਵਿੱਚ ਦੇਖਣ ਨੂੰ ਮਿਲ ਰਹੀਆਂ ਹਨ। ਰਾਤ ਨੂੰ ਪੂਰੀ ਨੀਂਦ ਨਾ ਲੈਣ ਦੀ ਆਦਤ ਬੱਚਿਆਂ ਦੀ ਸਿਹਤ 'ਤੇ ਮਾੜਾ ਅਸਰ ਪਾ ਸਕਦੀ ਹੈ। ਇਸ ਕਾਰਨ ਬੱਚਿਆਂ ਵਿੱਚ ਗੁੱਸਾ ਅਤੇ ਹਾਈਪਰਐਕਟੀਵਿਟੀ ਕਾਫ਼ੀ ਵੱਧ ਰਹੀ ਹੈ। ਨੀਂਦ ਦੀ ਕਮੀ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ 'ਤੇ ਕਈ ਤਰੀਕਿਆਂ ਨਾਲ ਮਾੜਾ ਪ੍ਰਭਾਵ ਪਾ ਸਕਦੀ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਕੋਲਡ ਡਰਿੰਕ ਅਤੇ ਚਾਕਲੇਟ ਵਰਗੀਆਂ ਚੀਜ਼ਾਂ ਤੋਂ ਦੂਰ ਰੱਖਣਾ ਚਾਹੀਦਾ ਹੈ, ਇਨ੍ਹਾਂ ਦਾ ਜ਼ਿਆਦਾ ਜਾਂ ਲਗਾਤਾਰ ਸੇਵਨ ਕਰਨ ਦੀ ਆਦਤ ਲੰਬੇ ਸਮੇਂ ਤੱਕ ਦੰਦਾਂ ਸਮੇਤ ਸਿਹਤ ਨੂੰ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾ ਸਕਦੀ ਹੈ। ਸੋਡਾ ਜਾਂ ਮਿੱਠੇ ਪੀਣ ਵਾਲੇ ਪਦਾਰਥ ਅਤੇ ਚਾਕਲੇਟ ਦੰਦਾਂ ਦੇ ਸੜਨ ਨੂੰ ਵਧਾਉਂਦੇ ਹਨ। ਇਸ ਤੋਂ ਇਲਾਵਾ ਇਨ੍ਹਾਂ 'ਚ ਜ਼ਿਆਦਾ ਮਾਤਰਾ 'ਚ ਖੰਡ ਪਾਈ ਜਾਂਦੀ ਹੈ, ਜਿਸ ਦਾ ਲਗਾਤਾਰ ਸੇਵਨ ਡਾਇਬਟੀਜ਼ ਦਾ ਖਤਰਾ ਵਧਾ ਸਕਦਾ ਹੈ।




# ਡਾਕਟਰ ਦੀ ਸਲਾਹ ਤੋਂ ਬਿਨਾਂ ਨਾ ਖਾਓ ਵਿਟਾਮਿਨ ਡੀ ਸਪਲੀਮੈਂਟਸ

ਵਿਟਾਮਿਨ ਡੀ ਦੀ ਕਮੀ ਕਈ ਸਮੱਸਿਆਵਾਂ ਪੈਦਾ ਕਰ ਸਕਦੀ ਹੈ ਜਿਵੇਂ ਕਿ ਹੱਡੀਆਂ ਦਾ ਕਮਜ਼ੋਰ ਹੋਣਾ, ਕਮਜ਼ੋਰ ਇਮਿਊਨਿਟੀ, ਮੂਡ ਸਵਿੰਗ ਆਦਿ। ਪਰ ਫਿਰ ਵੀ, ਇਸਦੀ ਕਮੀ ਜ਼ਿਆਦਾਤਰ ਲੋਕਾਂ ਵਿੱਚ ਪਾਈ ਜਾਂਦੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਵਿਟਾਮਿਨ ਡੀ ਨਾਲ ਜੁੜੀਆਂ ਕੁਝ ਮਹੱਤਵਪੂਰਨ ਗੱਲਾਂ ਨੂੰ ਨਾ ਜਾਣਨਾ ਹੈ।

ਹਾਂ, ਲੋਕ ਵਿਟਾਮਿਨ ਡੀ ਦੀ ਕਮੀ ਦਾ ਸ਼ਿਕਾਰ ਹੋ ਜਾਂਦੇ ਹਨ ਕਿਉਂਕਿ ਬਹੁਤ ਸਾਰੀਆਂ ਮਹੱਤਵਪੂਰਨ ਗੱਲਾਂ ਜਿਵੇਂ ਕਿ ਵਿਟਾਮਿਨ ਡੀ ਦੀ ਕਿੰਨੀ ਮਾਤਰਾ ਹੋਣੀ ਚਾਹੀਦੀ ਹੈ, ਕਿਸਨੂੰ ਸਪਲੀਮੈਂਟ ਦੀ ਲੋੜ ਹੈ, ਇਸਦਾ ਸਭ ਤੋਂ ਵਧੀਆ ਸਰੋਤ ਕੀ ਹੈ। ਆਓ ਜਾਣਦੇ ਹਾਂ ਵਿਟਾਮਿਨ ਡੀ ਨਾਲ ਜੁੜੀਆਂ 3 ਅਜਿਹੀਆਂ ਮਹੱਤਵਪੂਰਨ ਗੱਲਾਂ।

**ਰੋਜ਼ਾਨਾ 20-30 ਮਿੰਟ ਧੁੱਪ ਲਓ**

ਸੂਰਜ ਦੀ ਰੌਸ਼ਨੀ ਵਿਟਾਮਿਨ ਡੀ ਦਾ ਸਭ ਤੋਂ ਕੁਦਰਤੀ, ਸਸਤਾ ਅਤੇ ਪ੍ਰਭਾਵਸ਼ਾਲੀ ਸਰੋਤ ਹੈ। ਜਦੋਂ ਸਾਡੀ ਚਮੜੀ ਸੂਰਜ ਦੀਆਂ ਯੂਵੀ-ਬੀ ਕਿਰਨਾਂ ਦੇ ਸੰਪਰਕ ਵਿੱਚ ਆਉਂਦੀ ਹੈ, ਤਾਂ ਸਰੀਰ ਆਪਣੇ ਆਪ ਵਿਟਾਮਿਨ ਡੀ ਪੈਦਾ ਕਰਨਾ ਸ਼ੁਰੂ ਕਰ ਦਿੰਦਾ ਹੈ। ਲੋਕ ਅਕਸਰ ਸੋਚਦੇ ਹਨ ਕਿ ਸੂਰਜ ਵਿੱਚ ਘੰਟੇ ਬਿਤਾਉਣਾ ਜ਼ਰੂਰੀ ਹੈ, ਪਰ ਇਹ ਸੱਚ ਨਹੀਂ ਹੈ। ਦਿਨ ਵਿੱਚ ਸਿਰਫ਼ 20-30 ਮਿੰਟ ਧੁੱਪ ਕਾਫ਼ੀ ਹੈ।

ਇਸਦੇ ਲਈ ਸਭ ਤੋਂ ਵਧੀਆ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਦੇ ਵਿਚਕਾਰ ਹੈ। ਧਿਆਨ ਵਿੱਚ ਰੱਖੋ ਕਿ ਤੁਹਾਡੇ ਹੱਥਾਂ ਅਤੇ ਪੈਰਾਂ ਦੀ ਚਮੜੀ ਦਾ ਕੁਝ ਹਿੱਸਾ ਸਾਹਮਣੇ ਆਉਣਾ ਚਾਹੀਦਾ ਹੈ, ਅਤੇ ਸਨਸਕ੍ਰੀਨ ਤੋਂ ਬਿਨਾਂ ਸੂਰਜ ਦਾ ਸੰਪਰਕ ਲਾਭਦਾਇਕ ਹੈ। ਜੇਕਰ ਤੁਸੀਂ ਘਰੋਂ ਨਿਕਲਦੇ ਹੀ ਦਫ਼ਤਰ ਵਿੱਚ ਲੰਬੇ ਸਮੇਂ ਬਿਤਾਉਂਦੇ ਹੋ ਜਾਂ ਆਪਣੀ ਕਾਰ ਵਿੱਚ ਬੈਠਦੇ ਹੋ ਤਾਂ ਦੁਪਹਿਰ ਦੇ ਖਾਣੇ ਤੋਂ ਬਾਅਦ ਥੋੜ੍ਹੀ ਜਿਹੀ ਸੈਰ ਕਰਨ ਦੀ ਕੋਸ਼ਿਸ਼ ਕਰੋ।

**ਹਰ ਕਿਸੇ ਨੂੰ ਵਿਟਾਮਿਨ ਡੀ ਸਪਲੀਮੈਂਟਸ ਦੀ ਲੋੜ ਨਹੀਂ**

ਇਨ੍ਹੀਂ ਦਿਨੀਂ ਵਿਟਾਮਿਨ ਡੀ ਸਪਲੀਮੈਂਟਸ ਤੇਜ਼ੀ ਨਾਲ ਪ੍ਰਸਿੱਧ ਹੋ ਰਹੇ ਹਨ। ਹਾਲਾਂਕਿ, ਇਹ ਜਾਣਨਾ ਮਹੱਤਵਪੂਰਨ ਹੈ ਕਿ ਹਰ ਕਿਸੇ ਨੂੰ ਇਹਨਾਂ ਦੀ ਲੋੜ ਨਹੀਂ ਹੈ। ਸਪਲੀਮੈਂਟਸ ਸਿਰਫ਼ ਡਾਕਟਰ ਦੀ ਸਲਾਹ 'ਤੇ ਹੀ ਲੈਣੇ ਚਾਹੀਦੇ ਹਨ ਜੇਕਰ ਖ਼ੂਨ ਦੀਆਂ ਜਾਂਚਾਂ ਵਿੱਚ ਵਿਟਾਮਿਨ ਡੀ ਦੇ ਪੱਧਰ ਆਮ ਨਾਲੋਂ ਕਾਫ਼ੀ ਘੱਟ ਦਿਖਾਈ ਦਿੰਦੇ ਹਨ।

ਬੇਲੋੜੇ ਸਪਲੀਮੈਂਟ ਸਰੀਰ ਵਿੱਚ ਵਾਧੂ ਵਿਟਾਮਿਨ ਡੀ ਦਾ ਕਾਰਨ ਬਣ ਸਕਦੇ ਹਨ, ਜਿਸ ਨਾਲ ਗੁਰਦੇ ਦੀ ਪੱਥਰੀ, ਮਤਲੀ, ਉਲਟੀਆਂ ਅਤੇ ਕਮਜ਼ੋਰੀ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ, ਇੱਕ ਸਿਹਤਮੰਦ ਵਿਅਕਤੀ ਲਈ, ਸੂਰਜ ਦੀ ਰੌਸ਼ਨੀ ਅਤੇ ਇੱਕ ਸਿਹਤਮੰਦ ਖ਼ੁਰਾਕ ਪੂਰਕ ਕਰਨ ਦੇ ਸਭ ਤੋਂ ਵਧੀਆ ਤਰੀਕੇ ਹਨ।

**ਚਰਬੀ ਵਾਲੀ ਮੱਛੀ ਸਭ ਤੋਂ ਵਧੀਆ ਸਰੋਤ**

ਜੇਕਰ ਤੁਸੀਂ ਸੂਰਜ ਦੀ ਰੌਸ਼ਨੀ ਤੋਂ ਕਾਫ਼ੀ ਵਿਟਾਮਿਨ ਡੀ ਪ੍ਰਾਪਤ ਕਰਨ ਵਿੱਚ ਅਸਮਰੱਥ ਹੋ, ਤਾਂ ਖ਼ੁਰਾਕ ਇੱਕ ਹੋਰ ਮਹੱਤਵਪੂਰਨ ਸਰੋਤ ਹੈ। ਚਰਬੀ ਵਾਲੀ ਮੱਛੀ ਨੂੰ ਵਿਟਾਮਿਨ ਡੀ ਦਾ ਸਭ ਤੋਂ ਵਧੀਆ ਸਰੋਤ ਮੰਨਿਆ ਜਾਂਦਾ ਹੈ। ਸੈਲਮਨ, ਮੈਕਰੇਲ ਅਤੇ ਟੂਨਾ ਵਰਗੀਆਂ ਮੱਛੀਆਂ ਵਿਟਾਮਿਨ ਡੀ ਨਾਲ ਭਰਪੂਰ ਹੁੰਦੀਆਂ ਹਨ। ਸ਼ਾਕਾਹਾਰੀਆਂ ਲਈ ਆਂਡੇ ਦੀ ਜ਼ਰਦੀ, ਫੋਰਟਿਫਾਈਡ ਦੁੱਧ, ਦਹੀਂ, ਸੰਤਰੇ ਦਾ ਜੂਸ ਅਤੇ ਮਸ਼ਰੂਮ ਚੰਗੇ ਆਪਸ਼ਨ ਹਨ। ਹਾਲਾਂਕਿ, ਧਿਆਨ ਵਿੱਚ ਰੱਖੋ ਕਿ ਸਿਰਫ਼ ਖ਼ੁਰਾਕ ਦੁਆਰਾ ਰੋਜ਼ਾਨਾ ਵਿਟਾਮਿਨ ਡੀ ਦੀ ਲੋੜ ਨੂੰ ਪੂਰਾ ਕਰਨਾ ਮੁਸ਼ਕਲ ਹੈ।

# ਸੂਹੇ ਵੇ ਚੀਰੇ ਵਾਲਿਆ...



ਸਾਡੇ ਸੱਭਿਆਚਾਰ ਵਿੱਚ ਇੱਕ ਕਹਾਵਤ ਮਸ਼ਹੂਰ ਸੀ ਕਿ 'ਬੰਦਾ ਆਪਣੀ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਤੋਂ ਪਛਾਣਿਆ ਜਾਂਦਾ ਹੈ।' ਅਜੋਕੇ ਸਮੇਂ ਵਿੱਚ ਇਹ ਲਾਗੂ ਹੁੰਦੀ ਨਹੀਂ ਦਿਸ ਰਹੀ। ਰਫ਼ਤਾਰ ਯਾਨੀ ਚਾਲ ਨਜ਼ਰ ਹੀ ਨਹੀਂ ਆ ਰਹੀ। ਕੁਝ ਤਾਂ ਪੈਰੀਂ ਤੁਰਨਾ ਵੈਸੇ ਹੀ ਘਟ ਗਿਆ ਹੈ, ਘਰੋਂ ਗੱਡੀ 'ਤੇ ਨਿਕਲੋ ਅਤੇ ਮੰਜ਼ਿਲ 'ਤੇ ਸਿੱਧੇ ਗੱਡੀ ਰਾਹੀਂ ਪਹੁੰਚਿਆ ਜਾਂਦਾ ਹੈ। ਜੇ ਮਾੜਾ ਮੋਟਾ ਤੁਰਨਾ ਹੈ ਵੀ ਤਾਂ ਉਸ ਵਿੱਚੋਂ 'ਤੁਰਨਾ ਮੜ੍ਹਕ ਦੇ ਨਾਲ' ਗਾਇਬ ਹੈ। ਗੁਫ਼ਤਾਰ ਦਾ ਅੰਦਾਜ਼ ਵੀ ਉਹ ਨਹੀਂ ਰਿਹਾ। ਤੇਜ਼ ਦੌੜਦੀ ਜ਼ਿੰਦਗੀ ਵਿੱਚ ਕਿਸ ਕੋਲ ਫੁਰਸਤ ਹੈ ਗੱਲਾਂ ਬਾਤਾਂ ਕਰਨ ਦੀ? ਬਸ ਗੁਜ਼ਾਰੇ ਜੋਗੀ ਸੰਖੇਪ ਜਿਹੀ ਰਸਮੀ ਗੱਲਬਾਤ ਕੀਤੀ ਜਾ ਰਹੀ ਹੈ, ਜਿਸ ਵਿੱਚ ਵਿਅਕਤੀ ਦਾ ਨਿੱਜਤਵ ਖ਼ਤਮ ਹੁੰਦਾ ਜਾ ਰਿਹਾ ਹੈ। ਲੰਮੀਆਂ ਦਿਲਾਂ ਦੀਆਂ ਬਾਤਾਂ ਪਾਉਂਦੀ ਗੁਫ਼ਤਗੂ ਕਿਧਰੇ ਨਹੀਂ ਮਿਲਦੀ। ਤੀਸਰਾ ਸਾਡੀ ਪਹਿਚਾਣ ਸਾਡੀ ਦਸਤਾਰ ਸਿਰਾਂ ਤੋਂ ਲੋਪ ਹੋ ਰਹੀ ਹੈ। ਅੱਜ ਅਸੀਂ ਇਸ ਦਸਤਾਰ ਦੀ ਹੀ ਗੱਲ ਕਰਨੀ ਹੈ।

ਦਸਤਾਰ ਸਿਰ ਦੇ ਕੇਸਾਂ ਦਾ ਜੂੜਾ ਬੰਨ੍ਹ ਕੇ ਉਸ ਉੱਪਰ ਸਜਾਈ ਜਾਂਦੀ ਹੈ। ਹੁਣ ਤਾਂ ਕੇਸ ਹੀ ਕਟਾਏ ਜਾਣ ਦਾ ਰਿਵਾਜ ਚੱਲ ਪਿਆ ਹੈ। ਜਦ ਕੇਸ ਹੀ ਨਹੀਂ, ਜੂੜਾ ਹੀ ਨਹੀਂ ਤਾਂ ਦਸਤਾਰ ਦੀ ਕੀ ਲੋੜ ਰਹਿ ਗਈ ? ਦਸਤਾਰ ਨੂੰ 'ਪੱਗ', 'ਚੀਰਾ' ਜਾਂ 'ਸਾਫ਼ਾ' ਵੀ ਕਿਹਾ ਜਾਂਦਾ ਹੈ। ਸਾਡੇ ਲੋਕ ਸਾਹਿਤ ਨੇ ਇਨ੍ਹਾਂ ਸਾਰੇ ਨਾਵਾਂ ਨੂੰ ਸੰਭਾਲਿਆ ਹੋਇਆ ਹੈ। ਇੱਕ ਭੈਣ ਨੂੰ ਆਪਣੇ ਪੱਗ ਵਾਲੇ ਭਰਾ 'ਤੇ ਕਿੰਨਾ ਮਾਣ ਹੈ। ਉਸ ਦੀ ਪਛਾਣ ਹੀ ਉਸ ਦੇ ਸਿਰ 'ਤੇ ਬੰਨ੍ਹੀ ਹੋਈ ਪੱਗ ਹੈ। ਇਸੇ ਪੱਗ ਦਾ ਖ਼ੂਬਸੂਰਤ ਰੰਗ ਇਸ 'ਤੇ ਸਜੀ ਕਲਗੀ, ਇਸ 'ਤੇ ਲੱਗਿਆ ਗੋਟਾ ਸਭ ਵੀਰੇ ਦੀ ਸ਼ਾਨ ਨੂੰ ਵਧਾਉਂਦੇ ਹਨ। ਉਹ ਕਦੇ ਸੱਸ ਕੋਲ, ਕਦੇ ਭਰਜਾਈ ਕੋਲ ਅਤੇ ਕਦੇ ਆਪਣੇ ਆਪ ਵਿੱਚ ਹੀ ਵੀਰ ਦੀਆਂ ਸਿਫ਼ਤਾਂ ਕਰਦੀ ਰਹਿੰਦੀ ਹੈ। ਜਿਸ ਵਿੱਚ ਉਸ ਦਾ ਪਹਿਰਾਵਾ, ਉਸ ਦਾ ਅਹੁਦਾ, ਉਸ ਦਾ ਵਿਵਹਾਰ ਸਭ ਕੁਝ ਭੈਣ ਲਈ ਸਤਿਕਾਰ ਵਾਲਾ ਹੈ;

ਦੂਰੋਂ ਸਿਆਣਦੀ ਵੀਰਾ ਵੇ ਤੇਰਾ ਬੋਤਾ
ਪੱਚੀਆਂ 'ਚੋਂ ਪੱਗ ਸਿਆਣਦੀ
**
ਔਹ ਵੀਰ ਮੇਰਾ ਕੁੜੀਓ. ਕੰਨੀ ਨੱਤੀਆਂ
ਸੰਧੂਰੀ ਸਿਰ ਸਾਫ਼ਾ

ਇਸੇ ਲਈ ਚੀਰੇ ਵਾਲੇ ਗੱਭਰੂ ਦੀ ਸੁੰਦਰਤਾ ਦਿਲਾਂ ਨੂੰ ਧੂਹ ਪਾਉਂਦੀ ਹੈ। ਜਦੋਂ ਇਸ ਦਾ ਰੰਗ ਵੀ ਤਿੱਖਾ ਹੋਵੇ ਸੂਹਾ, ਸੰਧੂਰੀ, ਕਾਲਾ ਆਦਿ ਤਾਂ ਹੋਰ ਵੀ ਜ਼ੁਲਮ ਢਾਹੁੰਦੀ ਹੈ। ਮੁਟਿਆਰ ਸੰਧੂਰੀ ਚੀਰੇ ਵਾਲੇ ਤੋਂ ਬਲਿਹਾਰ ਜਾਂਦੀ ਹੈ, ਉਸ ਨੂੰ ਦਿਲ ਵਿੱਚ ਜਗ੍ਹਾ ਦਿੰਦੀ ਹੈ ਅਤੇ ਕਾਲੀ ਪੱਗ ਤਾਂ ਬਹੁਤੀ ਫੱਬਦੀ ਹੋਣ ਕਰਕੇ ਉਸ ਨੂੰ ਡਰ ਹੈ ਕਿ ਉਸ ਦੇ ਸੁਹੱਪਣ ਨੂੰ ਨਜ਼ਰ ਹੀ ਨਾ ਲੱਗ ਜਾਵੇ;

ਮੈਨੂੰ ਮੱਸਿਆ 'ਤੇ ਪੈਣ ਭੁਲੇਖੇ
ਤੇਰੀ ਵੇ ਸੰਧੂਰੀ ਪੱਗ ਦੇ
**
ਮੂਹਰੇ ਲੱਗ ਜਾ ਸੰਧੂਰੀ ਸਾਫ਼ੇ ਵਾਲਿਆ
ਪਿੱਛੇ ਪਿੱਛੇ ਆਵਾਂ ਮੇਲਦੀ
**
ਕਾਲੀ ਪੱਗ ਨਾ ਬੰਨ੍ਹ ਵੇ
ਤੈਨੂੰ ਨਜ਼ਰਾਂ ਲੱਗਣਗੀਆਂ ਮੇਰੀਆਂ

**
ਕਾਲੀ ਪੱਗ ਬੰਨ੍ਹ ਲੈਣ ਦੇ
ਨੀਂ ਸਾਡੇ ਬਾਗ ਵਿੱਚ ਮਿਰਚਾਂ ਬਥੇਰੀਆਂ

ਭਲਾ ਜੇ ਕਿਧਰੇ ਗੱਭਰੂ ਨੂੰ ਵਧੀਆ ਪੱਗ ਬੰਨ੍ਹਣੀ ਨਹੀਂ ਸੀ ਆਉਂਦੀਤਾਂ ਮੁਟਿਆਰ ਦਾ ਉਲਾਂਭਾ ਦੇਖਣਾ ਬਣਦਾ ਹੈ ਕਿਉਂਕਿ ਖ਼ੂਬਸੂਰਤ ਬੰਨ੍ਹੀ ਹੋਈ ਪੱਗ ਨਾਲ ਟੌਹਰ ਵਧੇਰੇ ਬਣਦੀ ਹੈ। ਮੁਟਿਆਰ ਨਹੀਂ ਚਾਹੁੰਦੀ ਕਿ ਉਸ ਦੇ ਬਰਾਬਰ ਤੁਰੇ ਜਾਂਦੇ ਗੱਭਰੂ ਦੀ ਪੱਗ ਪੋਚਵੀਂ ਨਾ ਹੋਵੇ;

ਬਾਬਲੇ ਨੇ ਵਰ ਟੋਲਿਆ
ਜੀਹਨੂੰ ਪੱਗ ਬੰਨ੍ਹਣੀ ਨਾ ਆਵੇ

ਵੈਸੇ ਅਜਿਹੇ ਗੱਭਰੂ ਘੱਟ ਹੀ ਹੁੰਦੇ ਸਨ। ਜ਼ਿਆਦਾ ਨੌਜਵਾਨ ਤਾਂ ਘੋਟ ਘੋਟ ਕੇ ਵਧੀਆ ਪੱਗਾਂ ਬੰਨ੍ਹਦੇ ਸਨ। ਜਦੋਂ ਕੁੜਤਾ ਅਤੇ ਚਾਦਰਾ ਪਾ ਕੇ ਭੰਗੜਾ ਪਾਉਂਦੇਸਨ ਤਾਂ ਉਸ ਦਾ ਰੰਗ ਹੀ ਹੋਰ ਹੋ ਜਾਂਦਾ ਸੀ। ਭੰਗੜੇ ਦੇ ਪਹਿਰਾਵੇ ਨਾਲ ਰੰਗ ਬਿਰੰਗੇ ਕੁੜਤੇ ਪਜਾਮਿਆਂ ਤੇ ਸਾਫਿਆਂ ਨਾਲ ਅਲੱਗ ਹੀ ਰੰਗ ਬੰਨ੍ਹਿਆ ਜਾਂਦਾ ਹੈ ਅਤੇ ਹਰ ਕੋਈ ਦੇਖਣ ਵਾਲਾ ਮੱਲੋਮੱਲੀ ਤਾਰੀਫ਼ ਕਰਦਾ ਹੈ;

ਅਲਕੜਿਆਂ ਦੇ ਮੁੰਡੇ ਦੇਖ ਲਓ
ਜਿਉਂ ਟਾਹਲੀ ਦੇ ਪਾਵੇ
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ
ਪਿੰਜਣੀ ਨਾਲ ਸੁਹਾਵੇ
ਦੁੱਧ ਕਾਸ਼ਨੀ ਬੰਨ੍ਹਦੇ ਸਾਫ਼ੇ
ਜਿਉਂ ਉੱਡਿਆ ਕਬੂਤਰ ਜਾਵੇ
ਮਲਮਲ ਦੇ ਤਾਂ ਕੁੜਤੇ ਸੋਂਹਦੇ
ਜਿਉਂ ਬਗਲਾ ਤਲਾਅ ਵਿੱਚ ਨ੍ਹਾਵੇ
ਗਿੱਧਾ ਪਾਉਂਦੇ ਮੁੰਡਿਆਂ ਦੀ
ਸਿਫ਼ਤ ਕਰੀ ਨਾ ਜਾਵੇ
**
ਏਸ ਪਿੰਡ ਦਿਆ ਹਾਕਮਾ
ਇਨ੍ਹਾਂ ਮੁੰਡਿਆਂ ਨੂੰ ਸਮਝਾ
ਪੱਗਾਂ ਰੰਗ ਬਿਰੰਗੀਆਂ
ਇਹ ਲੜ ਲੈਂਦੇ ਲਮਕਾ
ਜਵਾਨੀ ਮੁਸ਼ਕਣ ਬੂਟੀ ਵੇ
ਹਾਣੀਆ ਸੰਭਲ ਕੇ ਵਰਤਾ

ਇਹ ਸੱਚ ਹੈ ਕਿ ਰੰਗ ਬਿਰੰਗੀਆਂ ਪੱਗਾਂ ਵਾਲੇ ਚੋਬਰ ਮੁਟਿਆਰਾਂ ਦੇ ਦਿਲਾਂ ਨੂੰ ਧੂਹ ਪਾਉਂਦੇ ਸਨ, ਤਦੇ ਤਾਂ ਪਿਆਰ ਦਾ ਇਜ਼ਹਾਰ ਵੀ ਪੱਗ ਦੇ ਰੰਗ ਨਾਲ ਦੀ ਚੁੰਨੀ ਲੈ ਕੇ ਕੀਤਾ ਜਾਂਦਾ ਸੀ;

ਅੱਗ ਵਰਗੀ
ਮੇਰੀ ਰੰਗ ਦੇ ਲਲਾਰੀਆ ਚੁੰਨੀ
ਵੇ ਮਿੱਤਰਾਂ ਦੀ ਪੱਗ ਵਰਗੀ

ਸਾਡੇ ਲੋਕ-ਗੀਤ ਇਨ੍ਹਾਂ ਚੀਰੇ ਵਾਲੇ, ਪੱਗਾਂ ਵਾਲੇ ਅਤੇ ਸਾਫ਼ੇ ਵਾਲਿਆਂ ਨੂੰ ਪੂਰੇ ਮਾਣ ਨਾਲ ਬਿਆਨ ਕਰ ਰਹੇ ਹਨ;

ਸੂਹੇ ਵੇ ਚੀਰੇ ਵਾਲਿਆ, ਮੈਂ ਕਹਿੰਨੀ ਆਂ
ਕਰ ਛਤਰੀ ਦੀ ਛਾਂ, ਮੈਂ ਛਾਵੇਂ ਬਹਿੰਨੀ ਆਂ
ਸੂਹੇ ਵੇ ਚੀਰੇ ਵਾਲਿਆ ਫੁੱਲ ਕਿੱਕਰਾਂ ਦੇ
ਕਿੱਕਰਾਂ ਲਾਈ ਬਹਾਰ ਮੇਲੇ ਮਿੱਤਰਾਂ ਦੇ
ਸੂਹੇ ਵੇ ਚੀਰੇ ਵਾਲਿਆ ਫੁੱਲ ਤੋਰੀ ਦਾ
ਬਾਝ ਤੇਰੇ ਮਾਹੀ ਵੇ ਨਹੀਂ ਕੁਝ ਲੋੜੀਦਾ

ਵਿਆਹ ਵਾਲੇ ਗੀਤਾਂ ਵਿੱਚ ਵੀ ਬੋਲ ਕੁਝ ਇਸ ਤਰ੍ਹਾਂ ਦੇ ਹਨ;

ਸੋਹਣਾ ਜਿਹਾ ਚੀਰਾ ਪਹਿਨ ਕੇ ਸਾਡੀ ਗਲੀਓਂ ਨਾ ਆਈਂ
ਵੇ ਬੀਬਾ ਵਿਹੜੇ ਪੈਰ ਨਾ ਪਾਈਂ

ਇਸੇ ਤਰ੍ਹਾਂ ਛਟੀਆਂ ਖੇਡਣ ਸਮੇਂ ਦਾ ਗੀਤ ਹੈ;

ਛਟੀਆਂ ਨੀਂ ਤੁਸੀਂ ਨਾ ਮਾਰੋ ਸਾਲੀਓ
ਜੋੜੇ 'ਤੇ ਪਈਆਂ ਘੋੜੇ ਝੱਲ ਲਈਆਂ ਨੀਂ
ਤੁਸੀਂ ਨਾ ਮਾਰੋ ਸਾਲੀਓ
ਚੀਰੇ 'ਤੇ ਪਈਆਂ ਵੀਰੇ ਨੇ ਝੱਲ ਲਈਆਂ ਨੀਂ
ਤੁਸੀਂ ਨਾ ਮਾਰੋ ਸਾਲੀਓ
ਜਾਮੇ 'ਤੇ ਪਈਆਂ ਮਾਮੇ ਨੇ ਝੱਲ ਲਈਆਂ ਨੀਂ
ਤੁਸੀਂ ਨਾ ਮਾਰੋ ਸਾਲੀਓ
ਲਾਚੇ 'ਤੇ ਪਈਆਂ ਚਾਚੇ ਨੇ ਝੱਲ ਲਈਆਂ ਨੀਂ
ਤੁਸੀਂ ਨਾ ਮਾਰੋ ਸਾਲੀਓ
ਛਟੀਆਂ ਨੀਂ ਮੇਰੇ ਨਿੱਕੇ ਮਹਾਰਾਜ ਨੂੰ

ਪੱਗ ਨੂੰ ਬੰਨ੍ਹਣ ਦਾ ਅੰਦਾਜ਼ ਕਿਸੇ ਬੰਦੇ ਦੀ ਸ਼ਖ਼ਸੀਅਤ ਦਾ ਮਾਪਦੰਡ ਹੁੰਦਾ ਸੀ। ਸ਼ਾਇਦ ਟੇਢੀ ਬੱਧੀ ਪੱਗ ਸ਼ਰਾਫਤ ਦਾ ਚਿੰਨ੍ਹ ਨਹੀਂ ਸੀ ਸਮਝੀ ਜਾਂਦੀ। ਆਹ ਦੇਖੋ ਜ਼ਰਾ;

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਖਿਆਲਾ
ਉੱਥੇ ਦਾ ਇੱਕ ਗੱਭਰੂ ਸੁਣੀਂਦਾ, ਟੇਢੀ ਪਗੜੀ ਵਾਲਾ
ਨਾਰ ਨੂੰ ਕਹਿੰਦਾ ਲਾਹ ਦੇ ਰੋਟੀਆਂ, ਮੈਂ ਤੇਰੇ ਘਰਵਾਲਾ
ਸੁੱਥਣਾਂ ਟੂਲ ਦੀਆਂ, ਵਿੱਚ ਰੇਸ਼ਮੀ ਨਾਲਾ

ਜਦੋਂ ਬਾਰਾਤ ਘਰ ਆਉਂਦੀ ਤਾਂ ਉਸ ਨੂੰ ਭਾਂਤ ਭਾਂਤ ਦੀਆਂ ਸਿੱਠਣੀਆਂ ਦੇਣ ਦਾ ਰਿਵਾਜ ਸੀ। ਇਨ੍ਹਾਂ ਸਿੱਠਣੀਆਂ ਵਿੱਚ ਵੀ ਪੱਗ ਨੂੰ ਜਾਂ ਪੱਗ ਵਾਲੇ ਨੂੰ ਖ਼ਾਸ ਨਿਸ਼ਾਨਾ ਬਣਾਇਆ ਜਾਂਦਾ। ਸਿੱਠਣੀਆਂ ਦਾ ਵੀ ਇੱਕ ਅਲੱਗ ਹੀ ਅੰਦਾਜ਼ ਹੁੰਦਾ ਹੈ;

ਲਾੜਿਆ ਵੇ ਤੇਰੀ ਢਿੱਲੀ ਜਿਹੀ ਪਗੜੀ
ਡਿਗੂੰ ਡਿਗੂੰ ਕਰਦੀ ਵੇ
ਲਾੜਿਆ ਵੇ ਤੇਰੀ ਢਿੱਲੀ ਜਿਹੀ ਤੰਬੀ
ਖੁੱਲ੍ਹਜੂੰ ਖੁੱਲ੍ਹਜੂੰ ਕਰਦੀ ਵੇ
**
ਲਾੜਿਆ ਪੱਗ ਬੰਨ੍ਹੀ ਮਾਵੇਦਾਰ
ਵੇ ਵਲ਼ ਦਿੱਤੇ ਨੇ ਸੰਵਾਰ ਕੇ
ਝੱਗਾ ਪੈਂਟ ਬੇ-ਮੇਚੇ ਵੇ
ਕਿਹਦੇ ਲਿਆਇਆ ਏਂ ਉਤਾਰ ਕੇ
**
ਪੱਗ ਤਾਂ ਲਿਆਇਆ ਜੀਜਾ ਮਾਂਗਵੀਂ
ਵੇ ਤੂੰ ਝਾਲ ਫਿਰਾ ਕੇ ਪਾਏ ਗਹਿਣੇ
ਮਾਂ ਦਾ ਪਿਛੋਕਾ ਗਡਰੀਆਂ ਦਾ
ਤੇਰੇ ਨਾਨਕਿਆਂ ਦੇ ਕਿਆ ਕਹਿਣੇ।
ਪੱਗ ਤਾਂ ਲਿਆਇਆ ਜੀਜਾ ਮਾਂਗਵੀਂ
ਕੁੜਤਾ ਲਿਆ ਵੇ ਚੁਰਾ
ਚਾਦਰਾ ਮੇਰੇ ਵੀਰ ਦਾ ....
ਮੈਂ ਤਾਂ ਐਥੇ ਈ ਲਊਂ...
ਵੇ-ਨੰਗ ਜਾਤ ਬੁਦਰਿਆ ਵੇ-ਲੁਹਾ

ਪੱਗ ਇੱਜ਼ਤ ਦੀ ਪ੍ਰਤੀਕ ਵੀ ਮੰਨੀ ਜਾਂਦੀ ਹੈ। ਪੱਗ ਦੀ ਲਾਜ ਰੱਖਣੀ, ਪੱਗ ਨੂੰ ਦਾਗ ਨਾ ਲੱਗਣ ਦੇਣਾ ਸਾਡੇ ਅਖਾਣ ਬਣ ਚੁੱਕੇ ਹਨ;

ਸੁਣ ਨੀਂ ਕੁੜੀਏ ਮਛਲੀ ਵਾਲੀਏ
ਮਛਲੀ ਨਾ ਚਮਕਾਈਏ
ਨੀਂ ਖੂਹ ਟੋਭੇ ਤੇਰੀ ਹੁੰਦੀ ਚਰਚਾ
ਚਰਚਾ ਨਾ ਕਰਵਾਈਏ
ਆਪਣੇ ਭਾਈਆਂ ਦੀ
ਪੱਗ ਨੂੰ ਦਾਗ ਨਾ ਲਾਈਏ
ਜੇ ਡਰ ਮਾਪਿਆਂ ਦਾ
ਨੀਵੀਂ ਪਾ ਲੰਘ ਜਾਈਏ

ਅੱਜ ਪੱਗ ਤਾਂ ਲੋਪ ਹੋ ਹੀ ਰਹੀ ਹੈ, ਉਸ ਦੇ ਨਾਲ ਸਿਰ ਤੋਂ ਕੇਸ ਵੀ ਲੋਪ ਹੋ ਰਹੇ ਹਨ। ਫੈਸ਼ਨਪ੍ਰਸਤੀ ਅਤੇ ਫਿਲਮੀ ਹੀਰੋਆਂ ਦੀ ਰੀਸ ਸਾਡੇ ਸੱਭਿਆਚਾਰ ਨੂੰ ਵਿਗਾੜ ਰਹੀ ਹੈ। ਕਈ ਮਾਵਾਂ ਛੋਟੇ ਬੱਚਿਆਂ ਦੇ ਆਪ ਹੀ ਕੇਸ ਕਟਾ ਦਿੰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਜੂੜਾਂ ਕਰਨਾ, ਰੁਮਾਲ ਜਾਂ ਪਟਕਾ ਬੰਨ੍ਹਣਾ ਤੇ ਫਿਰ ਸਕੂਲ ਭੇਜਣ ਸਮੇਂ ਪੱਗ ਬੰਨ੍ਹਣੀ ਔਖੀ ਲੱਗਦੀ ਹੈ। ਨੌਜਵਾਨ ਤਬਕੇ ਤੋਂ ਜਦੋਂ ਅੱਧਾ ਅੱਧਾ ਘੰਟਾ ਲਗਾ ਕੇ ਵੀ ਪੱਗ ਠੀਕ ਨਾ ਬੰਨ੍ਹੀ ਜਾਵੇ ਤਾਂ ਉਹ ਕੇਸ ਕਟਾ ਕੇ ਸੌਖਾ ਰਾਹ ਲੱਭਦੇ ਹਨ। ਕਾਰਨ ਕੋਈ ਵੀ ਆ ਬਣੇ, ਅੱਜ ਦੇ ਨੌਜਵਾਨਾਂ ਨੂੰ ਪੱਗ ਹੀ ਨਹੀਂ, ਸਗੋਂ ਕੇਸ ਵੀ ਭਾਰ ਜਾਪਣ ਲੱਗ ਪਏ ਹਨ। ਇਸ ਹਾਲਤ ਵਿੱਚ 'ਚੀਰੇ ਵਾਲਾ' ਕਿੱਥੋਂ ਲੱਭੇਗਾ ?

# ਲੋਕ ਚੇਤਿਆਂ ਵਿੱਚ ਵੱਸਦਾ ਤ੍ਰਿੰਞਣ



ਡਾ. ਪ੍ਰਿਤਪਾਲ ਸਿੰਘ ਮਹਿਰੋਕ

ਪੰਜਾਬੀ ਲੋਕ ਸੱਭਿਆਚਾਰ ਵਿੱਚ ਚਰਖੇ ਦਾ ਅਤੇ ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਸਨਮਾਨਯੋਗ ਸਥਾਨ ਰਿਹਾ ਹੈ। ਸਾਧਾਰਨ ਅਰਥਾਂ ਵਿੱਚ ਕੁੜੀਆਂ ਜਦੋਂ ਇਕੱਠੀਆਂ ਹੋ ਕੇ ਚਰਖੇ ਕੱਤਦੀਆਂ ਹਨ, ਨੱਚਦੀਆਂ-ਗਾਉਂਦੀਆਂ ਹਨ ਅਤੇ ਇੱਕ-ਦੂਜੀ ਨਾਲ ਆਪਣੇ ਦਿਲੀ ਵਲਵਲੇ ਸਾਂਝੇ ਕਰਦੀਆਂ ਹਨ ਤਾਂ ਤ੍ਰਿੰਞਣ ਜੁੜ ਜਾਂਦਾ ਹੈ। ਸਮੇਂ ਦੇ ਬਦਲਣ ਨਾਲ ਹੁਣ ਪੰਜਾਬ ਦੇ ਪਿੰਡਾਂ ਵਿੱਚ ਤ੍ਰਿੰਞਣ ਦੀਆਂ ਅਜਿਹੀਆਂ ਝਾਕੀਆਂ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀਆਂ ਹਨ। ਅਜਿਹਾ ਸਮਾਂ ਵੀ ਸੀ ਜਦੋਂ ਤ੍ਰਿੰਞਣ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦਾ ਸੀ।

ਪੰਜਾਬ ਵਿੱਚ ਹਰੇਕ ਰੁੱਤੇ ਤ੍ਰਿੰਞਣ ਜੁੜਦੇ ਰਹੇ ਹਨ, ਪਰ ਸਿਆਲ ਦੀਆਂ ਲੰਮੀਆਂ ਰਾਤਾਂ ਵਿੱਚ ਅੱਠੇ ਪਹਿਰ ਚੱਲਦੇ ਰਹਿਣ ਵਾਲੇ ਤ੍ਰਿੰਞਣਾਂ ਦਾ ਵਿਸ਼ੇਸ਼ ਆਨੰਦ, ਨਜ਼ਾਰਾ ਤੇ ਮਹੱਤਵ ਹੁੰਦਾ ਸੀ। ਸ਼ਾਮ ਹੋਣ ਤੋਂ ਪਹਿਲਾਂ ਕੁੜੀਆਂ ਆਪਣੇ ਚਰਖੇ, ਪੀੜ੍ਹੀਆਂ ਤੇ ਕੱਤਣੀਆਂ ਉਸ ਘਰ ਵਿੱਚ ਰੱਖ ਆਉਂਦੀਆਂ ਸਨ ਜਿਸ ਘਰ ਵਿੱਚ ਤ੍ਰਿੰਞਣ ਦਾ ਇਕੱਠ ਜੁੜਨਾ ਹੁੰਦਾ ਸੀ। ਰਾਤ ਹੋ ਜਾਣ 'ਤੇ ਤ੍ਰਿੰਞਣ ਵਿੱਚ ਭਾਗ ਲੈਣ ਵਾਲੀਆਂ ਕੁੜੀਆਂ ਕਿਸੇ ਨਿਸਚਿਤ ਸਥਾਨ 'ਤੇ ਇਕੱਠੀਆਂ ਹੁੰਦੀਆਂ ਸਨ ਤੇ ਫਿਰ ਇੱਕ ਜੁੱਟ ਦੇ ਰੂਪ ਵਿੱਚ ਤ੍ਰਿੰਞਣ ਵਾਲੇ ਘਰ ਪਹੁੰਚਦੀਆਂ ਸਨ। ਕੁੜੀਆਂ ਆਪਣੇ ਨਾਲ ਆਪਣੇ ਘਰਾਂ ਤੋਂ ਖਾਣ-ਪੀਣ ਲਈ ਨਿਕ-ਸੁੱਕ ਜਿਵੇਂ ਤਿਲਚੌਲੀ, ਭੁੱਜੀ ਹੋਈ ਮੱਕੀ ਜਾਂ ਛੋਲਿਆਂ ਦੇ ਦਾਣੇ, ਗੁੜ, ਮੂੰਗਫਲੀ, ਪਿੰਨੀਆਂ, ਗੁੜ-ਸ਼ੱਕਰ ਆਦਿ ਲੈ ਕੇ ਆਉਂਦੀਆਂ ਸਨ। ਇਸੇ ਕਰਕੇ ਤ੍ਰਿੰਞਣ ਨੂੰ 'ਭੰਡਾਰਾ ਮੇਲਣਾ' ਵੀ ਕਿਹਾ ਜਾਂਦਾ ਸੀ। ਘਰੋਂ ਲਿਆਂਦੀਆਂ ਵਸਤਾਂ ਨੂੰ ਕੁੜੀਆਂ ਜਦੋਂ ਦਿਲ ਕਰਦਾ ਜਾਂ ਚਰਖਾ ਕੱਤਣ ਤੋਂ ਜਦੋਂ ਵੀ ਵਿਹਲ ਮਿਲਦੀ ਖਾ ਲੈਂਦੀਆਂ ਸਨ। ਖਾਣ ਵਾਲੀਆਂ ਚੀਜ਼ਾਂ ਦਾ ਵਟਾਂਦਰਾ ਕਰਕੇ ਖਾਣ ਵਿੱਚ ਉਹ ਵੱਖਰੀ ਤਰ੍ਹਾਂ ਦੀ ਖ਼ੁਸ਼ੀ ਮਹਿਸੂਸ ਕਰਦੀਆਂ ਸਨ। ਦੀਵਿਆਂ ਵਿੱਚ ਪਾਉਣ ਲਈ ਉਹ ਸਰ੍ਹੋਂ ਦਾ ਤੇਲ ਲਿਆਉਣਾ ਨਹੀਂ ਸਨ ਭੁੱਲਦੀਆਂ। ਕੱਤਣ ਦੌਰਾਨ ਹਾਸਾ-ਮਜ਼ਾਕ ਕਰਨ, ਗੀਤ ਗਾਉਣ ਤੇ ਕੁਝ ਨਾ ਕੁਝ ਖਾਈ ਜਾਣ ਦਾ ਸਿਲਸਿਲਾ ਸਾਰੀ ਰਾਤ ਚੱਲਦਾ ਰਹਿੰਦਾ ਸੀ। ਰਾਤ ਭਰ ਚੱਲਦੇ ਰਹਿੰਦੇ ਤ੍ਰਿੰਞਣ ਨੂੰ 'ਰਾਤ ਕੱਤਣੀ' ਵੀ ਕਹਿ ਲਿਆ ਜਾਂਦਾ ਸੀ। ਸਰਦੀਆਂ ਦੇ ਦਿਨੀਂ ਰੋਟੀ ਟੁੱਕ ਕਰਨ ਤੇ ਚੁੱਲ੍ਹੇ-ਚੌਂਕੇ ਦੇ ਆਹਰ ਤੋਂ ਵਿਹਲੀਆਂ ਹੋ ਕੇ ਵੀ ਕੁੜੀਆਂ ਤ੍ਰਿੰਞਣ ਛੋਹ ਬੈਠਦੀਆਂ ਸਨ ਤੇ ਰਲ-ਮਿਲ ਕੇ ਚਰਖੇ ਕੱਤਦੀਆਂ ਸਨ। ਇਸ ਤ੍ਰਿੰਞਣ ਨੂੰ 'ਚਿੜੀ ਚੜ੍ਹੂੰਗਾ' ਕਿਹਾ ਜਾਂਦਾ ਸੀ।

ਰਾਤ ਭਰ ਚੱਲਦੇ ਰਹਿਣ ਵਾਲੇ ਤ੍ਰਿੰਞਣ ਵਿੱਚ ਕੱਤਣ ਦੇ ਮੁਕਾਬਲੇ ਵੀ ਹੁੰਦੇ ਸਨ। ਉਨ੍ਹਾਂ ਨੂੰ ਛੋਪੇ ਕਿਹਾ ਜਾਂਦਾ ਸੀ। ਉਸ ਨੂੰ ਛੋਪ ਪਾ ਕੇ ਕੱਤਣਾ ਵੀ ਕਹਿ ਲਿਆ ਜਾਂਦਾ ਸੀ। ਸਰ੍ਹੋਂ ਦੇ ਤੇਲ ਦੇ ਦੀਵੇ ਜਗਾ ਲਏ ਜਾਂਦੇ ਸਨ। ਉਨ੍ਹਾਂ ਦੀ ਮਿੱਠੀ-ਮਿੱਠੀ ਰੌਸ਼ਨੀ ਵਿੱਚ ਚਰਖੇ ਕੱਤਦੀਆਂ ਮੁਟਿਆਰਾਂ ਵੀ ਮਸਤੀ ਵਿੱਚ ਆ ਕੇ ਚਰਖੇ ਕੱਤਦੀਆਂ ਤੇ ਵੰਨ-ਸੁਵੰਨੀ ਘੂਕਰ ਦੀਆਂ ਧੁਨਾਂ ਪੈਦਾ ਕਰਦੀਆਂ ਸਨ। ਚਰਖੇ ਗੂੰਜ ਉੱਠਦੇ ਸਨ, ਪੂਣੀਆਂ ਕੱਤੀਆਂ ਜਾਂਦੀਆਂ ਸਨ, ਕੁੜੀਆਂ ਗਲੋਟੇ ਬਣਾਈ ਜਾਂਦੀਆਂ ਸਨ ਤੇ ਨਾਲ-ਨਾਲ ਉਹ ਲੋਕ ਗੀਤਾਂ ਦੀਆਂ ਤੁਕਾਂ ਅਲਾਪਦੀਆਂ ਜਾਂਦੀਆਂ। ਰਾਤ ਦਾ ਤਾਰਾ ਚੜ੍ਹਦਿਆਂ ਹੀ ਛੋਪ ਪਾਉਣ ਦੀ ਤਿਆਰੀ ਸ਼ੁਰੂ ਹੋ ਜਾਂਦੀ। ਕੁੜੀਆਂ ਚੱਕਰ ਦੀ ਗੋਲਾਈ ਵਿੱਚ ਆਪਣੇ ਚਰਖੇ ਡਾਹ ਲੈਂਦੀਆਂ ਸਨ। ਕਿਸੇ ਚੁਸਤ, ਤੇਜ਼, ਹੁਸ਼ਿਆਰ ਤੇ ਵਧੀਆ ਕੱਤਣ ਵਾਲੀ ਕੁੜੀ ਦੇ ਕੋਲ ਇੱਕ ਛੱਜ ਜਾਂ ਟੋਕਰਾ ਰੱਖ ਦਿੱਤਾ ਜਾਂਦਾ ਸੀ। ਸਾਰੀਆਂ ਕੁੜੀਆਂ ਆਪਣੇ ਆਪਣੇ ਹਿੱਸੇ ਦੀਆਂ ਚਾਰ-ਚਾਰ ਪੂਣੀਆਂ ਉਸ ਮੋਹਤਬਰ ਕੁੜੀ ਵੱਲ ਵਾਰੋ-ਵਾਰੀ ਸੁੱਟਦੀਆਂ ਜਾਂਦੀਆਂ ਸਨ, ਉਹ ਬੜੀ ਜੁਗਤ ਤੇ ਤਰਤੀਬ ਨਾਲ ਉਨ੍ਹਾਂ ਨੂੰ ਛੱਜ ਜਾਂ ਟੋਕਰੇ ਵਿੱਚ ਟਿਕਾਉਂਦੀ ਜਾਂਦੀ ਸੀ। ਇਸ ਤਰ੍ਹਾਂ ਨਾਲ ਚਾਰ-ਚਾਰ ਪੂਣੀਆਂ ਦੇ ਇੱਕ ਤੋਂ ਬਾਅਦ ਇੱਕ ਕਈ ਗੇੜ, ਪਹਿਲਾਂ ਬਣਾਈ ਤਰਤੀਬ ਨਾਲ ਹੀ, ਉੱਪਰ ਤੋਂ ਉੱਪਰ ਟਿਕਾ ਲਏ ਜਾਂਦੇ ਸਨ। ਮੋਹਤਬਰ ਕੁੜੀ ਇਸ ਗੱਲ ਦਾ ਸਹਿਜੇ ਹੀ ਅਨੁਮਾਨ ਲਗਾ ਲੈਂਦੀ ਸੀ ਕਿ ਸਾਰੀ ਰਾਤ ਵਿੱਚ ਕਿੰਨੀਆਂ ਕੁ ਪੂਣੀਆਂ ਕੱਤੀਆਂ ਜਾ ਸਕਣਗੀਆਂ। ਉਸ ਅੰਦਾਜ਼ੇ ਅਨੁਸਾਰ ਹੀ ਛੋਪ ਪਾਏ ਜਾਂਦੇ ਸਨ। ਛੋਪ ਪਾ ਲਏ ਜਾਣ ਪਿੱਛੋਂ ਕੁੜੀਆਂ ਕੱਤਣਾ ਸ਼ੁਰੂ ਕਰ ਦਿੰਦੀਆਂ। ਮੋਹਤਬਰ ਕੁੜੀ ਸਾਰੀਆਂ ਕੁੜੀਆਂ ਵੱਲ ਪਹਿਲੇ ਗੇੜ ਦੀਆਂ ਚਾਰ-ਚਾਰ ਪੂਣੀਆਂ ਸੁੱਟ ਦਿੰਦੀ। ਮੋਹਤਬਰ ਬਣਾਈ ਕੁੜੀ ਨੂੰ ਬਾਕੀਆਂ ਨਾਲੋਂ ਦੁੱਗਣਾ ਕੰਮ ਕਰਨਾ ਪੈਂਦਾ ਸੀ। ਉਸ ਨੇ ਕੁੜੀਆਂ ਵੱਲ ਪੂਣੀਆਂ ਵੀ ਸੁੱਟਣੀਆਂ ਹੁੰਦੀਆਂ ਸਨ ਤੇ ਆਪਣੇ ਹਿੱਸੇ ਦਾ ਕੱਤਣਾ ਵੀ ਹੁੰਦਾ ਸੀ। ਜਿਉਂ-ਜਿਉਂ ਪੂਣੀਆਂ ਦੇ ਗੇੜਾਂ ਦੀ ਗਿਣਤੀ ਵਧਦੀ ਜਾਂਦੀ, ਕੋਈ ਨਾ ਕੋਈ ਕੁੜੀ ਕੱਤਣ ਵਿੱਚ ਪੱਛੜਦੀ ਜਾਂਦੀ ਤੇ ਪੂਣੀਆਂ ਸੁੱਟਣ ਵਾਲੀ ਕੁੜੀ ਕੋਲ ਟੋਕਰੇ ਵਿੱਚ ਪੂਣੀਆਂ ਜਮ੍ਹਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਸਨ। ਛੋਪ ਪਾਉਣ ਦੇ ਗੇੜ ਚੱਲਦੇ ਰਹਿੰਦੇ, ਉਪਰੋਥਲੀ ਹਾਸਾ ਠੱਠਾ ਵੀ ਚੱਲਦਾ ਰਹਿੰਦਾ, ਚਾਹ ਬਣਾਈ ਤੇ ਵਰਤਾਈ ਜਾਂਦੀ, ਅੱਧੀ ਰਾਤ ਤੇ ਫਿਰ ਸਵੇਰ ਹੋਣ ਤਕ ਇਹ ਸਿਲਸਿਲਾ ਚੱਲਦਾ ਰਹਿੰਦਾ ਸੀ। ਵੇਖੋ-ਵੇਖੀ ਕੁੜੀਆਂ ਵਧੀਆ ਤੋਂ ਵਧੀਆ ਚਰਖਾ ਲੈਣ ਦੀ ਰੀਝ ਆਪਣੇ ਮਨ ਵਿੱਚ ਪਾਲਦੀਆਂ ਸੁਣੀਆਂ ਜਾਂਦੀਆਂ:

ਕਿੱਕਰ ਦਾ ਮੇਰਾ ਚਰਖਾ ਮਾਏ
ਟਾਹਲੀ ਦਾ ਬਣਵਾ ਦੇ।
ਇਸ ਚਰਖੇ ਦੇ ਹਿੱਲੇ ਮਝੇਰੂ
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਹਾਣ ਦੀਆਂ ਕੱਤ ਕੇ ਸੌਂ ਗਈਆਂ
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂਹ ਚੰਦਰਾ
ਮੇਰੀ ਨੀਂਦ ਉਡਾਵੇ।

ਧੀ ਦੀ ਅਜਿਹੀ ਫ਼ਰਮਾਇਸ਼ ਨੂੰ ਸੁਣਨ ਤੋਂ ਪਿੱਛੋਂ ਹਾਜ਼ਰ ਜਵਾਬ ਮਾਂ ਤਟ-ਫਟ ਕਹਿਣ ਲੱਗ ਜਾਂਦੀ ਸੀ:

ਧੀਏ, ਚੱਜ ਨਾ ਕੱਤਣ ਦਾ ਤੈਨੂੰ
ਚਰਖੇ ਨੂੰ ਦੋਸ਼ ਦੇਨੀਂ ਏਂ।

ਤ੍ਰਿੰਞਣ ਸਜਾ ਕੇ ਬੈਠੀਆਂ ਕੁੜੀਆਂ ਪਹੁ ਫੁਟਾਲੇ ਤਕ ਵਾਹੋ-ਦਾਹੀ ਚਰਖੇ ਕੱਤਦੀਆਂ ਰਹਿੰਦੀਆਂ ਸਨ। ਰਾਤ ਭਰ ਕਈ ਕਈ ਵਾਰ ਉੱਠ ਕੇ ਦੀਵਿਆਂ ਵਿੱਚ ਤੇਲ ਪਾਇਆ ਜਾਂਦਾ ਸੀ। ਪੰਜਾਬੀ ਸੱਭਿਆਚਾਰ ਵਿੱਚ ਆਪਸੀ ਮੇਲਜੋਲ, ਸਦਭਾਵਨਾ ਅਤੇ ਭਾਈਚਾਰੇ ਵਿੱਚ ਆਪਸੀ ਵਿਸ਼ਵਾਸ ਦਾ ਕਮਾਲ ਵੇਖੋ ਕਿ ਛੋਪ ਕੱਤ ਲੈਣ ਪਿੱਛੋਂ ਤ੍ਰਿੰਞਣ ਦੀਆਂ ਖ਼ੁਸ਼ੀਆਂ ਸਾਂਝੀਆਂ ਕਰ ਲੈਣ ਪਿੱਛੋਂ ਕੁੜੀਆਂ ਉੱਥੇ ਹੀ ਸੌਂ ਜਾਂਦੀਆਂ ਸਨ। ਦਿਨ ਚੜ੍ਹੇ ਆਪਣੇ-ਆਪਣੇ ਚਰਖੇ, ਕੱਤਿਆ ਸੂਤ ਅਤੇ ਕੱਤਣੀਆਂ ਲੈ ਕੇ ਕੁੜੀਆਂ ਘਰੋ-ਘਰੀ ਤੁਰ ਜਾਂਦੀਆਂ ਸਨ। ਸਿਆਲੀ ਰੁੱਤੇ ਅਜਿਹੇ ਤ੍ਰਿੰਞਣ ਜੁੜਨੇ, ਛੋਪ ਪੈਣੇ ਤੇ ਖ਼ੁਸ਼ੀਆਂ ਵੰਡਣੀਆਂ-ਵੰਡਾਉਣੀਆਂ ਬੜੀ ਆਮ ਗੱਲ ਹੁੰਦੀ ਸੀ। ਬਜ਼ੁਰਗ ਦੱਸਦੇ ਹਨ ਕਿ ਕਦੇ-ਕਦੇ ਅੱਠੇ ਪਹਿਰ ਵੀ ਕੱਤਿਆ ਜਾਂਦਾ ਸੀ। ਸੂਰਜ ਛਿਪਣ ਦੇ ਸਮੇਂ ਤ੍ਰਿੰਞਣ ਵਿੱਚ ਕੱਤਣਾ ਸ਼ੁਰੂ ਕਰਨ ਤੋਂ ਲੈ ਕੇ ਸਾਰੀ ਰਾਤ ਕੱਤਦਿਆਂ ਰਹਿਣ ਤੇ ਫਿਰ ਅਗਲੇ ਦਿਨ ਦੇ ਸੂਰਜ ਛਿਪਣ ਤੱਕ,

(ਬਾਕੀ ਸਫ਼ਾ 27 'ਤੇ)

# ਸੁਹਣੀ ਸਵੇਰ



## ਨਵਤੇਜ ਸਿੰਘ

ਇੱਕ ਵਾਰ ਦੀ ਗੱਲ ਹੈ - ਤੇ ਏਸ ਗੱਲ ਨੂੰ ਬਹੁਤਾ ਚਿਰ ਨਹੀ ਹੋਇਆ- ਇੱਕ ਬੜੇ ਸੁਹਣੇ ਦੇਸ ਉਤੇ ਸੱਤ ਸਮੁੰਦਰ ਪਾਰ ਵੱਸਦਾ ਇੱਕ ਰਾਜਾ ਰਾਜ ਕਰਦਾ ਹੁੰਦਾ ਸੀ। ਏਸ ਰਾਜੇ ਦੇ ਥੱਲੇ ਦੁਨੀਆ ਦਾ ਏਨਾ ਇਲਾਕਾ ਸੀ ਕਿ ਲੋਕੀ ਕਹਿੰਦੇ ਸਨ: ਉਹਦੇ ਰਾਜ ਉਤੇ ਕਦੇ ਸੂਰਜ ਨਹੀਂ ਡੁੱਬਦਾ।

ਪਹਿਲਾਂ ਏਸ ਸੁਹਣੇ ਦੇਸ ਦੇ ਦੋ ਬੜੇ ਸੁਹਣੇ ਨਾਂ ਹੁੰਦੇ ਸਨ, ਇਕ ਦਾ ਮਤਲਬ ਸੀ 'ਸੁਹਣੀ ਸਵੇਰ' ਤੇ ਦੂਜੇ ਦਾ 'ਨਿੱਘਾ ਆਲ੍ਹਣਾ'। ਪਰ ਜਦੋਂ ਤੋਂ ਇਸ ਸੱਤ ਸਮੁੰਦਰ ਪਾਰਲੇ ਰਾਜੇ ਦਾ ਰਾਜ ਏਥੇ ਸ਼ੁਰੂ ਹੋਇਆ, ਉਹਨੇ ਹੁਕਮ ਕਰ ਦਿਤਾ ਸੀ:

ਅੱਜ ਤੋਂ ਏਸ ਦੇਸ ਦੇ ਵਾਸੀ ਆਪਣੀ ਬੋਲੀ ਵਿੱਚ ਇਹਦਾ ਨਾਂ ਨਹੀਂ ਲੈ ਸਕਣਗੇ। ਅੱਗੇ ਤੋਂ ਏਸ ਦੇਸ ਦਾ ਸਰਕਾਰੀ ਨਾਂ ਮੇਰੇ ਹੁਕਮ ਮੁਤਾਬਕ 'ਗ਼ੁਲਾਮ-ਦੇਸ' ਰਖਿਆ ਗਿਆ ਹੈ। ਇਸ ਤੋਂ ਛੁੱਟ ਹੋਰ ਕੋਈ ਨਾਂ ਵਰਤਣ ਵਾਲਾ ਕੈਦ ਕੀਤਾ ਜਾਏਗਾ।

ਕਹਿੰਦੇ ਸਨ ਏਸ ਰਾਜੇ ਨੂੰ 'ਗ਼ੁਲਾਮ' ਲਫ਼ਜ਼ ਨਾਲ ਬੜਾ ਪਿਆਰ ਸੀ, ਤੇ ਉਹਨੇ ਆਪਣੇ ਲਾਡਲੇ ਕੁੱਤੇ ਦਾ ਨਾਂ ਵੀ 'ਗ਼ੁਲਾਮ' ਈ ਰਖਿਆ ਹੋਇਆ ਸੀ।

ਤੇ ਸਿਰਫ਼ ਸੁਹਣੇ ਦੇਸ ਦਾ ਨਾਂ ਹੀ ਨਹੀਂ ਸੀ ਬਦਲਾਇਆ ਗਿਆ, ਹੌਲੀ ਹੌਲੀ ਨਵੇਂ ਹਾਕਮਾਂ ਨੇ ਸਾਰੇ ਦੇਸ ਦਾ ਮੂੰਹ ਮੱਥਾ ਹੀ ਬਦਲ ਦਿਤਾ ਸੀ।

ਪਹਿਲਾਂ ਜੇਠ ਵਿੱਚ ਏਸ ਦੇਸ ਦੇ ਖਲਵਾੜੇ ਕਣਕਾਂ ਨਾਲ ਮਿਉਂਦੇ ਨਹੀਂ ਸਨ ਹੁੰਦੇ, ਭਾਦੋਂ ਵਿੱਚ ਖੇਤਾਂ ਦੇ ਆਲੇ ਦੁਆਲੇ ਦੂਰ ਤੀਕ ਬਾਸਮਤੀ ਦੀ ਮਹਿਕ ਖਿੱਲਰ ਜਾਂਦੀ ਹੁੰਦੀ ਸੀ, ਮੱਝਾਂ ਦੇ ਥਣ - ਜਿਨ੍ਹਾਂ ਨੂੰ ਏਥੇ 'ਅੰਮ੍ਰਿਤ-ਕਟੋਰੇ' ਕਿਹਾ ਜਾਂਦਾ ਸੀ - ਸਦਾ ਭਰੇ ਰਹਿੰਦੇ ਸਨ ਤੇ ਲੋਕ ਆਪਣੀ ਕਿਰਤ ਦੇ ਆਸਰੇ ਬੜੀ ਚੰਗੀ ਤਰ੍ਹਾਂ ਵਸਦੇ ਰਸਦੇ ਸਨ। ਜਦੋਂ ਤੋਂ ਇਹ ਨਵਾਂ ਰਾਜ ਸ਼ੁਰੂ ਹੋਇਆ - ਖਲਵਾੜੇ ਭਾਵੇਂ ਪਹਿਲਾਂ ਵਾਂਗ ਈ ਮਿਉਂਦੇ ਨਾ, ਬਾਸਮਤੀ ਦੀ ਮਹਿਕ ਵੀ ਪਹਿਲੀਆਂ ਵਾਂਗ ਈ ਖਿਲਰਦੀ, ਅੰਮ੍ਰਿਤ-ਕਟੋਰੇ ਵੀ ਉਸੇ ਤਰ੍ਹਾਂ - ਪਰ ਨਵੇਂ ਹਾਕਮਾਂ ਨੇ ਲੋਕਾਂ ਕੋਲੋਂ ਇਹਨਾਂ ਸਭਨਾਂ ਵਸਤਾਂ ਨੂੰ ਵਰਤਣ ਦਾ ਹੱਕ ਖੋਹ ਲਿਆ ਸੀ।ਸਿਰਫ਼ ਹਰ ਚੀਜ਼ ਪੈਦਾ ਕਰਨ ਲਈ ਕਰੜੀ ਤੋਂ ਕਰੜੀ ਮਿਹਨਤ ਕਰਨ ਦਾ ਹੱਕ ਉਹਨਾਂ ਕੋਲ ਰਹਿਣ ਦਿਤਾ ਗਿਆ ਸੀ। ਜਦੋਂ ਸਭ ਵਸਤਾਂ ਪੈਦਾ ਹੋ ਜਾਂਦੀਆਂ, ਤਾਂ ਨਵੇਂ ਹਾਕਮ ਸਭ ਕੁਝ ਇਕੱਠਾ ਕਰ ਕੇ ਵੱਡੇ ਵੱਡੇ ਕਿਲਿਆਂ ਅੰਦਰ ਬੰਦ ਕਰ ਦੇਂਦੇ। ਇਹਨਾਂ ਕਿਲਿਆਂ ਦੇ ਲੋਹੇ ਦੇ ਫਾਟਕ ਸਨ, ਤੇ ਬਾਹਰ ਸੰਗੀਨਾਂ ਦਾ ਪਹਿਰਾ। ਫੇਰ ਕਿਲਿਆਂ ਵਿਚਲੇ ਢੇਰਾਂ ਵਿਚੋਂ ਥੋੜ੍ਹਾ ਥੋੜ੍ਹਾ 'ਗ਼ੁਲਾਮ-ਦੇਸ' ਦੇ ਵਾਸੀਆਂ ਨੂੰ ਭਿਖਿਆ ਵਾਂਗ ਦੇ ਦਿੱਤਾ ਜਾਂਦਾ - ਸਿਰਫ਼ ਓਨਾ ਕੁ ਜਿੰਨੇ ਅਗਲੀ ਵਾਰ ਇਹ ਫਿਰ ਇਹਨਾਂ ਸਭ ਵਸਤਾਂ ਨੂੰ ਪੈਦਾ ਕਰਨ ਜੋਗੇ ਆਦਮੀ ਜਿਉਂਦੇ ਰਹਿ ਸਕਣ, ਤੇ ਕੁਝ ਮੱਝਾਂ ਨੂੰ ਖੁਆਇਆ ਜਾਂਦਾ ਤਾਂ ਜੋ ਉਹ ਦੁੱਧ ਦੇਂਦੀਆਂ ਰਹਿ ਸਕਣ, ਤੇ ਕੁਝ ਬਲਦਾਂ ਨੂੰ ਤਾਂ ਜੋ ਉਹ ਹਲਾਂ ਅੱਗੇ ਜੁਤੇ ਰਹਿਣ। ਤੇ ਬਸ - ਏਸ ਤੋਂ ਵਧ ਭੋਰਾ ਵੀ ਨਾ (ਹਾਂ ਉਹ ਏਦੂੰ ਵੱਖ ਸੀ, ਜਿਹੜਾ 'ਗ਼ੁਲਾਮ-ਦੇਸ' ਦੇ ਚੂਹੇ ਦਾਅ ਲਾ ਕੇ ਢੇਰਾਂ ਵਿਚੋਂ ਖਾ ਜਾਂਦੇ। ਪਰ ਹਾਕਮਾਂ ਵਿਚੋਂ ਕਈ ਸਿਆਣੇ ਇਹਨਾਂ ਦੀ ਥਾਂ ਆਪਣੇ ਦੇਸ ਤੋਂ ਚੂਹੇ ਮੰਗਵਾ ਕੇ ਏਧਰ ਵੀ ਸੁਧਾਰ ਕਰਨ ਦੀਆਂ ਤਜਵੀਜ਼ਾਂ ਸੋਚ ਰਹੇ ਸਨ !)। ਤੇ ਅਖ਼ੀਰ ਇਨ੍ਹਾਂ ਕਿਲਿਆਂ ਵਿਚੋਂ ਸਾਰਾ ਕੁਝ ਹੂੰਝ ਹਾਂਝ ਕੇ , ਜਹਾਜ਼ਾਂ ਵਿੱਚ ਲੱਦ ਕੇ, ਸੱਤ ਸਮੁੰਦਰ ਪਾਰ ਰਾਜੇ ਦੇ ਆਪਣੇ ਦੇਸ ਵਿੱਚ ਘੱਲ ਦਿੱਤਾ ਜਾਂਦਾ।

ਜਿਸ ਤਰ੍ਹਾਂ ਪਹਿਲੀਆਂ ਵਿੱਚ - ਜਦੋਂ ਲੋਕੀਂ ਆਪਣੇ ਦੇਸ ਨੂੰ 'ਸੁਹਣੀ ਸਵੇਰ' ਜਾਂ 'ਨਿੱਘਾ ਆਲ੍ਹਣਾ' ਕਹਿ ਸਕਦੇ ਹੁੰਦੇ ਸਨ - ਵੱਖ ਵੱਖ ਰੁੱਤਾਂ ਔਂਦੀਆਂ ਸਨ, ਕੋਈ ਗੀਤਾਂ ਦੀ, ਕੋਈ ਪੀਂਘਾਂ ਤੇ ਕੋਇਲਾਂ ਦੀ, ਕੋਈ ਨੱਚਣ ਤੇ ਟੱਪਣ ਦੀ, ਕੋਈ ਪੱਤਿਆਂ ਦੇ ਝੜਨ ਦੀ, ਕੋਈ ਫੁੱਲਾਂ ਦੇ ਖਿੜਨ ਦੀ, ਉਸੇ ਤਰ੍ਹਾਂ ਹੁਣ ਵੀ ਵੱਖ ਵੱਖ ਰੁੱਤਾਂ ਔਂਦੀਆਂ। ਪਰ ਜਿਸ ਤਰ੍ਹਾਂ ਹੋਰ ਸਭ ਕੁਝ ਵੱਟ ਗਿਆ ਸੀ, ਉਸੇ ਤਰ੍ਹਾਂ ਰੁੱਤਾਂ ਵੀ ਵੱਟ ਗਈਆਂ ਸਨ: ਹੁਣ ਕੋਈ ਭੋਖੜਿਆਂ ਨਾਲ ਮਰਨ ਦੀ ਰੁੱਤ ਸੀ ਤੇ ਕੋਈ ਨੜੋਇਆਂ ਦੀ, ਕੋਈ ਮਲੇਰੀਏ ਦੀ ਤੇ ਕੋਈ ਹੈਜ਼ੇ ਦੀ, ਕੋਈ ਜੇਲ੍ਹ ਖ਼ਾਨੇ ਉਸਾਰਨ ਦੀ, ਤੇ ਕੋਈ ਜੇਲ੍ਹਖ਼ਾਨੇ ਭਰਨ ਦੀ। ਤੇ ਹੁਣ ਵਾਲੀਆਂ ਰੁੱਤਾਂ ਪਹਿਲੀਆਂ ਰੁੱਤਾਂ ਵਾਂਗ ਈ ਇੱਕ ਖ਼ਾਸ ਮਿਆਦ ਪਿਛੋਂ ਔਂਦੀਆਂ, ਜਿਵੇਂ ਕੁਦਰਤ ਦੇ ਨੇਮ ਵਿੱਚ ਬੱਝੀਆਂ ਹੋਣ।

ਦੇਸ-ਵਾਸੀਆਂ ਵਿਚੋਂ ਕੁਝ ਨੂੰ ਨਵੇਂ ਹਾਕਮਾਂ ਨੇ ਆਪਣੇ ਉਚੇਚੇ ਸੇਵਕ ਬਣਾ ਲਿਆ ਸੀ। ਇਹਨਾਂ ਨੂੰ ਕਿਲਿਆਂ ਦੇ ਫਾਟਕ ਬੰਦ ਕਰਨ, ਦੇਸੀ ਚੂਹਿਆਂ ਤੇ ਲੋੜ ਪੈਣ ਤੇ ਦੇਸੀ ਲੋਕਾਂ ਨੂੰ ਮਾਰਨ ਦਾ ਕੰਮ ਦਿਤਾ ਜਾਂਦਾ। ਜਿਹੜੇ ਇਹਨਾਂ ਸੇਵਕਾਂ ਵਿਚੋਂ ਬੜੇ ਨਿਮਕ-ਹਲਾਲ ਨਿਕਲਦੇ ਉਹਨਾਂ ਨੂੰ ਤਿੱਲੇ ਨਾਲ ਸਜੀਆਂ ਵਰਦੀਆਂ ਪੁਆ ਕੇ, ਹੱਥ ਵਿੱਚ ਸੰਗੀਨਾਂ ਫੜਾ ਕੇ ਵੱਡੇ ਪਹਿਰੇਦਾਰਾਂ ਦੀ ਪਦਵੀ ਦੇ ਦਿਤੀ ਜਾਂਦੀ। ਜਿਹੜੇ 'ਗ਼ੁਲਾਮ-ਦੇਸ' ਦੇ ਖ਼ਾਸ ਪਤਵੰਤੇ ਸੱਜਣ ਸਨ ਉਹ ਏਸ ਪਦਵੀ ਨੂੰ ਸਭ ਤੋਂ ਵੱਡੀ ਇਜ਼ਤ ਸਮਝਣ ਲੱਗ ਪਏ।

ਪਰ ਏਸ ਦੇਸ ਦੇ ਆਮ ਲੋਕ, ਜਿਨ੍ਹਾਂ ਨੂੰ ਆਪਣੇ ਦੇਸ ਦੇ ਪੁਰਾਣੇ ਨਾਵਾਂ ਨਾਲ ਪਿਆਰ ਸੀ, ਜਿਹੜੇ ਇਹ ਨਾਂ ਖੁੱਸ ਜਾਣ 'ਤੇ ਇੰਝ ਮਹਿਸੂਸ ਕਰਦੇ ਸਨ ਜਿਵੇਂ ਕਿਸੇ ਡਾਕੂ ਨੇ ਉਹਨਾਂ ਦੀਆਂ ਮੁਸ਼ਕਾਂ ਕੱਸ ਕੇ ਉਹਨਾਂ ਦੇ ਸਾਹਮਣੇ ਉਹਨਾਂ ਦੀ ਬੁੱਢੀ ਮਾਂ ਦੇ ਸਾਰੇ ਕਪੜੇ ਲਾਹ ਦਿਤੇ ਹੋਣ, ਇੱਕ ਇੱਕ ਕਰਕੇ ਉਹਨਾਂ ਦੀ ਮਾਂ ਦੇ ਸਾਰੇ ਚਾਂਦੀ-ਕੇਸ ਖੋਹ ਦਿਤੇ ਹੋਣ; ਇਹ ਸਾਰੇ ਲੋਕ - ਖਲਵਾੜੇ ਜਿਹਨਾਂ ਦੀ ਕਿਰਤ ਸਨ, ਬਾਸਮਤੀ ਦੀ ਮਹਿਕ ਜਿਹਨਾਂ ਦੇ ਮੁੜ੍ਹਕੇ ਵਿਚੋਂ ਜੰਮੀ ਸੀ, ਅੰਮ੍ਰਿਤ-ਕਟੋਰੇ ਜਿਹਨਾਂ ਦੇ ਸਦਾ ਪਿਆਰ ਨੇ ਛਲਕਾਏ ਸਨ, ਇਹ ਸਾਰੇ ਨਵੇਂ ਹਾਕਮਾਂ ਨੂੰ ਤੇ ਉਹਨਾਂ ਕੋਲੋਂ ਪਦਵੀਆਂ ਲੈਣ ਵਾਲਿਆਂ ਨੂੰ ਬੜੀ ਨਫ਼ਰਤ ਕਰਦੇ ਸਨ। ਪਹਿਲਾਂ ਤੇ ਇਹ ਨਫ਼ਰਤ ਐਵੇਂ ਧੁਖਦੀ ਜਹੀ ਰਹਿੰਦੀ, ਕਿਉਂਕਿ ਇਹ ਅੱਥਰੂਆਂ ਨਾਲ ਭਿਜੀ ਹੁੰਦੀ,ਪਰ ਫੇਰ ਹੌਲੀ ਹੌਲੀ ਅੱਥਰੂ ਸੁੱਕ ਗਏ, ਤੇ ਸੁੱਚੀ ਨਫ਼ਰਤ ਅੰਗਿਆਰਿਆਂ ਵਾਂਗ ਭਖ ਪਈ, ਤੇ ਫੇਰ ਭਾਂਬੜਾਂ ਵਿੱਚ ਮੱਚ ਪਈ। ਖਲਵਾੜਿਆਂ ਤੇ ਖੇਤਾਂ ਵਿਚੋਂ ਨਿਕਲ ਕੇ ਲੋਕ ਠਾਠਾਂ ਮਾਰਦੀਆਂ ਭੀੜਾਂ ਵਿੱਚ ਜੁੜ ਪਏ, ਤੇ ਉਹਨਾਂ ਕਿਲਿਆਂ ਵਲ ਵਧੇ ਜਿਹਨਾਂ ਵਿੱਚ ਉਹਨਾਂ ਦੀ ਕਿਰਤ ਦੇ ਸਾਰੇ ਫਲ ਕੈਦ ਸਨ, ਤੇ ਉਹਨਾਂ ਜੇਲ੍ਹਾਂ ਵਲ ਵਧੇ ਜਿਨ੍ਹਾਂ ਵਿਚ ਉਹ ਬਹਾਦਰ ਡੱਕੇ ਹੋਏ ਕੈਦ ਸਨ ਜਿਨ੍ਹਾਂ ਆਪਣੇ ਦੇਸ ਨੂੰ 'ਗ਼ੁਲਾਮ-ਦੇਸ' ਆਖਣੋਂ ਇਨਕਾਰ ਕਰ ਦਿਤਾ ਸੀ, ਤੇ ਚਿੱਟੀ ਦਿਹਾੜ ਵਿਚ ਸਭਨਾਂ ਦੇ ਸਾਹਮਣੇ 'ਸੁਹਣੀ ਸਵੇਰ' ਦੇ ਗੀਤ ਆਪਣੇ ਦੇਸ ਦੇ ਪਹਾੜਾਂ ਜਿੱਡੀ ਉੱਚੀ ਅਵਾਜ਼ ਵਿੱਚ ਗੰਵੇਂ ਸਨ, ਉਹ ਕੈਦ ਸਨ ਜਿਨ੍ਹਾਂ ਨਵੇਂ ਹਾਕਮਾਂ ਦੇ ਅਹਿਲਕਾਰਾਂ ਨੂੰ ਆਪਣੇ ਖਲਵਾੜੇ ਨਹੀਂ ਸਨ ਛੁਹਣ ਦਿਤੇ, ਤੇ ਬਾਸਮਤੀ ਦੀ ਮਹਿਕ ਨਹੀਂ ਸੀ ਲੁੱਟਣ ਦਿਤੀ ਤੇ ਅੰਮ੍ਰਿਤ-ਕਟੋਰਿਆਂ ਨੂੰ ਤਰੁੰਡਦੇ ਹਿਰਸੀ ਹੱਥ ਵੱਢ ਸੁੱਟੇ ਸਨ।

ਲੋਕਾਂ ਦੀ ਠਾਠਾਂ ਮਾਰਦੀ ਭੀੜ ਤੋਂ ਸੰਗੀਨਾਂ ਵਾਲੇ ਤ੍ਰਹਿ ਗਏ। ਰਾਜੇ ਨੇ ਆਪਣੇ ਸਤ ਸਮੁੰਦਰ ਪਾਰਲੇ ਦੇਸ ਵਿਚੋਂ ਸਿਪਾਹੀ ਘੱਲੇ। ਸਿਪਾਹੀਆਂ ਨੇ ਲੋਕਾਂ ਉਤੇ ਗੋਲੀਆਂ ਦੀ ਵਾਛੜ ਕੀਤੀ। ਪਰ ਗੋਲੀਆਂ ਜਿਵੇਂ ਸਮੁੰਦਰ ਵਿੱਚ ਡਿਗ ਰਹੀਆਂ ਹੋਣ ! ਫੇਰ ਸੱਤ ਸਮੁੰਦਰ ਪਾਰ ਰਾਜੇ ਨੇ ਅਨਗਿਣਤ ਬੰਬ-ਮਾਰ ਜਹਾਜ਼ ਘੱਲੇ।

ਪਰ ਲੋਕਾਂ ਦੀ ਭੀੜ ਹੁਣ ਇਕ ਮਹਾਨ ਫ਼ੌਜ ਬਣ ਚੁੱਕੀ ਸੀ। ਬੰਬ ਵਰ੍ਹਦੇ ਤੇ ਕਈ ਉਹਨਾਂ ਝੰਡਿਆਂ ਸਣੇ ਡਿਗ ਪੈਂਦੇ ਜਿਹਨਾਂ ਉਤੇ ਇਕ ਨਿੱਘੇ ਆਲ੍ਹਣੇ ਦੀ ਤਸਵੀਰ ਸੀ, ਤੇ ਸੁਹਣੀ ਸਵੇਰ ਦੀਆਂ ਕਿਰਨਾਂ ਸਨ। ਪਰ ਜਿੰਨੇ ਡਿਗਦੇ ਓਦੂੰ ਦੂਣੇ, ਓਦੂੰ ਚੌਣੇ ਏਸ ਦੇਸ ਦੀਆਂ ਅਨਗਿਣਤ ਪਗ-ਡੰਡੀਆਂ ਤੋਂ ਏਸ ਫ਼ੌਜ ਵਿਚ ਆ ਰਲਦੇ, ਤੇ ਝੰਡਿਆਂ ਨੂੰ ਚੁੰਮ ਕੇ ਚੁਕ ਲੈਂਦੇ। ਫ਼ੌਜ ਪੈਰੋ-ਪੈਰ ਵਧੇਰੇ ਤਕੜੀ ਹੁੰਦੀ ਅਗਾਂਹ ਵਧਦੀ ਜਾਂਦੀ, ਕਿਲਿਆਂ ਵਲ, ਜੇਲ੍ਹਾਂ ਵਲ- ਕਿਲੇ ਤੇ ਜੇਲ੍ਹ, ਜਿਹੜੇ ਉਹਨਾਂ ਦੇ ਦੇਸ ਦੇ ਪਿੰਡੇ ਉਤੇ ਮਾਤਾ ਦੇ ਫਲੂਹਿਆਂ ਵਾਂਗ ਉਭਰ ਆਏ ਸਨ।

ਲੋਕਾਂ ਦੀ ਫ਼ੌਜ ਅੱਗੇ ਵਧਦੀ ਗਈ, ਤੇ ਤਿੱਲੇ ਦੀਆਂ ਵਰਦੀਆਂ ਵਾਲੇ- ਆਪਣੇ ਦੇਸ ਦੇ ਚੂਹਿਆਂ ਤੇ ਲੋੜ ਪੈਣ ਤੇ ਨਿਤਾਣੇ ਲੋਕਾਂ ਨੂੰ ਮਾਰਨ ਲਈ ਰੱਖੇ ਸੇਵਕ- ਇਹਨਾਂ ਨਵੇਂ ਕਿਸਮ ਦੇ ਲੋਕਾਂ ਤੋਂ ਡਰ ਕੇ ਜੰਗਲਾਂ ਵਿੱਚ ਲੁਕਣ ਲਈ ਭੱਜ ਗਏ। ਪਰ ਜਿਸ ਦੇਸ ਨਾਲ ਇਹਨਾਂ ਧ੍ਰੋਹ ਕਮਾਇਆ ਸੀ ਉਹਦੇ ਜੰਗਲਾਂ ਨੇ ਈ ਇਹਨਾਂ ਨੂੰ ਓਟ ਨਾ ਦਿਤੀ। ਕੁਝ ਲੋਕਾਂ ਦੀ ਫ਼ੌਜ ਦੇ ਹਥ ਆ ਗਏ, ਤੇ ਬਾਕੀਆਂ ਨੂੰ ਜੰਗਲਾਂ ਵਿੱਚ ਸੱਪ ਡੰਗ ਗਏ, ਚੀਤੇ ਤੇ ਸ਼ੇਰ ਪਾੜ ਗਏ।

ਤੇ ਜਿਹੜੇ ਸੱਤ ਸਮੁੰਦਰੋਂ ਪਾਰੋਂ ਨਵੇਂ ਹਾਕਮ ਆ ਕੇ ਏਥੇ ਵੱਸੇ ਹੋਏ ਸਨ, ਤੇ ਉਹਨਾਂ ਦੀਆਂ ਪਲਟਣਾਂ, ਤੇ ਬੰਬ ਵਰ੍ਹਾਣ ਵਾਲੇ ਉਡਾਰੂ- ਇਹ ਸਾਰੇ ਡਰ ਨਾਲ ਏਨੇ ਸ਼ੁਦਾਈ ਹੋ ਗਏ ਕਿ ਕਈ ਹਾਕਮ ਰਾਤ ਨੂੰ ਡਰਾਉਣੇ ਵਿਚੋਂ ਬੁੜ੍ਹਾਂਦੇ ਉਠਦੇ ਤੇ ਨਾਲ ਦੀ ਮੰਜੀ 'ਤੇ ਲੇਟੀ ਆਪਣੀ ਵਹੁਟੀ ਨੂੰ ਵੈਰੀ ਦਾ ਸੂਹੀਆ ਸਮਝ ਕੇ ਗੋਲੀ ਮਾਰ ਦੇਂਦੇ। ਇਕੋ ਹੀ ਪਲਟਣ ਦੇ ਦੋ ਦਸਤੇ ਸ਼ਾਮ ਦੇ ਘੁਸਮੁਸੇ ਵਿੱਚ ਇੱਕ ਦੂਜੇ ਨੂੰ ਦੁਸ਼ਮਨ ਸਮਝ ਕੇ ਕੰਬਦੀਆਂ ਉਂਗਲਾਂ ਨਾਲ ਗੋਲੀਆਂ ਦਾਗ਼ ਦੇਂਦੇ। ਅਸਮਾਨਾਂ ਦੀਆਂ ਉਚਾਈਆਂ ਵਿੱਚ ਉਡਦਿਆਂ ਬੰਬ ਵਰ੍ਹਾਣ ਵਾਲਿਆਂ ਨੂੰ ਏਸ ਸੁਹਣੇ ਦੇਸ ਦੇ ਬੱਦਲ ਇੰਝ ਘੇਰ ਲੈਂਦੇ ਕਿ ਉਹ ਹਾਕਮਾਂ ਦੀਆਂ ਸ਼ਾਨਦਾਰ ਬਸਤੀਆਂ ਤੇ ਕਿਲਿਆਂ ਨੂੰ ਲੋਕਾਂ ਦੇ ਪਿੰਡ ਸਮਝ ਕੇ ਬੰਬ ਮਾਰੀ ਜਾਂਦੇ।

ਲੋਕਾਂ ਦੀ ਫ਼ੌਜ ਅੱਗੇ ਵਧਦੀ ਗਈ, ਏਨੀ ਅੱਗੇ ਕਿ ਕਿਲਿਆਂ ਦੇ ਫਾਟਕ ਉਹਨਾਂ ਦੀ ਧਮਕ ਨਾਲ ਕੰਬਣ ਲਗ ਪਏ, ਏਨੀ ਅਗੇ ਕਿ ਜੇਲ੍ਹਾਂ ਵਿਚ ਡੱਕੇ ਬਹਾਦਰਾਂ ਦੇ ਗੀਤ, ਬਾਜ਼ ਦੀ ਉਡਾਰੀ ਵਾਂਗ ਸਰ ਸਰ ਕਰਦੇ, ਉਹਨਾਂ ਦੇ ਗੀਤਾਂ ਨਾਲ ਰਲ ਗਏ। ਲੋਕਾਂ ਦੀ ਫ਼ੌਜ ਹੋਰ ਅੱਗੇ ਵਧ ਗਈ, ਤੇ ਫੇਰ ਫਾਟਕ ਭੰਨ ਦਿਤੇ ਗਏ। ਲੋਕਾਂ ਦੀ ਕਿਰਤ ਦੇ ਫਲ ਅਜ਼ਾਦ ਹੋ ਗਏ। ਜੇਲ੍ਹਾਂ ਵਿੱਚ ਡੱਕੇ ਬਹਾਦਰਾਂ ਨੂੰ ਲੋਕਾਂ ਨੇ ਗਲਵੱਕੜੀਆਂ ਪਾ ਲਈਆਂ। ਕਿਲਿਆਂ ਤੇ ਜੇਲ੍ਹਾਂ ਉਤੇ ਲੋਕਾਂ ਨੇ ਝੰਡੇ ਗੱਡ ਦਿਤੇ, ਝੰਡੇ ਜਿਨ੍ਹਾਂ ਉਤੇ ਨਿੱਘੇ ਆਲ੍ਹਣੇ ਦੀ ਮੂਰਤ ਤੇ ਸੁਹਣੀ ਸਵੇਰ ਦੀਆਂ ਕਿਰਨਾਂ ਸਨ। ਤੇ ਮੁੜ ਪਹਿਲੀਆਂ ਰੁੱਤਾਂ ਪਰਤ ਆਈਆਂ- ਕੋਈ ਪੀਂਘਾਂ ਤੇ ਕੋਇਲਾਂ ਦੀ, ਕੋਈ ਪੱਤਿਆਂ ਦੇ ਝੜਨ ਦੀ, ਤੇ ਕੋਈ ਫੁੱਲਾਂ ਦੇ ਖਿੜਨ ਦੀ.......

# ਅਹਿਸਾਸ

## ਮਨਜੀਤ ਕੌਰ ਸੰਧੂ

ਸੁਖਜੀਤ ਇੱਕ ਘਰੇਲੂ ਸੁਆਣੀ ਸੀ। ਉਸ ਦਾ ਪਤੀ ਬਿੱਕਰ ਸਿੰਘ ਵੀ ਬਹੁਤ ਸਖ਼ਤ ਮਿਹਨਤ ਕਰਦਾ ਸੀ। ਉਹ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਦਾ। ਕਦੇ ਵੀ ਮੱਥੇ ਵੱਟ ਨਾ ਪਾਉਂਦਾ।ਉਸ ਦਾ ਸਰੀਰ ਸੁਡੌਲ ਤੇ ਤਾਕਤਵਰ ਸੀ। ਇੱਕ ਕੁਇੰਟਲ ਵਜ਼ਨ ਤਾਂ ਸ਼ਰਤ ਕਰਕੇ ਇਕੱਲਾ ਹੀ ਚੁੱਕ ਦਿੰਦਾ ਸੀ। ਕਈ ਵਾਰ ਉਸ ਤੋਂ ਵੀ ਵੱਧ ਹੋ ਜਾਂਦਾ ਸੀ। ਉਸ ਦੇ ਸਾਰੇ ਭੈਣ-ਭਰਾ ਉੱਚ ਅਹੁਦਿਆਂ 'ਤੇ ਤਾਇਨਾਤ ਸਨ। ਸੁਖਜੀਤ ਨੇ ਵੀ ਮੋਢੇ ਨਾਲ ਮੋਢਾ ਲਾ ਕੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਚੁੱਕੀਆਂ ਤੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੀ ਰਹੀ। ਘਰ ਦੇ ਕੰਮਕਾਜ ਕਰਦੀ ਨੂੰ ਪਤਾ ਹੀ ਨਾ ਲੱਗਦਾ ਕਿ ਦਿਨ ਕਦੋਂ ਖ਼ਤਮ ਹੋ ਜਾਂਦਾ ਤੇ ਮਸਾਂ ਹੀ ਮੰਜੇ ਵਿੱਚ ਡਿੱਗਦੀ।

ਇੱਕ ਦਿਨ ਸੁਖਜੀਤ ਡੂੰਘੀਆਂ ਸੋਚਾਂ ਵਿੱਚ ਡੁੱਬੀ ਹੋਈ ਸੀ ਕਿ ਉਸ ਦੀ ਬੱਚੀ ਨੇ ਸਕੂਲੋਂ ਆ ਕੇ ਪੁੱਛਿਆ, "ਮੰਮਾ ਕੀ ਹੋਇਆ ਉਦਾਸ ਬੈਠੇ ਓਂ!"

ਉਹ 'ਕੁਝ ਨਹੀਂ ਪੁੱਤ' ਕਹਿੰਦੀ ਹੋਈ ਬੀਤੇ ਹੋਏ ਸਮੇਂ ਵੱਲ ਚਲੀ ਗਈ। ਸੁਖਜੀਤ ਇੱਕ ਬਹੁਤ ਹੀ ਸਮਝਦਾਰ ਤੇ ਪੜ੍ਹੇ ਲਿਖੇ ਪਰਿਵਾਰ ਦੀ ਧੀ ਸੀ। ਉਸ ਦੇ ਪਿਤਾ ਗੁਣੀ ਗਿਆਨੀ ਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਸੁਖਜੀਤ ਹੁਰੀਂ ਚਾਰ ਭੈਣ ਭਰਾ ਸਨ। ਪਿੰਡ ਪ੍ਰਾਇਮਰੀ ਸਕੂਲ ਸੀ। ਉਸ ਨੇ ਰਿਸ਼ਤੇਦਾਰਾਂ ਕੋਲ ਰਹਿ ਕੇ ਗਿਆਰਵੀਂ ਪਾਸ ਕੀਤੀ। ਗੁਰਬਤ ਭਰੀ ਜ਼ਿੰਦਗੀ ਕੱਟ ਰਹੇ ਮਾਪਿਆਂ ਨੇ ਸੋਚਿਆ ਕਿ ਸੁੱਖੀ ਦਾ ਵਿਆਹ ਕਰ ਦਿੰਦੇ ਹਾਂ ਪਰ ਉਸੇ ਵਕਤ ਕਿਸੇ ਨੇ ਰਾਇ ਦਿੱਤੀ ਕਿ ਬੀ.ਏ. ਕਰਵਾ ਲਉ,ਆਪਣੇ ਪੈਰਾਂ 'ਤੇ ਖੜ੍ਹੀ ਹੋ ਜਾਵੇਗੀ। ਰਿਸ਼ਤੇ ਵਿੱਚੋਂ ਭੂਆ ਨੇ ਫੀਸ ਭਰ ਕੇ ਹੋਸਟਲ ਦਾ ਵੀ ਬੰਦੋਬਸਤ ਕਰ ਦਿੱਤਾ। ਸੁਖਜੀਤ ਨੇ ਪਹਿਲਾ ਸਾਲ ਬਹੁਤ ਵਧੀਆ ਅੰਕ ਲੈ ਕੇ ਪਾਸ ਕੀਤਾ ਤੇ ਛੁੱਟੀਆਂ ਵਿੱਚ ਪਿੰਡ ਵੀ ਗੇੜਾ ਲਾ ਜਾਂਦੀ ਰਹੀ। ਉਸ ਦਾ ਵੱਡਾ ਭਰਾ ਕਾਲਜ ਵਿੱਚ ਲਾਇਬ੍ਰੇਰੀਅਨ ਸੀ। ਜਦੋਂ ਵੀ ਉਸ ਨੂੰ ਮਿਲਣ ਆਉਂਦਾ ਚੰਗੇ ਸਾਹਿਤ ਨਾਲ ਜੁੜਨ ਵਾਸਤੇ ਪ੍ਰੇਰਦਾ ਰਹਿੰਦਾ। ਸੁਖਜੀਤ ਦੀ ਸਹੇਲੀ ਕਮਲ ਬਹੁਤ ਹੀ ਸੂਝਵਾਨ ਸੀ। ਹੋਸਟਲ ਵਿੱਚ ਇਕੱਠੀਆਂ ਰਹਿੰਦੀਆਂ। ਕਮਲ ਬਹੁਤ ਅਮੀਰ ਘਰ ਦੀ ਕੁੜੀ ਸੀ ਪਰ ਉਹ ਬਿਲਕੁਲ ਵੀ ਪੈਸੇ ਦਾ ਹੰਕਾਰ ਨਹੀਂ ਸੀ ਕਰਦੀ। ਕਮਲ ਦਾ ਭਰਾ ਹਰਮਨ ਵੀ ਅੰਗਰੇਜ਼ੀ ਦੀ ਐਮ.ਏ. ਕਰ ਰਿਹਾ ਸੀ। ਉਹ ਹਰ ਰੋਜ਼ ਘਰੋਂ ਆਉਂਦਾ ਸੀ। ਕਦੇ ਕਦੇ ਕੋਈ ਚੀਜ਼ ਵਸਤ ਦੇਣ ਵਾਸਤੇ ਕਾਲਜ ਆਉਂਦਾ ਤਾਂ ਕਮਲ ਵੀ ਸੁਖਜੀਤ ਨੂੰ ਨਾਲ ਲੈ ਕੇ ਗੈਸਟ ਰੂਮ 'ਚ ਹਰਮਨ ਨੂੰ ਮਿਲਣ ਆਉਂਦੀ। ਅਚਾਨਕ ਪਤਾ ਹੀ ਨਹੀਂ ਚੱਲਿਆ ਕਦੋਂ ਸੁਖਜੀਤ ਦੀਆਂ ਅੱਖਾਂ ਚਾਰ ਹੋ ਗਈਆਂ। ਹਰਮਨ ਕਦੇ ਕਦੇ ਹੋਸਟਲ ਆਉਂਦਾ ਤੇ ਵਾਰਡਨ ਤੋਂ ਆਗਿਆ ਲੈ ਕੇ ਉਸ ਨੂੰ ਘੁੰਮਾਉਣ ਲੈ ਜਾਂਦਾ। ਹੌਲੀ ਹੌਲੀ ਕਮਲ ਨੂੰ ਵੀ ਪਤਾ ਲੱਗ ਗਿਆ। ਥੋੜ੍ਹਾ ਬਹੁਤ ਗਿਲਾ ਸ਼ਿਕਵਾ ਹੋਣ ਤੋਂ ਬਾਅਦ ਸਭ ਠੀਕ ਹੋ ਗਿਆ।

ਹਰਮਨ ਨੇ ਹਮੇਸ਼ਾ ਹੀ ਵਿਸ਼ਵਾਸ ਦਿਵਾਇਆ ਕਿ ਆਪਾਂ ਜ਼ਿੰਦਗੀ ਭਰ ਇਕੱਠੇ ਰਹਿਣਾ ਹੈ, ਦੁਨੀਆਂ ਦੀ ਕੋਈ ਤਾਕਤ ਆਪਾਂ ਨੂੰ ਵੱਖ ਨਹੀਂ ਕਰ ਸਕਦੀ, ਪਰ ਸੁਖਜੀਤ ਨੇ ਹਰ ਸਮੇਂ ਡਰ ਜ਼ਾਹਿਰ ਕਰਨਾ, "ਹਰਮਨ, ਆਪਣਾ ਮੁਕਾਬਲਾ ਨਹੀਂ। ਮੇਰੀਆਂ ਤਾਂ ਫੀਸਾਂ ਵੀ ਕੋਈ ਰਿਸ਼ਤੇਦਾਰ ਭਰ ਰਿਹਾ ਹੈ। ਤੇਰੇ ਪਿਤਾ ਜੀ ਵਧੀਆ ਮਹਿਕਮੇ ਵਿੱਚ ਅਫਸਰ ਹਨ।" ਹਰਮਨ ਨੇ ਉਸ ਦੇ ਦਿਲ ਦਾ ਡਰ ਦੂਰ ਕਰਨਾ, "ਮੈਂ ਆਪਣੇ ਮਾਪਿਆਂ ਦਾ ਇਕੱਲਾ ਪੁੱਤਰ ਹਾਂ। ਉਹ ਮੇਰੀ ਹਰ ਗੱਲ ਮੰਨਦੇ ਹਨ। ਤੁਸੀਂ ਇਸ ਗੱਲ ਬਾਰੇ ਬਿਲਕੁਲ ਨਾ ਸੋਚੋ। ਆਪਣੀ ਪੜ੍ਹਾਈ ਪੂਰੀ ਕਰੋ।" ਸੁਖਜੀਤ ਦਾ ਇਹ ਬੀ.ਏ. ਦਾ ਆਖ਼ਰੀ ਸਾਲ ਸੀ। ਹਰਮਨ ਦੀ ਸਲਾਹ ਸੀ ਕਿ ਸੁਖਜੀਤ ਵੀ ਅੰਗਰੇਜੀ ਦੀ ਐਮ.ਏ. ਕਰੇ। ਫਿਰ ਵਿਆਹ ਦਾ ਸੋਚਾਂਗੇ। ਖਰਚ ਵੀ ਦੋ ਸਾਲ ਦਾ ਉਹ ਕਰਨ ਲਈ ਤਿਆਰ ਸੀ। ਇੱਕ ਦਿਨ ਹਰਮਨ ਨੇ ਮਾਤਾ-ਪਿਤਾ ਨਾਲ ਸੁਖਜੀਤ ਬਾਰੇ ਗੱਲ ਕੀਤੀ, ਪਰ ਉਨ੍ਹਾਂ ਨੂੰ ਪਹਿਲਾਂ ਹੀ ਕਮਲ ਨੇ ਥੋੜ੍ਹਾ ਬਹੁਤ ਦੱਸਿਆ ਹੋਇਆ ਸੀ। ਪਿਤਾ ਜੀ ਨੇ ਕਿਹਾ, "ਮੈਂ ਜਾਣਦਾ ਹਾਂ ਸੁਖਜੀਤ ਬਹੁਤ ਹੀ ਲਾਇਕ ਕੁੜੀ ਹੈ, ਪਰ ਆਪਾਂ ਰਿਸ਼ਤੇਦਾਰਾਂ ਨੂੰ ਕੀ ਦੱਸਾਂਗੇ ਕਿ ਹਰਮਨ ਦੇ ਸਹੁਰੇ ਰੋਟੀ ਵੀ ਮਸਾਂ ਖਾਂਦੇ ਹਨ!" ਹਰਮਨ ਨੇ ਪੂਰੀ ਜ਼ਿੱਦ ਕੀਤੀ ਕਿ ਜੇ ਵਿਆਹ ਹੋਣਾ ਤਾਂ ਸੁਖਜੀਤ ਨਾਲ, ਨਹੀਂ ਤਾਂ ਕਰਨਾ ਹੀ ਨਹੀਂ। ਉਸ ਦੇ ਘਰ ਵਾਲੇ ਜਲਦੀ ਹੀ ਜ਼ਿੱਦ ਅੱਗੇ ਝੁਕ ਗਏ। ਸੁਖਜੀਤ ਨੇ ਵੀ ਉਹ ਨੂੰ ਦੱਸਿਆ ਕਿ ਜਿਹੜੇ ਰਿਸ਼ਤੇਦਾਰ ਉਸ ਦਾ ਖ਼ਰਚ ਕਰ ਰਹੇ ਨੇ ਉਹ ਵੀ ਕਿਸੇ ਪਾਸੇ ਉਸ ਦੇ ਰਿਸ਼ਤੇ ਦੀ ਗੱਲ ਕਰ ਰਹੇ ਹਨ। ਪੰਜ ਸੱਤ ਦਿਨਾਂ ਪਿੱਛੋਂ ਹਰਮਨ ਨੇ ਕਿਸੇ ਵਾਕਫ਼ਕਾਰ ਨੂੰ ਸੁਖਜੀਤ ਦੇ ਘਰ ਰਿਸ਼ਤੇ ਸਬੰਧੀ ਗੱਲ ਕਰਨ ਲਈ ਭੇਜਿਆ। ਘਰ ਕੁਝ ਵੀ ਪਤਾ ਨਾ ਹੋਣ ਕਰਕੇ ਉਨ੍ਹਾਂ ਆਖ ਦਿੱਤਾ ਕਿ ਸੋਚ ਕੇ ਦੱਸਣਗੇ।

ਜਦੋਂ ਹਰਮਨ ਬਾਰੇ ਪੜਤਾਲ ਕੀਤੀ ਤਾਂ ਮਾਤਾ ਜੀ ਨੇ ਕਹਿ ਦਿੱਤਾ ਕਿ ਮੁੰਡਾ ਤਾਂ ਮੇਰੇ ਗੋਤ ਤੋਂ ਹੈ, ਗੋਤ ਮਿਲਦੇ ਹੋਣ ਕਰਕੇ ਵਿਆਹ ਨਹੀਂ ਹੋ ਸਕਦਾ। ਸੁਖਜੀਤ ਦੇ ਵਾਰ ਵਾਰ ਗੱਲ ਕਰਨ 'ਤੇ ਲੱਗਾ ਕਿ ਦਾਲ ਵਿੱਚ ਕੁਝ ਕਾਲਾ ਹੈ। ਉਸ ਨੂੰ ਪੇਪਰ ਦੇਣ ਤੋਂ ਪਹਿਲਾਂ ਹੀ ਘਰ ਲੈ ਆਏ। ਇੱਧਰ ਸੁਖਜੀਤ ਦਾ ਰੋ ਰੋ ਕੇ ਬੁਰਾ ਹਾਲ ਸੀ ਤੇ ਹਰਮਨ ਨੇ ਵੀ ਐਲਾਨ ਕਰ ਦਿੱਤਾ ਕਿ ਮੈਂ ਵੀ ਪੇਪਰ ਨਹੀਂ ਦੇਣੇ ਐਤਕੀਂ ਵਾਰ। ਘਰ ਦਾ ਮਾਹੌਲ ਵੇਖ ਕੇ ਕਮਲ ਦਸ ਕੁ ਦਿਨਾਂ ਬਾਅਦ ਆਪਣੇ ਡੈਡੀ ਨੂੰ ਨਾਲ ਲੈ ਕੇ ਸੁਖਜੀਤ ਦੇ ਪਿੰਡ ਆ ਗਈ। ਉਨ੍ਹਾਂ ਦੇ ਬਹੁਤ ਜ਼ੋਰ ਦੇਣ 'ਤੇ ਵੀ ਮਾਂ ਨਾ ਮੰਨੀ ਪਰ ਪਿਤਾ ਜੀ ਕੁਝ ਉਸ ਦੇ ਹੱਕ ਵਿੱਚ ਸਨ ਕਿ ਗੋਤਾਂ ਨੂੰ ਕੌਣ ਪੁੱਛਦਾ ਹੈ। ਧੀ ਸੁਖੀ ਹੋਣੀ ਚਾਹੀਦੀ ਹੈ। ਕਮਲ ਜਾਣ ਵੇਲੇ ਸੁੱਖੀ ਨੂੰ ਕਲਾਵੇ ਵਿੱਚ ਲੈ ਕੇ ਬਹੁਤ ਰੋਈ ਕਿ ਪਤਾ ਨਹੀਂ ਆਪਾਂ ਨੇ ਦੁਬਾਰਾ ਮਿਲਣੈ ਕਿ ਨਹੀਂ। ਕਮਲ ਹਰਮਨ ਦੀ ਚਿੱਠੀ ਸੁਖਜੀਤ ਦੀ ਮੁੱਠੀ ਵਿੱਚ ਦੇ ਕੇ ਚਲੀ ਗਈ। ਸੁਖਜੀਤ ਦੇ ਪਹਾੜ ਜਿੱਡੇ ਜਿੱਡੇ ਦਿਨ ਹੋਏ ਪਏ ਸਨ। ਘਰ ਦੇ ਉਸ ਦੀ ਉਦਾਸੀ ਵੇਖ ਕੇ ਬਹੁਤ ਝੂਰਦੇ ਸਨ। ਸੁਖਜੀਤ ਦੇ ਵੱਡੇ ਭਰਾ ਨੇ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਵਿਅਰਥ। ਸੁਖਜੀਤ ਦੀ ਪਿੰਡ ਇੱਕ ਸਹੇਲੀ ਸੀ ਪਰ ਉਹ ਅਨਪੜ੍ਹ ਸੀ। ਉਸ ਦਾ ਪਤੀ ਫ਼ੌਜ ਵਿੱਚ ਹੋਣ ਕਰਕੇ ਜ਼ਿਆਦਾ ਪੇਕੇ ਹੀ ਰਹਿੰਦੀ। ਉਸ ਦੀਆਂ ਚਿੱਠੀਆਂ ਸੁਖਜੀਤ ਲਿਖਦੀ ਵੀ ਰਹੀ ਤੇ ਪੜ੍ਹਦੀ ਵੀ। ਚਿੱਠੀਆਂ ਪੜ੍ਹ ਕੇ ਉਸ ਨੂੰ ਵੀ ਇੰਝ ਲੱਗਦਾ ਕਿ ਮੇਰਾ ਪਤੀ ਹੀ ਮੈਨੂੰ ਮਿਲ ਗਿਆ। ਇੱਕ ਦਿਨ ਸਹੇਲੀ ਨੇ ਜ਼ੋਰ ਦੇ ਕੇ ਸੁਖਜੀਤ ਨੂੰ ਉਦਾਸੀ ਦਾ ਕਾਰਨ ਪੁੱਛਿਆ। ਸੁੱਖੀ ਨੇ ਸਾਰੀ ਵਿਥਿਆ ਦੱਸ ਦਿੱਤੀ ਤੇ ਉਸ ਨੂੰ ਹੱਲ ਕੱਢਣ ਵਾਸਤੇ ਵੀ ਕਿਹਾ। ਘਰਦਿਆਂ ਨਾਲ ਗੱਲ ਕਰਨ ਤੋਂ ਸੁੱਖੀ ਨੇ ਮਨ੍ਹਾਂ ਕਰ ਦਿੱਤਾ ਕਿ ਘਰ ਦੇ ਉਸ ਕੋਲ ਜਾਣ ਤੋਂ ਵੀ ਰੋਕ ਦੇਣਗੇ। ਉਨ੍ਹਾਂ ਨੇ ਏਨਾ ਕੁ ਹੱਲ ਕੱਢ ਲਿਆ ਕਿ ਹਰਮਨ ਦੀ ਚਿੱਠੀ ਫ਼ੌਜੀ ਦੇ ਐਡਰੈੱਸ ਨਾਲ ਆਉਣ ਲੱਗ ਪਈ। ਅਜੇ ਇਹ ਸਿਲਸਿਲਾ ਤਿੰਨ ਕੁ ਮਹੀਨੇ ਚੱਲਿਆ ਸੀ ਕਿ ਘਰਦਿਆਂ ਨੂੰ ਮਹਿਸੂਸ ਹੋਇਆ, ਸੁੱਖੀ ਹੁਣ ਠੀਕ ਹੈ। ਇਸ ਦਾ ਵਿਆਹ ਕਰ ਦੇਈਏ ਤਾਂ ਘਰ ਗ੍ਰਹਿਸਥੀ ਵਿੱਚ ਸਭ ਕੁਝ ਭੁੱਲ ਜਾਵੇਗੀ। ਸੁਖਜੀਤ ਵੀ ਝੁਕ ਗਈ ਤੇ ਅਧੂਰੀਆਂ ਸੱਧਰਾਂ ਨਾਲ ਸਹੁਰੇ ਆ ਗਈ। ਕਾਫ਼ੀ ਵੱਡਾ ਪਰਿਵਾਰ ਸੀ। ਘਰ ਵਿੱਚ ਵੱਡੇ ਭਰਾਵਾਂ ਦਾ ਹੀ ਦਬਦਬਾ ਸੀ । ਸੁੱਖੀ ਦਾ ਪਤੀ ਜ਼ਿਆਦਾ ਹੀ ਸਾਊ ਸੁਭਾਅ ਦਾ ਮਾਲਕ ਸੀ। ਘਰ ਦੇ ਮੈਂਬਰ ਹਰ ਵਕਤ ਸੁੱਖੀ ਦਾ ਮਨ ਲਾਉਣ ਦੀ ਕੋਸ਼ਿਸ਼ ਕਰਦੇ। ਉਸ ਦਾ ਮਨ ਤਾਂ ਹਰ ਵਕਤ ਹਰਮਨ ਦੇ ਖ਼ਿਆਲਾਂ 'ਚ ਹੀ ਖੁੱਭਿਆ ਰਹਿੰਦਾ। ਉਹ ਸੋਚਦੀ ਰਹਿੰਦੀ ਕਿ ਸਰੀਰ ਭਾਵੇਂ ਇੱਥੇ ਹੈ ਪਰ ਦਿਲ ਨਹੀਂ! ਸੁਖਜੀਤ ਘਰ ਦੇ ਕੰਮਾਂ ਕਾਰਾਂ ਵਿੱਚ ਰੁੱਝੀ ਰਹਿੰਦੀ। ਕੁਝ ਦਿਨ ਪੇਕੇ ਵੀ ਲਾ ਆਉਂਦੀ। ਹਰਮਨ ਨਾਲ ਕਦੇ ਕਦਾਈਂ ਚਿੱਠੀ ਪੱਤਰ ਨਾਲ ਗੱਲ ਹੋ ਜਾਂਦੀ। ਅਚਾਨਕ ਹੀ ਧੀ ਦਾ ਜਨਮ ਹੋਇਆ ਤਾਂ ਸੁਖਜੀਤ ਸਭ ਕੁਝ ਭੁੱਲ ਕੇ ਧੀ ਨੂੰ ਸਮਰਪਿਤ ਹੋ ਗਈ। ਧੀ ਨੂੰ ਪੜ੍ਹਾ ਲਿਖਾ ਕੇ ਸਮਾਜ ਵਿੱਚ ਸਨਮਾਨ ਯੋਗ ਥਾਂ ਦਿਵਾਈ। ਆਪਣੇ ਅਧੂਰੇ ਸੁਪਨੇ ਧੀ ਵਿੱਚੋਂ ਪੂਰੇ ਕੀਤੇ। ਉਸ ਦੀ ਹਰ ਲੋੜ ਮੰਗਣ ਤੋਂ ਪਹਿਲਾਂ ਪੂਰੀ ਕੀਤੀ। ਅਚਾਨਕ ਹੀ ਧੀ ਦੀ ਆਵਾਜ਼ ਨਾਲ ਸੋਚਾਂ ਦੀ ਲੜੀ ਟੁੱਟ ਗਈ ਤੇ ਹਰ ਰੋਜ਼ ਦੀ ਤਰ੍ਹਾਂ ਆਪਣੇ ਕੰਮਾਂ ਕਾਰਾਂ ਵਿੱਚ ਰੁੱਝ ਗਈ।

# ਮੇਰੀ ਕਲਮ

## ਢੀਠ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਹੈ ਬੜੇ ਹੀ ਭਾਗਾਂ ਵਾਲੇ,
ਜਿਨ੍ਹਾਂ ਨੂੰ ਢੀਠ ਹੋਣ ਦਾ ਵਰ ਮਿਲਿਆ,
ਨਾ ਹਿੱਸੇ ਉਨ੍ਹਾਂ ਦੇ ਸ਼ਰਮ ਆਈ,
ਨਾ ਬੇਇਜ਼ਤੀ ਦਾ ਕੋਈ ਡਰ ਮਿਲਿਆ।

ਸਦਾ ਢੋਲੇ ਦੀਆਂ ਗਾਉਂਦੇ ਨੇ,
'ਤੇ ਚੜ੍ਹੀ ਲੱਥੀ ਦੀ ਨਹੀਂ ਪਰਵਾਹ,
ਜੇ ਚਾਰ ਕੋਈ ਮਾਰ ਵੀ ਦੇਵੇ,
ਫੇਰ ਵੀ ਕਹਿੰਦੇ ਵਾਹ ਜੀ ਵਾਹ।

ਚਮੜੀ ਇਨ੍ਹਾਂ ਦੀ ਸਖਤ ਹੁੰਦੀ,
'ਤੇ ਸੱਟ ਇਨ੍ਹਾਂ ਦੇ ਲੱਗਦੀ ਨਹੀਂ,
ਬਿਨਾ ਖਾਧਿਉਂ ਕੁੱਟ ਇਨ੍ਹਾਂ ਨੂੰ,
ਰੋਟੀ ਖਾਧੀ ਵੀ ਪਚਦੀ ਨਹੀਂ।

ਬੇ ਹਿਆਈ ਦੇ ਸਿਰ 'ਤੇ ਹੀ,
ਸਦਾ ਦੁੱਧ ਮਲਾਈਆਂ ਖਾਂਦੇ ਨੇ,
ਸ਼ਰਮਾਵਣ ਵਾਲੇ ਸ਼ਰੀਫ਼ਾਂ ਨੂੰ,
ਰੱਜ ਕੇ ਠੁੱਠ ਦਿਖਾਉਂਦੇ ਨੇ।

ਜਿੱਧਰ ਜਾਵਣ ਚਾਰੇ ਪਾਸੇ,
ਮਸ਼ਹੂਰੀ ਆਪਣੀ ਕਰਾ ਬਹਿੰਦੇ,
ਨਾਮ ਭਾਵੇਂ ਕਿਤੇ ਨਾ ਵੀ ਬਣੇ,
ਬਦਨਾਮ ਹੋ ਕੇ ਵੀ ਖੁਸ਼ ਰਹਿੰਦੇ।

ਹੋਵੇ ਭਾਵੇਂ ਅਨਪੜ੍ਹ ਕੋਈ,
ਜਾਂ ਕੋਈ ਹੋਵੇ ਪੀ ਐਚ ਡੀ,
ਇਨ੍ਹਾਂ ਦੀ ਆਪਣੀ ਹੀ ਡਿਗਰੀ ਹੈ,
ਜੋ ਸਭ ਡਿਗਰੀਆਂ ਤੋਂ ਉੱਪਰ ਜੀ।

ਆਪਣਾ ਉੱਲੂ ਸਿਧਾ ਕਰਨੇ ਲਈ,
ਇਹ ਹੱਦਾਂ ਸਾਰੀਆਂ ਪਾਰ ਕਰਨ,
ਬੂਹੇ ਦੇ ਘਰ ਤੱਕ ਪਹੁੰਚਣ ਤੋਂ,
ਇਹ ਕਿਸੇ ਵੀ ਵੇਲੇ ਕਦੀ ਨਾ ਡਰਨ।

ਇੱਕ ਕੰਨ ਪਾ ਕੇ ਦੂਜੇ ਤੋਂ ਕੱਢਣੀ,
ਇਹ ਇਨ੍ਹਾਂ ਦੀ ਆਦਤ ਹੈ,
ਅਕਲ ਦੀ ਗੱਲ ਨੇੜਿਉਂ ਨਾ ਲੰਘੇ,
ਐਸੀ ਇਨ੍ਹਾਂ ਦੀ ਜ਼ਲਾਲਤ ਹੈ।

ਹੇਠੀ ਦਾ ਗਹਿਣਾ ਸਜੇ ਸਦਾ,
ਇਨ੍ਹਾਂ ਦੀਆਂ ਸ਼ਖ਼ਸੀਅਤਾਂ 'ਤੇ,
ਭਾਵੇਂ ਨੱਕ ਵੀ ਕੱਟਿਆ ਜਾਵੇ ਕਿਤੇ,
'ਤੇ ਰੁਲ ਜਾਵਣ ਪੁੱਛ ਪਰਤੀਤਾਂ ਜੇ।

## ਮਜਬੂਰੀ

ਭੁਪਿੰਦਰ ਸਿੰਘ ਭਿੰਡਾ

ਸੱਜਣ ਗੱਲ ਕਰਦੇ ਨੀ, ਕੀ ਹੈ ਮਜਬੂਰੀ,
ਦਿਲ 'ਚ ਵਸਾ ਕੇ ਕਿਉਂ, ਰੱਖਦੇ ਨੇ ਦੂਰੀ।
ਮਸਲੇ ਦਾ ਹੱਲ, ਮਿਹਨਤ ਨਾਲ ਹੁੰਦਾ ਹੈ,
ਸੌਖੀ ਨਹੀਂ ਹੁੰਦੀ, ਪੱਗ ਬੰਨਣੀ ਸੰਧੂਰੀ।
ਬਾਬਲ ਦਾ ਦੇਸ਼ ਛੱਡਕੇ, ਤੇਰੇ ਲੜ ਲਗੀ,
ਦੁਨੀਆਂ ਤੋਂ ਵਧਕੇ ਸਾਥ, ਦੋਵਾਂ ਦਾ ਜ਼ਰੂਰੀ।
ਪੇਕੇ ਘਰ ਧੀ ਰਾਣੀ, ਸਹੁਰੇ ਘਰ ਵਹੁਟੀ,
ਇਹ ਗੱਲ ਕਿਸ ਨੇ ਤੋਰੀ, ਪਾਤੀ ਭਸੂੜੀ।
ਗੁਝਾ ਇਹ ਭੇਤ ਧੀ ਦਾ, ਕੋਈ ਨਾ ਸਮਝੇ,
ਮਮਤਾ ਕਿਉਂ ਮਿਲਦੀ, ਦੋਹਾਂ ਪਾਸਿਓਂ ਅਧੂਰੀ।
ਹਕ ਬਰਾਬਰ ਰੱਖੀ, ਬਹੁਤਾ ਨਾ ਮੰਗਦੀ,
ਲਾਵਾਂ ਜੋ ਚਾਰ ਲਈਆਂ, ਇਹੀ ਗੱਲ ਪੂਰੀ॥

## ਕਾਂ ਵਾਲੜੀ

ਗੁਰਿੰਦਰ ਸਿੰਘ ਸੰਧੂਆਂ

ਨਵੀਂ ਕਹਾਣੀ ਕਾਂ ਵਾਲੜੀ ਤੁਸੀਂ ਭਰਾਵੋ ਸੁਣ ਲਓ।
ਡੂੰਘੇ ਹੋਗੇ ਨੀਰ ਵੀਰਨੋ ਨਵਾਂ ਤਰੀਕਾ ਚੁਣ ਲਓ।
ਜਲਾਂ ਬਾਝੋਂ ਪੰਛੀ ਤੜਫਣ ਹੋਗੀ ਅਜਬ ਕਹਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ, ਤੜਫੂ ਜਿੰਦ ਨਿਮਾਣੀ।
ਜਲ ਦੇ ਵੈਰੀ ਤੁਸੀਂ ਬਣ ਗਏ ਕਹਿ ਕਹਿ ਥੱਕੇ ਗਿਆਨੀ।
ਖਿੱਚੀ ਜਾਂਦੇ ਧਰਤ 'ਚੋਂ ਪਾਣੀ ਲੱਗਦੀ ਨਹੀਂ ਦੁਆਨੀ।
ਇੱਕ ਦਿਨ ਤੈਨੂੰ ਹਰਨਾ ਪੈਣਾ ਜੇ ਨਾ ਗੱਲ ਪਛਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫੂ ਜਿੰਦ ਨਿਮਾਣੀ।
ਫਸਲੀ ਚੱਕਰ ਵਿਗੜਿਆ ਸਾਡਾ ਝੋਰਾ ਏਸੇ ਗੱਲ ਦਾ।
ਵਿੱਚ ਦੇਸ਼ ਦੇ ਕੰਮ ਨੀ ਕਰਦੇ ਹੋਇਆ ਵਿਦੇਸ਼ੀ ਵੱਲ ਦਾ।
ਪਸ਼ੂ ਜੀਵ ਤਾਂ ਵਿੱਚ ਇਸ਼ਾਰੇ ਦੱਸਦੇ ਜਗਤ ਪ੍ਰਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫੂ ਜਿੰਦ ਨਿਮਾਣੀ।
ਵਿੱਚ ਘੜੇ ਦੇ ਕੰਕਰ ਪਾ ਕੇ ਪਾਣੀ ਬਾਹਰ ਨ ਆਵੇ।
ਭੁੱਖ ਦੇ ਨਾਲ ਸਤਾਇਆ ਪੰਛੀ ਲਾੜੀ ਮੌਤ ਵਿਹਾਵੇ।
ਬੜਾ ਕੀਮਤੀ ਸੋਮਾ ਸਾਡਾ ਮੁੱਕਦਾ ਜਾਵੇ ਪਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫੂ ਜਿੰਦ ਨਿਮਾਣੀ।
ਪੀਰ ਪੈਗੰਬਰ ਪਹਿਲੇ ਸਮਿਆਂ ਤੀਰਥ ਨਾਵਣ ਜਾਂਦੇ।
ਸੌ ਰੋਗਾਂ ਦੀ ਇੱਕ ਸੀ ਦਾਰੂ ਜੜੀ ਬੂਟੀਆਂ ਖਾਂਦੇ।
ਜਲ ਜੀਵਨ ਆਧਾਰ ਜਗਤ 'ਤੇ ਵਰਤਣ ਚਾਰੇ ਖਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫੂ ਜਿੰਦ ਨਿਮਾਣੀ।
ਪੰਜ ਤੱਤ ਤੋਂ ਬੁੱਤ ਸਾਜਿਆ ਇਹ ਮਿੱਟੀ ਦੀ ਢੇਰੀ।
ਮਾਨਸ ਜਨਮ ਅਮੋਲਕ ਹੀਰਾ ਮੁੜ ਨੀ ਪਾਉਣੀ ਫੇਰੀ।
ਹਵਾ ਪਾਣੀ ਜਦੋਂ ਵਿਗੜਦੇ ਉਲਝ ਜਾਂਵਦੀ ਤਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫੂ ਜਿੰਦ ਨਿਮਾਣੀ।
ਆਖ਼ਰ ਦੇ ਵਿੱਚ ਅਰਜ਼ ਹਮਾਰੀ ਹੱਥ ਅਕਲ ਨੂੰ ਮਾਰੋ।
ਹੋਸ਼ ਟਿਕਾਣੇ ਰੱਖ ਕੇ ਭਾਈ ਸਾਰੇ ਗੱਲ ਵਿਚਾਰੋ।
ਬਿਨ ਪਾਣੀ ਦੇ ਤੜਫਦੀ ਵੇਖੀਂ ਜਲ ਦੀ ਸੁੰਦਰ ਰਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫੂ ਜਿੰਦ ਨਿਮਾਣੀ।
ਆਓ ਸਾਰੇ 'ਕੱਠੇ ਹੋ ਕੇ ਆਪਾਂ ਜਲ ਬਚਾਈਏ।
ਇੱਕ ਬੰਦੇ ਦਾ ਕੰਮ ਨਾ ਵੀਰੋ ਸਮਝੀਏ ਸਮਝਾਈਏ।
ਗੱਲ ਪਤੇ ਦੀ ਸੰਧੂਆਂ ਆਖੇ ਸੱਚੀ ਝੂਠ ਨਾ ਜਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫੂ ਜਿੰਦ ਨਿਮਾਣੀ।

## ਪਾਣੀਆਂ ਨੂੰ ਪੁਕਾਰ

ਸ਼ੇਖਰ ਤਲਵੰਡੀ



ਮੁੱਢੋਂ ਪਾਈ ਬੰਦੇ ਨਾਲ, ਸਾਂਝ ਤੂੰ ਨਿਭਾਈ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਤੇਰੇ ਕੰਢੇ ਆਦਮ ਨੇ, ਪਹਿਲੀ ਝੁੱਗੀ ਪਾਈ ਸੀ।
ਵਰ੍ਹਿਆ ਤੂੰ ਨੂਰ ਬਣ, ਦੁਨੀਆਂ ਤਿਹਾਈ ਸੀ।
ਕਲ਼ ਕਲ਼ ਆਪਣੀ ਤੂੰ, ਫੇਰ ਤੋਂ ਸੁਣਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬਾਲ ਦੀਵੇ ਲੋਕ ਤੇਰੀ, ਆਰਤੀ ਉਤਾਰਦੇ।
ਦੇ ਦੇ ਕੇ ਜ਼ਹਿਰ ਉਹੀ, ਪਾਪੀ ਤੈਨੂੰ ਮਾਰਦੇ।
ਸਾਹ ਪਾਉਣਿਆਂ! ਤੂੰ ਸਾਹ, ਆਪਣੇ ਬਚਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬੇਘਰ ਕੀਤਾ ਤੈਨੂੰ, ਧਰਤ ਨਿਚੋੜ ਕੇ।
ਗੁੰਮ ਸਿਰਨਾਵਾਂ ਮੈਂ, ਲਿਆਵਾਂ ਕਿੱਥੋਂ ਮੋੜ ਕੇ।
ਆਉਣਾ ਏ ਮਨਾਉਣ ਜ਼ਰਾ, ਪਤਾ ਤੂੰ ਲਿਖਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬਣ ਜਾਵੀਂ ਨਾ ਸਫ਼ਾ, ਇਤਿਹਾਸ ਦੀ ਕਿਤਾਬ ਦਾ।
ਜੇ ਤੂੰ ਨਾ ਹੋਇਆ, ਕੀ ਬਣੂ ਪੰਜ ਆਬ ਦਾ।
ਵਗੀਂ ਵਹਿਣ ਆਪਣੇ, ਅੱਖਾਂ 'ਚੋਂ ਨਾ ਆਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।

## ਰੁੱਖ ਧਰਤੀ 'ਤੇ ਸੁਰਗ ਬਣਾਉਂਦੇ

ਅਮਰਪ੍ਰੀਤ ਸਿੰਘ ਝੀਤਾ

ਜੇ ਮੈਂ ਦਿੰਦਾ ਫੇਟਾ ਹੁੰਦਾ,
ਮੈਨੂੰ ਹਰ ਘਰ ਲੋਕ ਲਗਾਉਂਦੇ।
ਪਰ ਮੈਂ ਦਿੰਦਾ ਸਾਫ਼ ਹਵਾ ਹਾਂ,
ਤਾਂ ਹੀ ਮੁੱਲ ਭੋਰਾ ਨਾ ਪਾਉਂਦੇ।
ਜੇ ਪੱਤ ਮੇਰੇ ਵਿਕਦੇ ਹੁੰਦੇ,
ਫਿਰ ਥਾਂ ਥਾਂ ਕਾਹਤੋਂ ਰੁਲਦੇ,
ਬੈਂਕਾਂ ਵਿੱਚ ਫਿਰ ਸਾਂਭੇ ਹੁੰਦੇ,
ਜਿਉਂ ਨੋਟ ਜਮ੍ਹਾਂ ਲੋਕ ਕਰਾਉਂਦੇ।
ਕਾਹਲ ਬੰਦੇ ਦੀ ਉਸ ਨੂੰ ਖਾਵੇ,
ਜਿਉਂ ਘੁਣ ਮੈਨੂੰ ਹੈ ਖਾਂਦਾ,
ਛਾਵੇਂ ਬਹਿ ਕੇ ਸੁਣ ਪੱਤਿਆਂ ਨੂੰ,
ਤੈਨੂੰ ਕੋਈ ਗੀਤ ਸੁਣਾਉਂਦੇ।
ਹੁੰਦੇ ਪੈਰ ਚੱਲਣ ਨੂੰ ਮੇਰੇ,
ਜਾਂ ਹੁੰਦਾ ਖੰਭਾਂ ਦਾ ਜੋੜਾ,
ਤੁਰ ਜਾਂਦਾ ਜਾਂ ਉੱਡ ਜਾਂਦਾ ਮੈਂ,
ਜਦ ਅੱਗ ਲਾਉਣ ਲੋਕੀਂ ਆਉਂਦੇ।
ਲੋੜ ਪਵੇ ਤਾਂ ਮੈਨੂੰ ਵਰਤੋਂ,
ਫਿਰ ਹੋਰ ਨਵਾਂ ਕਿਉਂ ਨਾ ਲਾਉਂਦੇ,



'ਅਮਰ' ਕਦੇ ਵੀ ਇਹ ਨਾ ਭੁੱਲਣਾ,
ਰੁੱਖ ਧਰਤੀ 'ਤੇ ਸੁਰਗ ਬਣਾਉਂਦੇ।

## ਅੱਜ ਦੇ ਲੀਡਰ

ਗੁਰਤੇਜ ਸਿੰਘ ਖੁਡਾਲ

ਹਾਲ ਦੇਖ ਲਓ, ਅੱਜ ਦੇ ਲੀਡਰਾਂ ਦਾ,
ਇੱਕ ਦੂਜੇ ਨੂੰ ਮਿਹਣੇ ਮਾਰ ਰਹੇ ਨੇ,
ਲੋਕਾਂ ਲਈ ਕੋਈ ਕੰਮ ਨਹੀਂ ਕਰਦੇ,
ਬਸ ਗੱਲੀ ਬਾਤੀਂ ਸਾਰ ਰਹੇ ਨੇ,
ਇੱਕ ਦੂਜੇ ਦੇ ਫਰੋਲ ਕੇ ਪੋਤੜੇ,
ਫੋਕੀ ਵਾਹ ਵਾਹ ਕਰਾ ਰਹੇ ਨੇ,
ਮੁੱਦਿਆਂ ਦੀ ਇਹ ਗੱਲ ਨਹੀਂ ਕਰਦੇ,
ਬਸ ਐਵੇਂ ਹੀ ਵਕਤ ਲੰਘਾ ਰਹੇ ਨੇ
ਕੁਰਸੀ ਲਈ ਹੁੰਦੇ ਤਰਲੋ ਮੱਛੀ,
ਦਲ ਬਦਲ ਕੇ ਜਸ਼ਨ ਮਨਾ ਰਹੇ ਨੇ,
ਜਿੱਧਰ ਇਨ੍ਹਾਂ ਨੂੰ ਕੁਰਸੀ ਦਿਸਦੀ,
ਬਸ ਓਹੀ ਰਾਹ ਇਹ ਪੈ ਜਾਂਦੇ ਨੇ,
'ਖੁਡਾਲ' ਪਾਰਟੀ ਖੂਹ ਵਿੱਚ ਜਾਵੇ,
ਗਿਰਗਿਟ ਵਾਂਗੂ ਰੰਗ ਵਟਾ ਜਾਂਦੇ ਨੇ

## ਕੱਤਕ ਮਹੀਨਾ

ਸਰੂਪ ਚੰਦ ਹਰੀਗੜ੍ਹ

ਤਵੇ ਸੁਹਾਗੇ ਜ਼ੋਰ ਹੁੰਦਾ ਸੀ ਜਦ ਆਉਂਦਾ ਮਹੀਨਾ ਕੱਤਾ,
ਖੋਹ ਕੇ ਲੈ ਗਈ ਮਸ਼ੀਨਰੀ ਸਾਥੋਂ ਬਲਦਾਂ ਦਾ ਹੇਰ ਤੇ ਤੱਤਾ।
ਟੱਬਰ ਰਲ ਕੇ ਕਪਾਹਾਂ ਚੁਗਦੇ, ਵੀੜ੍ਹੀ ਕਰਦੇ ਬੰਤਾ ਸੱਤਾ,
ਹੁਣ ਖੇਤੀ ਲੋਕੀਂ ਟਾਵੇਂ ਦਿਸਦੇ ਨਾ ਸੁਆਣੀ ਨਾ ਭੱਤਾ।
ਦੁਪਹਿਰ ਵੇਲੇ ਚਿੱਬੜਾਂ ਦੀ ਚੱਟਣੀ ਰੋਟੀ 'ਤੇ ਧਰ ਖਾਂਦੇ,
ਕੋਲਿਆਂ ਦੀ ਅੱਗ 'ਤੇ ਭੁੰਨ ਛੱਲੀਆਂ ਕੱਢ ਕੇ ਦਾਣੇ ਖਾਂਦੇ।
ਸੌਰ ਮੱਕੀ ਦੇ ਡੁੰਗ ਡੁੰਗ ਕੇ ਵੱਡੇ ਢੇਰ ਲਗਾਉਂਦੇ,
ਖ਼ੁਸ਼ ਹੋ ਜਾਂਦੇ ਫ਼ਸਲ ਦੇਖ ਕੇ ਰੱਬ ਦਾ ਸ਼ੁਕਰ ਮਨਾਉਂਦੇ।
ਗੁਆਰਾ ਚੌਲੇ ਆਮ ਹੁੰਦਾ ਨਾ ਲਗਦਾ ਪੈਸਾ ਧੇਲਾ,
ਪੱਟ ਪੱਟ ਕੇ ਚੂਪਦੇ ਗੰਨੇ ਇੱਖ ਹੁੰਦਾ ਪੌਂਡਾ ਕੇਲਾ।
ਗੱਡੇ ਵਿੱਚ ਲੱਦ ਸਣ ਦੇ ਗਰਨੇ ਕੋਈ ਟੋਭੇ ਦੱਬਣ ਜਾਂਦਾ,
ਬਾਲਣ ਦੇ ਲਈ ਝਿੰਜਣ ਵੱਢ ਕੋਈ ਸੀ ਪਚਾਸੇ ਲਾਂਦਾ।
ਖੇਤਾਂ ਵਾਲੇ ਰੌਣਕ ਮੇਲੇ ਜੀਰੀ ਸਾਡੇ ਖਾ ਗਈ,
ਕਿਸਾਨ ਮਜ਼ਦੂਰ ਦੇ ਪਿਆਰ ਸਾਂਝ ਨੂੰ ਬਦਲ ਦੀ ਭੇਟ ਚੜ੍ਹਾ ਗਈ।
ਸਰੂਪ ਚੰਦ ਵਖਿਆਣ ਕੱਤਕ ਦਾ ਕਾਫ਼ੀ ਸਾਲ ਪੁਰਾਣਾ,
ਜਿਨ੍ਹਾਂ ਹੱਡਾਂ ਨਾਲ ਹੰਢਾਇਆ ਯਾਦ ਉਨ੍ਹਾਂ ਨੂੰ ਆਣਾ।

## ਚੁਭਵੇਂ ਤੀਰ

ਰਾਬਿੰਦਰ ਸਿੰਘ ਰੱਬੀ

ਹੁਣ ਮੈਂ ਤੇਰੇ ਬੋਲਾਂ ਵਿੱਚੋਂ
ਕੱਢਦਾ ਰਹਿੰਦਾ ਹਾਂ-
ਤਿੱਖੀਆਂ ਸੂਲਾਂ ਦਾ ਰਸ,
ਜੋ ਗਾਹੇ-ਬਗਾਹੇ ਖੁਭਦਾ ਜਾਂਦਾ ਏ
ਮੇਰੇ ਜਿਸਮ ਅੰਦਰ
ਮੈਂ ਤਾਂ ਫੂਹੀ-ਫੂਹੀ ਵਿਲਕਦੇ ਹਾਉਕਿਆਂ ਨੂੰ
ਇੱਕ ਡੋਰ 'ਚ ਲਪੇਟਣ ਦਾ ਹੌਲਾ ਜਿਹਾ
ਕੀਤਾ ਸੀ ਉਪਾਅ
ਪਰ
ਪਤਾ ਹੀ ਨਾ ਲੱਗਾ ਕਿ ਉਹ ਸੂਲਾਂ ਵਿੰਨ੍ਹੇ ਹਾਉਕੇ
ਮਨ ਦੀਆਂ ਸਿਸਕੀਆਂ ਨੂੰ ਕਦੋਂ ਮਾਰ ਬੈਠੇ
ਤੇ ਮੈਂ ਹੁਣ ਵੀ ਕੱਢਦਾ ਰਹਿੰਦਾ ਹਾਂ
ਤੇਰੇ ਬੋਲਾਂ ਵਿੱਚੋਂ ਤਿੱਖੀਆਂ ਸੂਲਾਂ ਦਾ ਰਸ।

## ਪਿੰਡ ਦੀ ਸਵੇਰ


ਗਗਨ ਢਿੱਲੋਂ

ਦਿਨ ਵੀ ਛੇਤੀ ਚੜ੍ਹਦਾ ਏ,
ਤੇ ਰਾਤ ਵੀ ਜਲਦੀ ਹੁੰਦੀ ਏ।
ਹਰ ਪਾਸੇ ਇੰਝ ਲੱਗਦਾ,
ਜਿਵੇਂ ਖ਼ੁਸ਼ੀਆਂ ਦੀ ਗੁੱਤ ਗੁੰਦੀ ਏ।
ਗੁਰਬਾਣੀ ਨਾਲ ਦਿਨ ਦੀ ਸ਼ੁਰੂਆਤ ਹੁੰਦੀ।
ਕਿੰਨੀ ਸਕੂਨ ਭਰੀ ਉਹ ਬਾਤ ਹੁੰਦੀ।
ਜਦੋਂ ਚਿੱਤ ਲਾ ਕੇ ਬਾਣੀ ਸੁਣਦਾ ਹਾਂ,
ਹਜ਼ਾਰਾਂ ਹੀ ਖ਼ੁਸ਼ੀਆਂ ਦੀ ਉਹ ਸੌਗਾਤ ਹੁੰਦੀ।
ਚੁੱਲ੍ਹੇ 'ਤੇ ਧਰੀ ਚਾਹ,
ਆਪੇ ਹੀ ਖਿੱਚ ਪਾਉਂਦੀ ਏ।
ਬੈਠੀ ਚਿੜੀ ਆਣ ਬਨੇਰੇ 'ਤੇ,
ਨਿੱਤ ਨਵਾਂ ਸੰਗੀਤ ਸੁਣਾਉਂਦੀ ਏ।
ਪਿੰਡ ਵਾਲੀ ਮੌਜ ਤਾਂ ਲੱਭਣੀ ਨ੍ਹੀਂ,
ਇਹ ਖੁੱਲ੍ਹ ਕੇ ਕਹਿਣ ਨੂੰ ਦਿਲ ਕਰਦਾ।
ਕਿੰਝ ਸਮਝਾਵਾਂ ਮਾਏ ਤੈਨੂੰ,
ਮੇਰਾ ਪਿੰਡ ਜਾ ਕੇ ਰਹਿਣ ਨੂੰ ਦਿਲ ਕਰਦਾ।

## ਨਸ਼ਿਆਂ ਦਾ ਇਹ ਕਹਿਰ

ਕਰਮਜੀਤ ਕੌਰ

ਨਸ਼ਿਆਂ ਦਾ ਇਹ ਕਹਿਰ ਨੀ ਅੜੀਓ
ਮੇਰਾ ਸੋਹਣਾ ਸ਼ਹਿਰ ਨੀ ਅੜੀਓ,
ਭਰ ਗਿਆ ਨਾਲ ਜ਼ਹਿਰ ਨੀ ਅੜੀਓ,
ਨਸ਼ਿਆਂ ਦਾ ਇਹ ਕਹਿਰ ਨੀ ਅੜੀਓ।
ਮਾਂ ਦਾ ਪੁੱਤ, ਭੈਣ ਦਾ ਭਾਈ,
ਧੀ ਦਾ ਬਾਪ, ਕਿਸੇ ਦਾ ਮਾਹੀ,
ਡੁੱਬ ਗਿਆ ਇਸ ਨਹਿਰ ਨੀ ਅੜੀਓ,
ਨਸ਼ਿਆਂ ਦਾ ਇਹ ਕਹਿਰ ਨੀ ਅੜੀਓ।
ਆਓ ਪੰਜਾਬੀਓ! ਹਰ ਹੰਭਲਾ ਮਾਰਿਓ,
ਸ਼ੁਰੂ ਕਰੋ ਇੱਕ ਲਹਿਰ ਨੀ ਅੜੀਓ,
ਏਸ ਚਿੱਟੇ ਦੇ ਕਾਲੇ ਕਾਰੇ,
ਨਸ਼ਰ ਕਰੋ ਹਰ ਪਹਿਰ ਨੀ ਅੜੀਓ,
ਮੰਗੋ ਹਰ ਜੀਅ ਦੀ ਖ਼ੈਰ ਨੀ ਅੜੀਓ।



# ਵਿਸ਼ਵ ਚੈਂਪੀਅਨਸ਼ਿਪ ਵਿੱਚ ਵੇਟਲਿਫਟਰ ਮੀਰਾਬਾਈ ਚਾਨੂ ਨੇ ਜਿੱਤਿਆ ਚਾਂਦੀ ਦਾ ਤਗ਼ਮਾ



ਫੋਰਡੇ(ਨਾਰਵੇ)/ਏ.ਟੀ.ਨਿਊਜ਼: ਭਾਰਤ ਦੀ ਸਟਾਰ ਵੇਟਲਿਫਟਰ ਮੀਰਾਬਾਈ ਚਾਨੂ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ 48 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਭਾਰਤੀ ਮਹਿਲਾ ਪਹਿਲਵਾਨ ਨੇ ਇਸ ਤੋਂ ਪਹਿਲਾਂ ਦੋ ਵਾਰ ਇਸੇ ਆਲਮੀ ਮੁਕਾਬਲੇ ਵਿੱਚ ਤਗ਼ਮੇ ਜਿੱਤੇ ਹਨ। ਸਾਲ 2017 ਦੀ ਵਿਸ਼ਵ ਚੈਂਪੀਅਨ ਤੇ 2022 ਵਿੱਚ ਚਾਂਦੀ ਜਿੱਤਣ ਵਾਲੀ ਚਾਨੂ ਨੇ ਕੁੱਲ 199 ਕਿਲੋ (184 ਕਿਲੋ ਸਨੈਚ ਤੇ 115 ਕਿਲੋ ਕਲੀਨ ਐਂਡ ਜਰਕ) ਵਜ਼ਨ ਚੁੱਕਿਆ ਤੇ ਤਗ਼ਮੇ ਦੀ ਦਾਅਵੇਦਾਰ ਬਣੀ। ਚਾਨੂ ਨੇ 49 ਕਿਲੋ ਦੀ ਥਾਂ 48 ਕਿਲੋ ਭਾਰ ਵਰਗ ਵਿੱਚ ਹਿੱਸਾ ਲਿਆ।

ਚਾਨੂ ਸਨੈਚ ਦੌਰਾਨ ਸੰਘਰਸ਼ ਕਰਦੀ ਨਜ਼ਰ ਆਈ। ਉਹ 87 ਕਿਲੋ ਵਜ਼ਨ ਚੁੱਕਣ ਦੌਰਾਨ ਦੋ ਵਾਰ ਨਾਕਾਮ ਹੋਈ, ਪਰ ਕਲੀਨ ਐਂਡ ਜਰਕ ਵਿੱਚ ਉਸ ਨੇ ਆਪਣੀ ਲੈਅ ਫੜ ਲਈ ਤੇ ਮਗਰੋਂ ਤਿੰਨੋਂ ਕੋਸ਼ਿਸ਼ਾਂ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ। ਕਲੀਨ ਐਂਡ ਜਰਕ ਵਿੱਚ ਸਾਬਕਾ ਵਿਸ਼ਵ ਰਿਕਾਰਡ ਧਾਰਕ ਚਾਨੂ ਨੇ 109 ਕਿਲੋ, 112 ਕਿਲੋ ਤੇ 115 ਕਿਲੋ ਭਾਰ ਸੌਖਿਆਂ ਹੀ ਚੁੱਕ ਲਿਆ।

ਭਾਰਤੀ ਮਹਿਲਾ ਪਹਿਲਵਾਨ ਨੇ 2021 ਵਿੱਚ ਟੋਕੀਓ ਓਲੰਪਿਕਸ ਦੌਰਾਨ 115 ਕਿਲੋ ਵਜ਼ਨ ਚੁੱਕ ਕੇ ਚਾਂਦੀ ਦਾ ਤਗ਼ਮਾ ਜਿੱਤਿਆ ਸੀ। ਮੁੱਖ ਕੋਚ ਵਿਜੈ ਸ਼ਰਮਾ ਨੇ ਪਹਿਲਾਂ ਦੱਸਿਆ ਸੀ ਕਿ ਇਨ੍ਹਾਂ ਵਿਸ਼ਵ ਚੈਂਪੀਅਨਸ਼ਿਪਾਂ ਦਾ ਉਦੇਸ਼ 200 ਕਿਲੋਗ੍ਰਾਮ ਦੇ ਅੰਕੜੇ ਨੂੰ ਪਾਰ ਕਰਨਾ ਅਤੇ ਨਾਲ ਹੀ ਉਹ ਭਾਰ ਚੁੱਕਣਾ ਸ਼ੁਰੂ ਕਰਨਾ ਹੈ ਜੋ ਚਾਨੂ 49 ਕਿਲੋਗ੍ਰਾਮ ਵਿੱਚ ਚੁੱਕ ਰਹੀ ਸੀ ਉੱਤਰੀ ਕੋਰੀਆ ਦੀ ਰੀ ਸੋਂਗ ਗਮ ਨੇ 213 ਕਿਲੋਗ੍ਰਾਮ (91 ਕਿਲੋਗ੍ਰਾਮ+122 ਕਿਲੋਗ੍ਰਾਮ) ਦੇ ਸ਼ਾਨਦਾਰ ਯਤਨਾਂ ਨਾਲ ਸੋਨ ਤਗਮਾ ਜਿੱਤਿਆ। ਗਮ ਨੇ 120 ਕਿਲੋ ਤੇ 122 ਕਿਲੋ ਭਾਰ ਚੁੱਕ ਕੇ ਕਲੀਨ ਐਂਡ ਜਰਕ ਵਿੱਚ ਨਵੇਂ ਵਿਸ਼ਵ ਰਿਕਾਰਡ ਵੀ ਬਣਾਏ।

## ਟੈਨਿਸ ’ਚ ਜਾਨਿਕ ਸਿਨਰ ਨੇ ਜਿੱਤਿਆ ਚਾਈਨਾ ਓਪਨ ਦਾ ਖ਼ਿਤਾਬ



ਪੇਈਚਿੰਗ/ਏ.ਟੀ.ਨਿਊਜ਼: ਇਟਲੀ ਦੇ ਟੈਨਿਸ ਖਿਡਾਰੀ ਜਾਨਿਕ ਸਿਨਰ ਨੇ ਚਾਈਨਾ ਓਪਨ ਵਿੱਚ ਅਮਰੀਕੀ ਨੌਜਵਾਨ ਲਰਨਰ ਟਿਏਨ ਨੂੰ 6-2, 6-2 ਨਾਲ ਹਰਾ ਕੇ ਖ਼ਿਤਾਬ ਜਿੱਤ ਲਿਆ ਹੈ। ਇਸ ਜਿੱਤ ਮਗਰੋਂ ਉਹ ਸ਼ੰਘਾਈ ਮਾਸਟਰਜ਼ ਲਈ ਵੀ ਉਤਸ਼ਾਹਿਤ ਹੋਵੇਗਾ। ਇਸ ਤੋਂ ਪਹਿਲਾਂ ਸਿਨਰ ਨੇ ਐਲੈਕਸ ਡੀ ਮਿਨੌਰ ਨੂੰ 6-4, 3-6, 6-2 ਨਾਲ ਹਰਾ ਕੇ ਹਾਰਡਕੋਰਟ ’ਤੇ ਆਪਣੇ ਲਗਾਤਾਰ ਨੌਂਵੇਂ ਫਾਈਨਲ ਵਿੱਚ ਜਗ੍ਹਾ ਬਣਾਈ ਸੀ। ਸੈਮੀਫਾਈਨਲ ਵਿੱਚ ਸੱਟ ਕਾਰਨ ਦਾਨਿਲ ਮੇਦਵੇਦੇਵ ਮੈਚ ਤੋਂ ਹਟ ਗਿਆ ਸੀ, ਜਿਸ ਮਗਰੋਂ 19 ਸਾਲਾ ਟਿਏਨ ਪਹਿਲੀ ਵਾਰ ਫਾਈਨਲ ਵਿੱਚ ਪਹੁੰਚਿਆ ਸੀ।

## ਇਨੀਅਨ ਨੇ ਜਿੱਤਿਆ ਕੌਮੀ ਸ਼ਤਰੰਜ ਚੈਂਪੀਅਨਸ਼ਿਪ ਦਾ ਖ਼ਿਤਾਬ



ਗੁੰਟੂਰ (ਆਂਧਰਾ ਪ੍ਰਦੇਸ਼)/ਏ.ਟੀ.ਨਿਊਜ਼: ਤਾਮਿਲਨਾਡੂ ਦੇ ਗਰੈਂਡਮਾਸਟਰ (ਜੀ ਐੱਮ) ਪੀ. ਇਨੀਅਨ ਨੇ ਕੌਮੀ ਸ਼ਤਰੰਜ ਚੈਂਪੀਅਨਸ਼ਿਪ ਦਾ ਖ਼ਿਤਾਬ ਜਿੱਤ ਲਿਆ ਹੈ। 11 ਗੇੜਾਂ ਤੱਕ ਚੱਲੇ ਇਸ ਟੂਰਨਾਮੈਂਟ ਵਿੱਚ ਇਨੀਅਨ ਨੂੰ ਇੱਕ ਵੀ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ। ਸਿਖਰਲਾ ਦਰਜਾ ਪ੍ਰਾਪਤ ਇਸ ਖਿਡਾਰੀ ਨੇ ਸੱਤ ਜਿੱਤਾਂ ਅਤੇ ਚਾਰ ਡਰਾਅ ਖੇਡ ਕੇ 11 ’ਚੋਂ 9 ਅੰਕ ਹਾਸਲ ਕੀਤੇ।

ਇਸ ਦੌਰਾਨ ਉਸ ਨੇ ਆਪਣੇ ਹੀ ਸੂਬੇ ਦੇ ਅੰਤਰਰਾਸ਼ਟਰੀ ਮਾਸਟਰ (ਆਈ ਐੱਮ) ਹਰਸ਼ ਸੁਰੇਸ਼, ਰੇਲਵੇ ਦੇ ਜੀ ਐੱਮ ਦੀਪਨ ਚੱਕਰਵਰਤੀ ਅਤੇ ਪੈਟਰੋਲੀਅਮ ਸਪੋਰਟਸ ਪ੍ਰਮੋਸ਼ਨ ਬੋਰਡ ਦੇ ਜੀ ਐੱਮ ਸ਼ਸ਼ੀਕਿਰਨ ਕ੍ਰਿਸ਼ਨਨ ਨੂੰ ਹਰਾਇਆ। ਇਸ ਟੂਰਨਾਮੈਂਟ ਵਿੱਚ ਦੇਸ਼ ਭਰ ਦੇ 394 ਖਿਡਾਰੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ 14 ਗਰੈਂਡਮਾਸਟਰ, 30 ਅੰਤਰਰਾਸ਼ਟਰੀ ਮਾਸਟਰ ਅਤੇ 15 ਫਿਡੇ ਮਾਸਟਰ ਸ਼ਾਮਲ ਸਨ।

## ਵਿਸ਼ਵ ਪੈਰਾ ਅਥਲੈਟਿਕਸ: ਭਾਰਤ ਦੇ ਖਿਡਾਰੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦਾ ਸੁਮਿਤ ਅੰਤਿਲ ਇੱਥੇ ਜੈਵਲਿਨ ਥਰੋਅ ’ਚ ਲਗਾਤਾਰ ਤੀਜਾ ਸੋਨ ਤਗਮਾ ਜਿੱਤ ਕੇ ਵਿਸ਼ਵ ਪੈਰਾ ਅਥਲੈਟਿਕਸ ਚੈਂਪੀਅਨਸ਼ਿਪ ਦੇ ਇਤਿਹਾਸ ਵਿੱਚ ਸਭ ਤੋਂ ਸਫਲ ਭਾਰਤੀ ਅਥਲੀਟ ਬਣ ਗਿਆ ਹੈ। ਉਸ ਨੇ 2023 ਅਤੇ 2024 ਵਿੱਚ ਵੀ ਸੋਨ ਤਗਮੇ ਜਿੱਤੇ ਸਨ। 27 ਸਾਲਾ ਸੁਮਿਤ ਨੇ ਪੁਰਸ਼ਾਂ ਦੇ ਜੈਵਲਿਨ ਥਰੋਅ ਐੱਫ64 ਮੁਕਾਬਲੇ ਵਿੱਚ ਆਪਣੀ ਪੰਜਵੀਂ ਕੋਸ਼ਿਸ਼ ਵਿੱਚ 71.37 ਮੀਟਰ ਦੀ ਦੂਰੀ ਨਾਲ ਚੈਂਪੀਅਨਸ਼ਿਪ ਰਿਕਾਰਡ ਬਣਾਉਂਦਿਆਂ ਸੋਨ ਤਗਮਾ ਜਿੱਤਿਆ। ਇਸ ਦੌਰਾਨ ਓਲੰਪਿਕ ਚੈਂਪੀਅਨ ਨੀਰਜ ਚੋਪੜਾ ਵੀ ਉਸ ਦਾ ਹੌਸਲਾ ਵਧਾਉਣ ਲਈ ਸਟੇਡੀਅਮ ਵਿੱਚ ਮੌਜੂਦ ਸੀ। ਸੁਮਿਤ ਨੇ 2023 ਵਿੱਚ ਬਣਾਏ ਆਪਣੇ ਹੀ 70.83 ਮੀਟਰ ਦੇ ਚੈਂਪੀਅਨਸ਼ਿਪ ਰਿਕਾਰਡ ਨੂੰ ਤੋੜਿਆ।



ਇਸੇ ਤਰ੍ਹਾਂ ਸੰਦੀਪ ਸਰਗਰ ਨੇ ਵੀ ਪੁਰਸ਼ਾਂ ਦੇ ਜੈਵਲਿਨ ਥਰੋਅ ਐੱਫ44 ਮੁਕਾਬਲੇ ਵਿੱਚ 62.82 ਮੀਟਰ ਦੀ ਥਰੋਅ ਨਾਲ ਸੋਨ ਤਗਮਾ ਜਿਤਾਇਆ। ਸੰਦੀਪ ਸਿੰਘ ਨੇ ਵੀ ਇਸੇ ਮੁਕਾਬਲੇ ਵਿੱਚ 62.67 ਮੀਟਰ ਦੀ ਥਰੋਅ ਨਾਲ ਚਾਂਦੀ ਦਾ ਤਗਮਾ ਜਿੱਤਿਆ।

ਇਸ ਤੋਂ ਪਹਿਲਾਂ ਦਿਨ ਦੇ ਸ਼ੁਰੂਆਤੀ ਸੈਸ਼ਨ ਵਿੱਚ ਯੋਗੇਸ਼ ਕਥੂਨੀਆ ਨੇ ਪੁਰਸ਼ਾਂ ਦੇ ਡਿਸਕਸ ਥਰੋਅ ਐੱਫ56 ਮੁਕਾਬਲੇ ਵਿੱਚ 42.49 ਮੀਟਰ ਦੀ ਥਰੋਅ ਨਾਲ ਇੱਕ ਹੋਰ ਚਾਂਦੀ ਦਾ ਤਗਮਾ ਜਿੱਤਿਆ। ਹਾਲਾਂਕਿ ਆਲਮੀ ਪੱਧਰ ’ਤੇ ਉਸ ਦੇ ਪਹਿਲੇ ਸੋਨ ਤਗਮੇ ਦਾ ਇੰਤਜ਼ਾਰ ਹਾਲੇ ਵੀ ਜਾਰੀ ਹੈ। ਕਥੂਨੀਆ ਨੇ ਪੈਰਾਲੰਪਿਕ ਖੇਡਾਂ (2021 ਅਤੇ 2024) ਵਿੱਚ ਦੋ ਚਾਂਦੀ ਦੇ ਤਗਮਿਆਂ ਤੋਂ ਇਲਾਵਾ ਵਿਸ਼ਵ ਚੈਂਪੀਅਨਸ਼ਿਪ ਵਿੱਚ ਆਪਣਾ ਲਗਾਤਾਰ ਤੀਜਾ ਚਾਂਦੀ ਦਾ ਤਗਮਾ ਜਿੱਤਿਆ ਹੈ। ਉਸ ਨੇ 2023 ਅਤੇ 2024 ਵਿੱਚ ਵੀ ਦੋ ਚਾਂਦੀ ਦੇ ਤਗਮੇ ਜਿੱਤੇ ਸਨ, ਜਦਕਿ 2019 ਵਿੱਚ ਕਾਂਸੇ ਦਾ ਤਗਮਾ ਆਪਣੇ ਨਾਂ ਕੀਤਾ ਸੀ। ਉਸ ਨੇ 2023 ਦੀਆਂ ਹਾਂਗਜ਼ੂ ਏਸ਼ੀਅਨ ਪੈਰਾ ਖੇਡਾਂ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ।

ਵਿਸ਼ਵ ਰਿਕਾਰਡ ਧਾਰਕ ਬ੍ਰਾਜ਼ੀਲ ਦੇ ਸਟਾਰ ਖਿਡਾਰੀ ਕਲੌਡਨੀ ਬਤਿਸਤਾ ਨੇ 45.67 ਮੀਟਰ ਦੀ ਕੋਸ਼ਿਸ਼ ਨਾਲ ਸੋਨ ਤਗਮਾ ਜਿੱਤਿਆ। ਉਸ ਦੇ ਸਾਰੇ ਛੇ ਥਰੋਅ ਕਥੂਨੀਆ ਦੇ ਦਿਨ ਦੇ ਸਰਵੋਤਮ ਪ੍ਰਦਰਸ਼ਨ ਤੋਂ ਬਿਹਤਰ ਸਨ। 2019 ਤੋਂ ਸ਼ੁਰੂ ਹੋਈ ਵਿਸ਼ਵ ਚੈਂਪੀਅਨਸ਼ਿਪ ਵਿੱਚ ਬਤਿਸਤਾ ਦਾ ਇਹ ਲਗਾਤਾਰ ਚੌਥਾ ਸੋਨ ਤਗਮਾ ਹੈ। ਉਹ ਪਿਛਲੀਆਂ ਤਿੰਨ ਪੈਰਾਲੰਪਿਕ ਖੇਡਾਂ ਤੋਂ ਸੋਨ ਤਗਮਾ ਜਿੱਤਦਾ ਆ ਰਿਹਾ ਹੈ।

# ਗੌਰਵਸ਼ਾਲੀ ਵਿਰਸਾ ਵਿਸਰ ਰਹੀਆਂ ਲੋਕ-ਖੇਡਾਂ

ਡਾ. ਸੁਰਿੰਦਰ ਕੌਰ

ਪੰਜਾਬ ਵਿੱਚ ਲੋਕ ਖੇਡਾਂ ਦਾ ਅਤੁੱਟ ਭੰਡਾਰ ਮੌਜੂਦ ਹੈ ਪਰ ਅਫ਼ਸੋਸ ਇਸ ਮਹਾਨ ਖਜ਼ਾਨੇ ਦੇ ਗੁਆਚਣ ਦਾ ਹੈ। ਸਾਡੇ ਸੱਭਿਆਚਾਰ ਵਿਚੋਂ ਸਾਡੀਆਂ ਲੋਕ ਖੇਡਾਂ ਨੂੰ ਵਿਗਿਆਨਕ ਤਰੱਕੀ ਦਾ ਵਾ-ਵਰੋਲਾ ਉਡਾ ਕੇ ਲੈ ਗਿਆ ਹੈ ਜਾਂ ਕਿਸੇ ਭੁਚਾਲ ਨੇ ਆਪਣੇ ਥੱਲੇ ਦੱਬ ਲਿਆ ਹੈ। ਅੱਜ ਦੇ ਵਿਗਿਆਨਕ ਯੁੱਗ ਨੇ ਬੱਚਿਆਂ ਤੋਂ ਲੋਕ ਖੇਡਾਂ ਖੋਹ ਕੇ ਉਨ੍ਹਾਂ ਦੇ ਹੱਥਾਂ ਵਿੱਚ ਨਵੇਂ ਖਿਡੌਣੇ ਮੋਬਾਇਲ, ਕੰਪਿਊਟਰ, ਪਲੇ ਸਟੇਸ਼ਨ, ਐਕਸ ਬਾਕਸ ਆਦਿ ਦੇ ਦਿੱਤੇ ਹਨ, ਜਿਨ੍ਹਾਂ ਨੇ ਬੱਚਿਆਂ ਦੀਆਂ ਨਜ਼ਰਾਂ ਕਮਜ਼ੋਰ ਕਰਕੇ ਘੱਟ ਉਮਰ ਵਿੱਚ ਹੀ ਉਨ੍ਹਾਂ ਦੇ ਐਨਕਾਂ ਲਗਵਾ ਦਿੱਤੀਆਂ ਹਨ। ਬੱਚਿਆਂ ਵਿੱਚ ਮੋਟਾਪਾ ਤੇ ਮਾਨਸਿਕ ਤਣਾਅ ਵਧ ਗਿਆ ਹੈ।



ਕੁਝ ਖੇਡਾਂ ਤਾਂ ਆਧੁਨਿਕ ਜੀਵਨ ਵਿਚੋਂ ਅਲੋਪ ਹੀ ਹੋ ਗਈਆਂ ਹਨ ਤੇ ਕੁਝ ਕੁ ਅਜੇ ਸਹਿਕ ਰਹੀਆਂ ਹਨ ਤੇ ਕਦੇ ਕਦਾਈਂ ਹੀ ਮੇਲਿਆਂ-ਟੂਰਨਾਮੈਂਟਾਂ ਜਾਂ ਸਕੂਲਾਂ ਵਿੱਚ ਦੇਖਣ ਨੂੰ ਮਿਲਦੀਆਂ ਹਨ। ਲੋਕ ਖੇਡਾਂ ਦੀ ਸਾਂਝ ਬਾਰੇ ਕਿਹਾ ਗਿਆ ਹੈ:-

ਸਾਂਝੀਆਂ ਸੀ ਈਦਾਂ, ਦੀਵਾਲੀਆਂ ਤੇ ਹੋਲੀਆਂ
ਤਾਸ਼ ਦੀਆਂ ਬਾਜ਼ੀਆਂ ਤੇ ਕੱਚ ਦੀਆਂ ਗੋਲੀਆਂ

ਖੇਡਾਂ ਰੂਹ ਨੂੰ ਖੇੜਾ ਤੇ ਹੁਲਾਸ ਦਿੰਦੀਆਂ ਹਨ। ਨਰੋਈ ਕਿਸਮ ਦਾ ਮਨੋਰੰਜਨ ਆਤਮਾ ਨੂੰ ਸ਼ਕਤੀ ਦਿੰਦਾ ਹੈ ਜੋ ਮਨ ਤੇ ਸਰੀਰ ਨੂੰ ਕਦੇ ਬੁੱਢਿਆਂ ਨਹੀਂ ਹੋਣ ਦਿੰਦਾ।

ਪੰਜਾਬ ਵਿੱਚ ਪ੍ਰਚੱਲਤ ਖੇਡਾਂ ਦਾ ਭੰਡਾਰਾ ਬੜਾ ਭਰਪੂਰ ਹੈ। ਹਰ ਉਮਰ ਦੇ ਹਿਸਾਬ ਨਾਲ ਉਸਦੀ ਬਲ ਤੇ ਸਮਰੱਥਾ ਦੇ ਅਨੁਸਾਰ ਵੱਖੋ ਵੱਖਰੀਆਂ ਖੇਡਾਂ ਹਨ। ਲੋਕ ਖੇਡਾਂ ਬਿਨਾਂ ਕਿਸੇ ਖਾਸ ਸਾਜ਼ੋ-ਸਮਾਨ, ਖਿਡਾਰੀਆਂ ਦੀ ਗਿਣਤੀ ਅਨਿਸਚਿਤ ਤੇ ਕਿਸੇ ਵੀ ਖੁੱਲ੍ਹੀ ਜਗ੍ਹਾ ’ਤੇ ਖੇਡੀਆਂ ਜਾ ਸਕਦੀਆਂ ਹਨ। ਇਨ੍ਹਾਂ ਦੇ ਨਿਯਮ ਬਹੁਤ ਕਰੜੇ ਨਹੀਂ ਹੁੰਦੇ ਬਲਕਿ ਸਾਧਾਰਨ ਜਿਹੇ ਹੀ ਹੁੰਦੇ ਹਨ ਜੋ ਸੁਵਿਧਾ ਅਨੁਸਾਰ ਬਦਲੇ ਵੀ ਜਾ ਸਕਦੇ ਹਨ। ਪਿੰਡਾਂ ਵਿੱਚ ਭਾਵੇਂ ਕਦੇ ਕਦਾਈਂ ਇਹ ਖੇਡਾਂ ਵੇਖਣ ਦਾ ਮੌਕਾ ਸ਼ਾਇਦ ਮਿਲ ਜਾਵੇ ਪਰ ਗੁਆਚ ਰਿਹਾ ਇਹ ਮਹਾਨ ਵਿਰਸਾ ਚਿੰਤਾ ਦਾ ਵਿਸ਼ਾ ਹੈ। ਕੁਝ ਕੁ ਲੋਕ ਖੇਡਾਂ ਇਸ ਪ੍ਰਕਾਰ ਹਨ:- ਉਠਕ-ਬੈਠਕ, ਉਚ-ਨੀਚ, ਆਂਟੜੇ ਮਨ ਮਾਂਟੜੇ, ਅੰਨ੍ਹਾ-ਝੋਟਾ, ਅੰਨ੍ਹਾ-ਅੰਨ੍ਹੀ, ਅੱਡੀ-ਟੱਪਾ, ਅੰਗਲਾ-ਪਤੰਗਲਾ, ਅਖਰੋਟ/ਗੀਠੇ/ਬੰਟੇ, ਇੱਟ ਪੈਰ ਸੌ, ਇੱਧਰ ਮਾਰਾਂ ਉਧਰ ਮਾਰਾਂ ਲੋਹੇ ਦੀ ਪੰਸੇਰੀ ਮਾਰਾਂ, ਹੀਰਾ ਘੋੜਾ ਕਿਥੇ ਐ, ਸੌਂਚੀ ਪੱਕੀ, ਸ਼ੇਰ ਤੇ ਬੱਕਰੀ, ਸਮੁੰਦਰ ਮੱਛੀ, ਹਰਾ ਸਮੁੰਦਰ, ਕਬੱਡੀ, ਕੋਟਲਾ ਛਪਾਕੀ, ਕੀੜ-ਕੜਾਂਗਾ, ਕੂਕਾਂ-ਕਾਂਗੜੇ, ਕਿਣਮਿਣ ਕਾਣੀ ਕੌਣ ਗਿਣਿਆ, ਖਾਨ-ਘੋੜੀ, ਖਿੱਦੋ ਖੂੰਡੀ, ਖੇਹਨੂੰ/ਬਾਲ, ਗੀਟੇ/ਟਹਿਣਾ, ਘਰ ਮੱਲਣਾ, ਘੋਲ/ਕੁਸ਼ਤੀ, ਚੋਰ-ਸਿਪਾਹੀ, ਚੌਪੜ/ਪਾਸਾ, ਪੀਲ੍ਹ ਪਲਾਂਗੜਾ/ਡੰਡਾ ਡੁੱਕ, ਪਿੱਠੂ ਗਰਮ, ਭੂਲੋਂ ਸੇ ਹਮ ਆਤੇ ਹੈਂ, ਬੁੱਢੀ ਮਾਈ, ਬਾਂਦਰ ਕਿੱਲਾ, ਭਿੱਲ ਬੱਚਿਆਂ ਦੀ ਮਾਂ, ਬਾਰਾਂ ਬੀਕਰੀ, ਡੂੰਮਣਾ ਮਖਿਆਲ, ਮੁੰਗਲੀਆਂ ਫੇਰਨਾ, ਰੱਸਾ-ਕਸ਼ੀ ਆਦਿ।

ਮਸ਼ੀਨੀ ਸੱਭਿਅਤਾ ਕਾਰਨ ਮਨੋਰੰਜਨ ਦੇ ਸਾਧਨ ਬਦਲ ਗਏ ਹਨ। ਲੋਕ ਆਪਣੇ ਪਰੰਪਰਾਗਤ ਤੇ ਰਵਾਇਤੀ ਵਿਰਸੇ ਤੋਂ ਦੂਰ ਜਾ ਰਹੇ ਹਨ ਤੇ ਲੋਕ ਖੇਡਾਂ ਵਿਸਰ ਰਹੀਆਂ ਹਨ। ਪੰਜਾਬੀ ਅਖਾਣ ਹੈ ਖੇਡਾਂ ਤੇ ਮਾਵਾਂ ਮੁੱਕਣ ’ਤੇ ਹੀ ਚੇਤੇ ਆਉਂਦੀਆਂ ਹਨ। ਇਹ ਸਾਡਾ ਗੌਰਵਸ਼ਾਲੀ ਵਿਰਸਾ ਸਾਨੂੰ ਆਪਣੀ ਵਿਰਾਸਤ ਨਾਲ ਜੋੜਦਾ ਹੈ। ਲੋੜ ਹੈ ਬੱਚਿਆਂ ਨੂੰ ਆਪਣੇ ਇਸ ਅਮੀਰ ਵਿਰਸੇ ਤੋਂ ਜਾਗਰੂਕ ਕਰਨ ਦੀ ਤਾਂ ਜੋ ਇਸ ਅਣਮੋਲ ਖ਼ਜ਼ਾਨੇ ਨੂੰ ਸੰਭਾਲਿਆ ਜਾ ਸਕੇ।

# ਸਖ਼ਤ ਮਿਹਨਤ ਨਾਲ ਵੱਡਾ ਨਾਂਅ ਕਮਾਇਆ ਸੀ ਰਾਜਵੀਰ ਜਵੰਦਾ ਨੇ



ਮਸ਼ਹੂਰ ਪੰਜਾਬੀ ਗਾਇਕ ਅਤੇ ਅਦਾਕਾਰ ਰਾਜਵੀਰ ਜਵੰਦਾ ਸੰਗੀਤ ਜਗਤ ਵਿੱਚ ਆਪਣਾ ਕੈਰੀਅਰ ਬਣਾਉਣ ਤੋਂ ਪਹਿਲਾਂ ਅਸਲ ਵਿੱਚ ਪੰਜਾਬ ਪੁਲਿਸ ਨਾਲ ਜੁੜਿਆ ਹੋਇਆ ਸੀ। ਜਵੰਦਾ ਨੇ ਅਕਸਰ ਇੰਟਰਵਿਊਜ਼ ਵਿੱਚ ਜ਼ਿਕਰ ਕੀਤਾ ਹੈ ਕਿ ਉਹ ਕਾਨੂੰਨ ਲਾਗੂ ਕਰਨ ਅਤੇ ਸੰਗੀਤ ਦੋਵਾਂ ਪ੍ਰਤੀ ਭਾਵੁਕ ਸੀ।

ਇੱਕ ਅਨੁਸ਼ਾਸਿਤ ਪਿਛੋਕੜ (ਉਸ ਦੇ ਪਿਤਾ ਵੀ ਪੰਜਾਬ ਪੁਲਿਸ ਵਿੱਚ ਸਨ) ਤੋਂ ਆਉਣ ਕਰਕੇ, ਉਹ ਸ਼ੁਰੂ ਵਿੱਚ ਉਸੇ ਰਸਤੇ ’ਤੇ ਚੱਲਿਆ ਪਰ ਫਿਰ ਆਪਣਾ ਸਾਰਾ ਧਿਆਨ ਸੰਗੀਤ ਵੱਲ ਤਬਦੀਲ ਕਰ ਦਿੱਤਾ, ਜੋ ਕਿ ਹਮੇਸ਼ਾ ਉਸ ਦਾ ਅਸਲੀ ਕੰਮ ਰਿਹਾ।

ਇੱਕ ਪੁਲਿਸ ਮੁਲਾਜਮ ਵਜੋਂ ਉਸ ਦਾ ਪਿਛੋਕੜ ਅਤੇ ਉਸ ਦੇ ਆਲੇ-ਦੁਆਲੇ ਕਿਸੇ ਤਰ੍ਹਾਂ ਦੇ ਵਿਵਾਦ ਦਾ ਨਾ ਹੋਣਾ, ਉਸ ਦੀ ਸ਼ਖਸੀਅਤ ਵਿੱਚ ਇੱਕ ਦਿਲਚਸਪ ਪਹਿਲੂ ਜੋੜਦਾ ਹੈ, ਜੋ ਉਸ ਨੂੰ ਪੰਜਾਬੀ ਸੰਗੀਤ ਉਦਯੋਗ ਵਿੱਚ ਵੱਖਰਾ ਬਣਾਉਂਦਾ ਸੀ। ਜਵੰਦਾ ‘ਸ਼ੌਕੀਨ’, ‘ਕੰਗਣੀ’, ‘ਲੈਂਡਲਾਰਡ’ ਅਤੇ ‘ਮੁੰਡੇ ਪਿੰਡ ਦੇ’ ਵਰਗੇ ਹਿੱਟ ਗੀਤਾਂ ਲਈ ਮਕਬੂਲ ਹੈ। ਉਸ ਦੀ ਮਜ਼ਬੂਤ ਦਿੱਖ ਅਤੇ ਗਾਇਕੀ ਦੀ ਸ਼ੈਲੀ ਅਕਸਰ ਉਸ ਦੇ ਪੁਲਿਸ ਪਿਛੋਕੜ ਤੋਂ ਉਸ ਦੀ ਅਨੁਸ਼ਾਸਿਤ ਅਤੇ ਸਖ਼ਤ ਸ਼ਖਸੀਅਤ ਨੂੰ ਦਰਸਾਉਂਦੀ ਸੀ।

ਜਵੰਦਾ ਦੀ ਅੱਜ ਬੁੱਧਵਾਰ ਸਵੇਰੇ ਮੌਤ ਹੋ ਗਈ। ਜਵੰਦਾ 27 ਸਤੰਬਰ ਨੂੰ ਬੱਦੀ ਨੇੜੇ ਇੱਕ ਸੜਕ ਹਾਦਸੇ ਵਿਚ ਗੰਭੀਰ ਜ਼ਖ਼ਮੀ ਹੋ ਗਿਆ ਸੀ। ਉਹ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਸੀ। ਉਸ ਨੂੰ ਸਿਰ ਅਤੇ ਰੀੜ੍ਹ ਦੀ ਹੱਡੀ ਵਿੱਚ ਜਾਨਲੇਵਾ ਸੱਟਾਂ ਲੱਗੀਆਂ ਸਨ।

ਰਾਜਵੀਰ ਦਾ ਸੰਗੀਤਕ ਸਫ਼ਰ ਦੂਰਦਰਸ਼ਨ ’ਤੇ ‘ਮੇਰਾ ਪਿੰਡ-ਮੇਰਾ ਖੇਤ’ ਦੀ ਸ਼ੂਟਿੰਗ ਦੌਰਾਨ ਉਸੇ ਪਿੰਡ ਵਿੱਚ ਸ਼ੁਰੂ ਹੋਇਆ ਸੀ। ਪ੍ਰੋਗਰਾਮ ਦੀ ਮੇਜ਼ਬਾਨੀ ਉਸ ਦੀ ਮਾਂ ਪਰਮਜੀਤ ਕੌਰ, ਜੋ ਉਦੋਂ ਸਰਪੰਚ ਸੀ, ਨੇ ਕੀਤੀ ਸੀ। ਰਾਜਵੀਰ ਨੇ ਸ਼ੋਅ ਲਈ ਦੋ ਲਾਈਨਾਂ ਗਾ ਕੇ ਨਿਰਮਾਤਾਵਾਂ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਸੰਗੀਤ ਪ੍ਰਤੀ ਉਸ ਦੇ ਜਨੂੰਨ ਦੀ ਸ਼ੁਰੂਆਤ ਹੋਈ। ਰਾਜਵੀਰ ਨੇ ਆਪਣੀ ਸਕੂਲੀ ਪੜ੍ਹਾਈ ਜਗਰਾਉਂ ਦੇ ਸੰਮਤੀ ਵਿਮਲ ਜੈਨ ਸਕੂਲ ਤੋਂ ਪੂਰੀ ਕੀਤੀ ਅਤੇ ਜਗਰਾਉਂ ਦੇ ਡੀਏਵੀ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਬਾਅਦ ਵਿੱਚ ਉਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਥੀਏਟਰ ਅਤੇ ਟੈਲੀਵਿਜ਼ਨ ਵਿੱਚ ਐਮਏ ਕੀਤੀ। ਆਪਣੇ ਪਿਤਾ, ਕਰਮ ਸਿੰਘ, ਜੋ ਕਿ ਪੰਜਾਬ ਪੁਲਿਸ ਵਿੱਚ ਸਾਬਕਾ ਸਹਾਇਕ ਸਬ-ਇੰਸਪੈਕਟਰ ਸਨ, ਦੇ ਨਕਸ਼ੇ-ਕਦਮਾਂ ’ਤੇ ਚੱਲਦੇ ਹੋਏ, ਰਾਜਵੀਰ 2011 ਵਿੱਚ ਇੱਕ ਕਾਂਸਟੇਬਲ ਵਜੋਂ ਫੋਰਸ ਵਿੱਚ ਸ਼ਾਮਲ ਹੋਇਆ। ਹਾਲਾਂਕਿ ਸੰਗੀਤ ਪ੍ਰਤੀ ਆਪਣੇ ਪ੍ਰੇਮ ਦੇ ਚਲਦਿਆਂ ਜਵੰਦਾ ਨੇ 2019 ਵਿੱਚ ਆਪਣੇ ਸੰਗੀਤਕ ਕੈਰੀਅਰ ਨੂੰ ਪੂਰਾ ਸਮਾਂ ਅੱਗੇ ਵਧਾਉਣ ਲਈ ਅਸਤੀਫਾ ਦੇ ਦਿੱਤਾ।

ਬੱਦੀ ਨੇੜੇ ਹਾਦਸੇ ਮੌਕੇ ਰਾਜਵੀਰ ਆਪਣੀ ਹਾਲ ਹੀ ਵਿੱਚ ਖਰੀਦੀ ਗਈ 27 ਲੱਖ ਰੁਪਏ ਦੀ ਬਾਈਕ ’ਤੇ ਸਵਾਰ ਸੀ, ਜੋ ਉਸ ਦੇ ਇੱਕ ਸੰਗੀਤਕ ਵੀਡੀਓ ਵਿੱਚ ਵੀ ਨਜ਼ਰ ਆਈ ਸੀ। 2014 ਵਿੱਚ ਐਲਬਮ ‘ਮੁੰਡਾ ਲਾਈਕ ਮੀ’ ਨਾਲ ਸ਼ੁਰੂਆਤ ਕਰਨ ਤੋਂ ਬਾਅਦ, ਰਾਜਵੀਰ ਜਵੰਦਾ ਨੇ ਪੰਜਾਬੀ ਸੰਗੀਤ ਉਦਯੋਗ ਵਿੱਚ ਇੱਕ ਮਹੱਤਵਪੂਰਨ ਛਾਪ ਛੱਡੀ ਹੈ। ਉਸ ਨੇ ਮਨਿੰਦਰ ਬੁੱਟਰ ਵਰਗੇ ਕਲਾਕਾਰਾਂ ਅਤੇ ਮੁਕਾਬਲਾ, ਪਟਿਆਲਾ ਸ਼ਾਹੀ ਪੱਗ, ਕੇਸਰੀ ਝੰਡੇ, ਸ਼ੌਕੀਨ, ਲੈਂਡਲਾਰਡ, ਸਰਨੇਮ, ਅਤੇ ਕੰਗਨੀ ਵਰਗੇ ਹਿੱਟ ਗੀਤਾਂ ਨਾਲ ਚੰਗਾ ਨਾਂ ਬਣਾਇਆ।

# ਟ੍ਰੈਜੇਡੀ ਕਵੀਨ ਮੀਨਾ ਕੁਮਾਰੀ



ਮੀਨਾ ਕੁਮਾਰੀ ਨੂੰ ਟ੍ਰੈਜੇਡੀ ਕਵੀਨ ਕਿਹਾ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਜੇਕਰ ਕਿਸੇ ਫਿਲਮ ’ਚ ਕੋਈ ਇਮੋਸ਼ਨਲ ਸੀਨ ਕਰਨਾ ਹੁੰਦਾ ਤਾਂ ਮੀਨਾ ਕੁਮਾਰੀ ਨੂੰ ਗਲਿਸਰੀਨ ਲਗਾਉਣ ਦੀ ਜ਼ਰੂਰਤ ਨਹੀਂ ਸੀ। ਉਹ ਇਵੇਂ ਹੀ ਰੋਣ ਲੱਗ ਪੈਂਦੀ ਸੀ। ਇਸ ਦਾ ਕਾਰਨ ਉਸ ਦੀ ਜ਼ਿੰਦਗੀ ਵਿੱਚ ਦੁੱਖਾਂ ਦਾ ਪਹਾੜ ਸੀ। ਮੀਨਾ ਕੁਮਾਰੀ ਨੇ ਬਚਪਨ ਤੋਂ ਹੀ ਬਹੁਤ ਦੁੱਖ ਝੱਲੇ ਸਨ। ਜਦੋਂ ਉਸ ਦਾ ਜਨਮ ਹੋਇਆ ਤਾਂ ਉਸ ਦੇ ਪਿਤਾ ਨੇ ਉਸ ਨੂੰ ਅਨਾਥ ਆਸ਼ਰਮ ਵਿੱਚ ਛੱਡ ਦਿੱਤਾ ਅਤੇ ਜਦੋਂ ਉਹ ਵੱਡੀ ਹੋਈ ਅਤੇ ਵਿਆਹ ਕਰਵਾ ਲਿਆ ਤਾਂ ਉਸ ਨੂੰ ਪਤੀ ਦੀ ਖੁਸ਼ੀ ਨਹੀਂ ਮਿਲੀ। 13 ਸਾਲ ਦੀ ਉਮਰ ਵਿੱਚ ਮੀਨਾ ਕੁਮਾਰੀ ਨੇ ਆਪਣੀ ਮਾਂ ਨੂੰ ਗੁਆ ਦਿੱਤਾ, ਪਰ ਸਾਰੇ ਦੁੱਖਾਂ ਦਾ ਸਾਹਮਣਾ ਕਰਦੇ ਹੋਏ ਮੀਨਾ ਕੁਮਾਰੀ ਅੱਗੇ ਵਧਦੀ ਰਹੀ। ਮੀਨਾ ਕੁਮਾਰੀ ਦਾ ਅਸਲੀ ਨਾਮ ਮਹਿਜਬੀਨ ਸੀ, ਅਤੇ ਉਸਨੇ 4 ਸਾਲ ਦੀ ਉਮਰ ਵਿੱਚ ਆਪਣੇ ਅਦਾਕਾਰੀ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਬਾਲ ਕਲਾਕਾਰ ਦੇ ਤੌਰ ’ਤੇ ਉਸ ਨੇ ਕਈ ਫਿਲਮਾਂ ’ਚ ਕੰਮ ਕੀਤਾ ਅਤੇ ਫਿਰ ਬੈਜੂ ਬਾਵਰਾ, ਪਰਿਣੀਤਾ, ਪਾਕੀਜ਼ਾ, ਦੋ ਬੀਘਾ ਜ਼ਮੀਨ, ਦੈਰਾ, ਮੇਮ ਸਾਹਬ ਵਰਗੀਆਂ ਕਈ ਫਿਲਮਾਂ ’ਚ ਮੁੱਖ ਹੀਰੋਇਨ ਵਜੋਂ ਕੰਮ ਕੀਤਾ।

ਫਿਲਮ ਪਾਕੀਜ਼ਾ ਦੀ ਰਿਲੀਜ਼ ਤੋਂ ਤਿੰਨ ਹਫਤੇ ਬਾਅਦ ਹੀ ਮੀਨਾ ਕੁਮਾਰੀ ਬਿਮਾਰ ਹੋ ਗਈ ਅਤੇ ਫਿਰ 31 ਮਾਰਚ 1972 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ। ਦੱਸਿਆ ਜਾਂਦਾ ਹੈ ਕਿ ਮੀਨਾ ਕੁਮਾਰੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਅਤੇ ਉੱਥੇ ਉਹ ਕੋਮਾ ਵਿੱਚ ਚਲੀ ਗਈ। ਉਸ ਦੀ ਮੌਤ ਦਾ ਕਾਰਨ ਲਿਵਰ ਸਿਰੋਸਿਸ ਦੱਸਿਆ ਗਿਆ ਸੀ।





# ਲੋਕ ਗੀਤਾਂ ਵਰਗੇ ਗੀਤਾਂ ਦਾ ਸਿਰਜਕ ਨੰਦ ਲਾਲ ਨੂਰਪੁਰੀ

ਡਾ. ਇਕਬਾਲ ਸਿੰਘ

ਨੰਦ ਲਾਲ ਨੂਰਪੁਰੀ ਪੰਜਾਬੀ ਗੀਤਕਾਰੀ ਦਾ ਉਹ ਧਰੂ ਤਾਰਾ ਹੈ, ਜਿਸ ਦੇ ਰਚੇ ਗੀਤਾਂ ਦੀ ਚਮਕ ਹਮੇਸ਼ਾਂ ਪੰਜਾਬੀਆਂ ਦੇ ਮਨਾਂ ਨੂੰ ਰੁਸ਼ਨਾਉਂਦੀ ਰਹੇਗੀ। ਉਸ ਦਾ ਜਨਮ ਮਾਤਾ ਹੁਕਮ ਦੇਵੀ ਅਤੇ ਪਿਤਾ ਬਿਸ਼ਨ ਸਿੰਘ ਦੇ ਗ੍ਰਹਿ ਵਿਖੇ ਪਿੰਡ ਨੂਰਪੁਰ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ 1906 ਨੂੰ ਹੋਇਆ। ਉਨ੍ਹਾਂ ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਦਸਵੀਂ ਕੀਤੀ। ਉਚੇਰੀ ਪੜ੍ਹਾਈ ਲਈ ਉਸ ਨੇ ਖ਼ਾਲਸਾ ਕਾਲਜ, ਲਾਇਲਪੁਰ ਵਿੱਚ ਦਾਖਲਾ ਲੈ ਲਿਆ। ਘਰ ਦੀ ਆਰਥਿਕ ਮੰਦਹਾਲੀ ਕਾਰਨ ਉਹ ਕਾਲਜ ਦੀ ਪੜ੍ਹਾਈ ਸਿਰੇ ਨਾ ਲਾ ਸਕਿਆ।ਪੜ੍ਹਾਈ ਅੱਧਵਾਟੇ ਛੱਡ ਕੇ ਪਹਿਲਾਂ ਉਸ ਨੇ ਅਧਿਆਪਕ ਬਣ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ, ਪ੍ਰੰਤੂ ਕੁੱਝ ਸਮੇਂ ਬਾਅਦ ਅਧਿਆਪਕ ਦੀ ਨੌਕਰੀ ਛੱਡ ਕੇ ਉਹ ਬੀਕਾਨੇਰ (ਰਾਜਸਥਾਨ) ਵਿੱਚ ਚਲਾ ਗਿਆ। ਉੱਥੇ ਉਹ ਪੁਲੀਸ ਵਿੱਚ ਭਰਤੀ ਹੋ ਗਿਆ। ਇਸੇ ਸਮੇਂ ਉਸ ਦਾ ਵਿਆਹ ਸੁਮਿੱਤਰਾ ਦੇਵੀ ਨਾਲ ਹੋਇਆ। ਉਨ੍ਹਾਂ ਦੇ ਘਰ ਚਾਰ ਬੇਟੀਆਂ ਅਤੇ ਦੋ ਬੇਟਿਆਂ ਨੇ ਜਨਮ ਲਿਆ। ਸਾਹਿਤਕ ਅਤੇ ਸੰਗੀਤਕ ਰੁਚੀਆਂ ਹੋਣ ਕਾਰਨ ਪੁਲੀਸ ਦੀ ਨੌਕਰੀ ਵੀ ਉਸ ਨੂੰ ਰਾਸ ਨਾ ਆਈ। ਕੁੱਝ ਸਾਲ ਪੁਲਿਸ ਵਿਭਾਗ ਵਿੱਚ ਕੰਮ ਕਰਨ ਉਪਰੰਤ ਉਸ ਨੇ ਉਹ ਨੌਕਰੀ ਛੱਡ ਦਿੱਤੀ।

1940 ਵਿੱਚ ਉਸ ਨੇ ਪੰਜਾਬੀ ਫਿਲਮ ‘ਮੰਗਤੀ’ ਲਈ ਗੀਤ, ਕਹਾਣੀ ਅਤੇ ਸੰਵਾਦ ਲਿਖੇ ਜੋ ਬਹੁਤ ਮਕਬੂਲ ਹੋਏ। ‘ਮੰਗਤੀ’ ਫਿਲਮ ਦੇ ਇਨ੍ਹਾਂ ਗੀਤਾਂ ਅਤੇ ਸੰਵਾਦਾਂ ਨਾਲ ਉਸ ਦਾ ਨਾਂ ਪੂਰੇ ਪੰਜਾਬ ਵਿੱਚ ਪ੍ਰਸਿੱਧ ਹੋ ਗਿਆ। ਉਹ ਕੁੱਝ ਸਮੇਂ ਲਈ ਕੋਲੰਬੀਆ ਫਿਲਮ ਕੰਪਨੀ ਲਈ ਵੀ ਗੀਤ ਲਿਖਦਾ ਰਿਹਾ, ਪਰ 1947 ਵਿੱਚ ਦੇਸ਼ ਦੀ ਵੰਡ ਨੇ ਉਸ ਨੂੰ ਬਹੁਤ ਵੱਡੀ ਢਾਹ ਲਾਈ। ਹੋਰ ਲੋਕਾਂ ਨਾਲ ਉਹ ਵੀ ਆਪਣੀ ਜਨਮ ਭੂਮੀ ਛੱਡ ਕੇ ਜਲੰਧਰ ਆ ਗਿਆ। ਤੰਗੀਆਂ ਤੁਰਸ਼ੀਆਂ ਨਾਲ ਜੂਝਦਿਆਂ ਉਸ ਨੇ ਅਕਾਸ਼ਬਾਣੀ ਜਲੰਧਰ ਵਿਖੇ ਨੌਕਰੀ ਕਰ ਲਈ। ਇੱਥੇ ਹੀ ਉਸ ਨੇ ਕਵੀ ਦਰਬਾਰਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਸਾਰੇ ਹੀਲੇ ਵਸੀਲਿਆਂ ਦੇ ਬਾਵਜੂਦ ਉਸ ਦੀ ਆਰਥਿਕ ਮੰਦਹਾਲੀ ਜਿਉਂ ਦੀ ਤਿਉਂ ਬਣੀ ਰਹੀ।

ਬੇਸ਼ੱਕ ਨੂਰਪੁਰੀ ਨੇ ਔਰਤ ਅਤੇ ਮਰਦ ਦੋਵਾਂ ਲਈ ਗੀਤ ਰਚੇ ਹਨ, ਪਰ ਉਸ ਨੇ ਬਹੁਤੇ ਗੀਤ ਔਰਤਾਂ ਲਈ ਲਿਖੇ ਹਨ। ਜਿਨ੍ਹਾਂ ਵਿੱਚੋਂ ‘ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ’, ‘ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ’, ‘ਚੰਨ ਵੇ ਕਿ ਸ਼ੌਂਕਣ ਮੇਲੇ ਦੀ’, ‘ਨੀਂ ਮੈਨੂੰ ਦਿਓਰ ਦੇ ਵਿਆਹ ਵਿੱਚ ਨੱਚ ਲੈਣ ਦੇ’, ‘ਜੁੱਤੀ ਕਸੂਰੀ ਪੈਰੀਂ ਨਾ ਪੂਰੀ’, ‘ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ’, ‘ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ’, ‘ਚੁੰਮ-ਚੁੰਮ ਰੱਖੋ ਨੀਂ ਇਹ ਕਲਗੀ ਜੁਝਾਰ ਦੀ’, ‘ਦਾਤੇ ਦੀਆਂ ਬੇਪਰਵਾਹੀਆਂ ਤੋਂ ਓਏ ਬੇਪਰਵਾਹਾ ਡਰਿਆ ਕਰ’, ‘ਓ ਦੁਨੀਆ ਦੇ ਬੰਦਿਓ ਪੂਜੋ, ਪੂਜੋ ਉਨ੍ਹਾਂ ਇਨਸਾਨਾਂ ਨੂੰ’, ‘ਏਥੋਂ ਉੱਡ ਜਾ ਭੋਲਿਆ ਪੰਛੀਆ ਵੇ ਤੂੰ ਆਪਣੀ ਜਾਨ ਬਚਾ’, ‘ਵੰਗਾਂ’ ਆਦਿ ਪੰਜਾਬੀਆਂ ਦੇ ਬੁੱਲ੍ਹਾਂ ’ਤੇ ਇਉਂ ਚੜ੍ਹ ਗਏ ਸਨ, ਜਿਵੇਂ ਇਹ ਲੋਕ ਗੀਤ ਹੋਣ।

ਨੰਦ ਲਾਲ ਨੂਰਪੁਰੀ ਦੇ ਰਚੇ ਗੀਤਾਂ ਨੂੰ ਗਾ ਕੇ ਪੰਜਾਬੀ ਦੇ ਬਹੁਤ ਸਾਰੇ ਕਲਾਕਾਰ ਅਮਰ ਹੋ ਗਏ ਹਨ, ਜਿਨ੍ਹਾਂ ਵਿੱਚੋਂ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਹਰਚਰਨ ਗਰੇਵਾਲ ਆਦਿ ਦੇ ਨਾਂ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹਨ।

ਨੰਦ ਲਾਲ ਨੂਰਪੁਰੀ ਸਾਰੀ ਜ਼ਿੰਦਗੀ ਇਨਾਮਾਂ ਸਨਮਾਨਾਂ ਦੇ ਪਿੱਛੇ ਨਹੀਂ ਗਿਆ। ਨਾ ਹੀ ਉਸ ਨੇ ਆਪਣੇ ਰਚੇ ਗੀਤਾਂ ’ਤੇ ਗੋਸ਼ਟੀਆਂ ਕਰਵਾਉਣ ਲਈ ਹੱਥ ਪੈਰ ਮਾਰੇ। ਨਾ ਹੀ ਉਸ ਨੇ ਆਪਣੇ ਗੀਤਾਂ ’ਤੇ ਯੂਨੀਵਰਸਿਟੀਆਂ ਵਿੱਚ ਖੋਜ ਕਾਰਜ ਕਰਵਾਉਣ ਲਈ ਕਿਸੇ ਅੱਗੇ ਹੱਥ ਬੰਨ੍ਹੇ। ਉਹ ਭਾਵੇਂ ਸਾਰੀ ਉਮਰ ਤੰਗੀਆਂ ਤੁਰਸ਼ੀਆਂ, ਥੁੜ੍ਹਾਂ ਅਤੇ ਝੋਰਿਆਂ ਭਰਿਆ ਜੀਵਨ ਜਿਊਂਦਾ ਰਿਹਾ, ਪ੍ਰੰਤੂ ਉਸ ਦੇ ਰਚੇ ਗੀਤਾਂ ਵਿਚਲੇ ਨੌਜਵਾਨ ਅਤੇ ਮੁਟਿਆਰਾਂ ਸਰੀਰਕ, ਮਾਨਸਿਕ, ਬੌਧਿਕ ਅਤੇ ਉੱਚੀਆਂ ਨੈਤਿਕ ਕਦਰਾਂ ਕੀਮਤਾਂ ਅਤੇ ਭਾਵਨਾਵਾਂ ਨਾਲ ਓਤ ਪੋਤ ਰਹੇ ਹਨ। ਉਸ ਦੇ ਰਚੇ ਗੀਤਾਂ ਦੀਆਂ ਕਈ ਪੁਸਤਕਾਂ ਪੰਜਾਬੀਆਂ ਨੇ ਬੜੀ ਰੀਝ ਨਾਲ ਪੜ੍ਹੀਆਂ ਹਨ। ਜਿਨ੍ਹਾਂ ਵਿੱਚੋਂ ‘ਵੰਗਾਂ’, ‘ਜਿਊਂਦਾ ਪੰਜਾਬ’, ‘ਮਿਲੀ ਜੁਲੀ ਕਵਿਤਾ’ ਅਤੇ ‘ਆਡੀਓ ਕਵਿਤਾ’ ਦਾ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ ਜਾ ਸਕਦਾ ਹੈ। ਸਮਾਜ ਵਿਚਲੀ ਆਰਥਿਕ ਕਾਣੀ ਵੰਡ, ਸਮਾਜਿਕ ਵਿਵਸਥਾ ਵਿਚਲੇ ਭੈੜ ਅਤੇ ਵਿਗਾੜ ਉਸ ਨੂੰ ਮਾਨਸਿਕ ਤੌਰ ’ਤੇ ਸਾਰੀ ਜ਼ਿੰਦਗੀ ਪਰੇਸ਼ਾਨ ਕਰਦੇ ਰਹੇ। ਉਸ ਵੱਲੋਂ ਲਿਖੇ ਬਹੁਤ ਉੱਚ ਪਾਏ ਦੇ ਗੀਤਾਂ ਦੇ ਬਾਵਜੂਦ ਜਦੋਂ ਉਹ ਗੁਰਬਤ ਭਰੀ ਜ਼ਿੰਦਗੀ ਵਿੱਚੋਂ ਬਾਹਰ ਨਾ ਨਿਕਲ ਸਕਿਆ ਤਾਂ ਅਤਿ ਦੀ ਗ਼ਰੀਬੀ ਦੀ ਹਾਲਤ ਵਿੱਚ ਉਸ ਨੇ 13 ਮਈ, 1966 ਨੂੰ ਖੂਹ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਦਿੱਤੀ।

## ਅਮਰੀਕਾ ਵਿੱਚ ਇੱਕ ਸਿੱਖ ਦੀ

ਫਿਜ਼ੀਸ਼ੀਅਨਜ਼ ਫਾਰ ਹਿਊਮਨ ਰਾਈਟਸ ਨੇ ਕਿਹਾ ਕਿ ਪਰਮਜੀਤ ਵਰਗੇ ਮਰੀਜ਼ਾਂ ਨੂੰ ਹਿਰਾਸਤ ਵਿੱਚ ਰੱਖਣਾ ਜਾਨਲੇਵਾ ਹੈ, ਕਿਉਂਕਿ ਉਨ੍ਹਾਂ ਨੂੰ ਰੋਜ਼ਾਨਾਂ ਦਵਾਈਆਂ ਅਤੇ ਐੱਮ.ਆਰ.ਆਈ. ਨਹੀਂ ਮਿਲ ਰਹੀਆਂ। ਡੈਟੈਨਸ਼ਨ ਵਾਚ ਨੈੱਟਵਰਕ ਨੇ ਚਿਤਾਵਨੀ ਦਿੱਤੀ ਕਿ ਟਰੰਪ ਹਕੂਮਤ ਦੇ ਫੰਡਿੰਗ ਨਾਲ ਡਿਟੈਨਸ਼ਨ ਵਧ ਰਿਹਾ ਹੈ, ਜਿਸ ਨਾਲ ਹੋਰ ਮੌਤਾਂ ਹੋਣਗੀਆਂ। ਨੈਸ਼ਨਲ ਇਮੀਗ੍ਰੈਂਟ ਜਸਟਿਸ ਸੈਂਟਰ ਨੇ ਕਿਹਾ ਕਿ ਕਾਂਗਰਸ ਨੂੰ ਡਿਟੈਨਸ਼ਨ ਘਟਾਉਣਾ ਚਾਹੀਦਾ ਹੈ। ਅੰਤਰਰਾਸ਼ਟਰੀ ਅਖ਼ਬਾਰਾਂ ਵਿੱਚ ਇਸ ਨੂੰ ਵਿਆਪਕ ਕਵਰੇਜ ਮਿਲੀ ਹੈ। ਟਾਈਮਜ਼ ਆਫ਼ ਇੰਡੀਆ ਅਤੇ ਇਕਨਾਮਿਕ ਟਾਈਮਜ਼ ਨੇ ਲਿਖਿਆ ਕਿ ਇਹ ਇੱਕ 'ਹਾਰੋਇੰਗ ਡਿਟੈਨਸ਼ਨ' ਹੈ, ਜਿੱਥੇ ਪਰਮਜੀਤ ਨੂੰ ਪੰਜ ਦਿਨ ਏਅਰਪੋਰਟ ਵਿੱਚ ਰੱਖਿਆ ਗਿਆ ਅਤੇ ਉਨ੍ਹਾਂ ਦੀ ਸਿਹਤ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਨਿਊਜ਼ਵੀਕ ਨੇ ਵਕੀਲ ਦੇ ਹਵਾਲੇ ਨਾਲ ਕਿਹਾ ਕਿ ਇਹ 'ਇਲੀਗਲ ਐਂਡ ਹਾਰਿਫਿਕ' ਹੈ। ਦ ਇੰਟਰਸੈਪਟ ਨੇ ਰਿਪੋਰਟ ਕੀਤਾ ਕਿ ਡੀ.ਐਚ.ਐਸ. ਨੇ ਫੋਰਜ਼ਰੀ ਕੇਸ ਦਾ ਕੋਈ ਰਿਕਾਰਡ ਨਹੀਂ ਪੇਸ਼ ਕੀਤਾ, ਜੋ ਗ੍ਰੀਨ ਕਾਰਡ ਹੋਲਡਰਾਂ ਲਈ ਡਰਾਵਣਾ ਹੈ। ਸਪਸ਼ਟ ਹੈ ਕਿ ਅਜਿਹੇ ਮਾਮਲੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਨੂੰ ਵਧਾਉਂਦੇ ਹਨ ਅਤੇ ਅਮਰੀਕੀ ਨੈਤਿਕਤਾ ਨੂੰ ਚੁਣੌਤੀ ਦਿੰਦੇ ਹਨ।

### ਪਰਿਵਾਰ ਅਤੇ ਸਿੱਖ ਜਥੇਬੰਦੀਆਂ ਦੀ ਕੋਸ਼ਿਸ਼ਾਂ

ਪਰਮਜੀਤ ਸਿੰਘ ਦਾ ਪਰਿਵਾਰ ਉਨ੍ਹਾਂ ਨੂੰ ਰਿਹਾਅ ਕਰਵਾਉਣ ਲਈ ਜੀਵਨ-ਮੌਤ ਵਾਲੀ ਲੜਾਈ ਲੜ ਰਿਹਾ ਹੈ। ਭਤੀਜੀ ਕਿਰਨ ਵਿਰਕ ਅਤੇ ਭਰਾ ਚਰਨਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਕਈ ਪਟੀਸ਼ਨਾਂ ਅਤੇ ਈਮੇਲਾਂ ਰਾਹੀਂ ਆਈ.ਸੀ.ਈ. ਨੂੰ ਲਿਖਿਆ, ਪਰ ਜਵਾਬ ਨਹੀਂ ਮਿਲਿਆ। 25 ਅਗਸਤ ਨੂੰ ਕੋਰਟ ਵਿੱਚ ਬੌਂਡ ਲਈ ਮਨਜ਼ੂਰੀ ਮਿਲੀ '10 ਹਜ਼ਾਰ ਡਾਲਰ ਦੇ ਬੌਂਡ 'ਤੇ ' ਪਰ ਆਈ.ਸੀ.ਈ. ਨੇ ਸਟੇਅ ਲੈ ਲਿਆ। ਵਕੀਲ ਲੂਈ ਐਂਜਲਸ ਨੇ ਫੈਡਰਲ ਜੱਜ ਨੂੰ ਅਰਜ਼ੀ ਦਿੱਤੀ ਹੈ ਕਿ ਬੌਂਡ 'ਤੇ ਰਿਹਾ ਕੀਤਾ ਜਾਵੇ ਅਤੇ ਡਿਪੋਰਟੇਸ਼ਨ ਰੋਕੀ ਜਾਵੇ। ਪਰਿਵਾਰ ਨੇ ਇੰਡੀਆਨਾ ਦੇ ਕਾਂਗਰਸ ਮੈਂਬਰ ਮਾਰਲਿਨ ਸਟੂਟਜ਼ਮੈਨ ਨੂੰ ਈਮੇਲ ਕੀਤੀ, ਜਿਸ ਨਾਲ 17 ਸਤੰਬਰ ਨੂੰ ਪਹਿਲੀ ਵਾਰ ਮੈਡੀਕਲ ਟੈਸਟ ਹੋਏ। ਉਹਨਾਂ ਨੇ ਸੈਨੇਟਰਾਂ ਅਤੇ ਹੋਰ ਨੁਮਾਇੰਦਿਆਂ ਨੂੰ ਅਪੀਲ ਕੀਤੀ ਹੈ। ਕਿਰਨ ਨੇ ਕਿਹਾ ਕਿ ਪਰਮਜੀਤ ਨੂੰ ਹਸਪਤਾਲ ਬਿੱਲ ਆਉਣ ਤੱਕ ਪਰਿਵਾਰ ਨੂੰ ਉਨ੍ਹਾਂ ਦੀ ਬਿਮਾਰੀ ਬਾਰੇ ਨਹੀਂ ਪਤਾ ਸੀ। ਉਹਨਾਂ ਨੇ ਪਤਨੀ ਲਖਵਿੰਦਰ ਨੂੰ ਪੰਜਾਬ ਤੋਂ ਵਾਪਸ ਬੁਲਾਇਆ, ਜੋ ਅਮਰੀਕੀ ਨਾਗਰਿਕ ਹਨ। ਅਗਲੀ ਕੋਰਟ ਤਰੀਕ 14 ਅਕਤੂਬਰ ਨੂੰ ਹੈ, ਜਿੱਥੇ ਫੈਸਲਾ ਆ ਸਕਦਾ ਹੈ। ਸਿੱਖ ਜਥੇਬੰਦੀਆਂ ਨੇ ਵੀ ਸਹਾਇਤਾ ਕਰਨ ਦਾ ਐਲਾਨ ਕੀਤਾ ਹੈ। ਅਖੰਡ ਕੀਰਤਨ ਜਥਾ ਅਤੇ ਸਿੱਖ ਕੋਆਲੀਸ਼ਨ ਆਫ਼ ਨੌਰਥ ਅਮਰੀਕਾ ਨੇ ਪਰਮਜੀਤ ਨੂੰ ਰਿਹਾਅ ਕਰਵਾਉਣ ਲਈ ਪਟੀਸ਼ਨ ਸ਼ੁਰੂ ਕੀਤੀ ਹੈ ਅਤੇ ਟਰੰਪ ਨੂੰ ਚਿੱਠੀ ਲਿਖੀ ਹੈ। ਉਹਨਾਂ ਨੇ ਕਿਹਾ ਕਿ ਇਹ ਸਿੱਖ ਭਾਈਚਾਰੇ ਉੱਤੇ ਹਮਲਾ ਹੈ ਅਤੇ ਅਮਰੀਕਾ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਨੀਤੀ ਨੂੰ ਰੋਕਿਆ ਜਾਵੇ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਸ ਨੂੰ 'ਅਨਜਸਟ ਡਿਟੈਨਸ਼ਨ' ਕਰਾਰ ਦਿੱਤਾ ਅਤੇ ਪੰਜਾਬੀ ਭਾਈਚਾਰੇ ਨੂੰ ਇਕਜੁਟ ਹੋਣ ਲਈ ਅਪੀਲ ਕੀਤੀ। ਇਹ ਜਥੇਬੰਦੀਆਂ ਲੀਗਲ ਫੰਡ ਇਕੱਠਾ ਕਰ ਰਹੀਆਂ ਹਨ ਅਤੇ ਵਾਸ਼ਿੰਗਟਨ ਵਿੱਚ ਪ੍ਰੋਟੈਸਟ ਪਲਾਨ ਕਰ ਰਹੀਆਂ ਹਨ।

***

## 2024 ਦੌਰਾਨ ਭਾਰਤ 'ਚ ਅਨਰ ਕਿਲਿੰਗਾਂ

ਨੌਜਵਾਨ ਵੀ ਪਰਿਵਾਰਕ ਦਬਾਅ ਵਿੱਚ ਫਸ ਜਾਂਦੇ ਹਨ। ਇੱਕ ਵਿਸ਼ਲੇਸ਼ਣ ਅਨੁਸਾਰ, ਪੰਜਾਬ ਵਿੱਚ ਆਨਰ ਕਿਲਿੰਗਾਂ ਦਾ ਕਾਰਨ ਜਾਤ ਅਤੇ ਧਰਮ ਹੈ, ਜੋ ਨੌਜਵਾਨਾਂ ਨੂੰ ਨਿੱਜੀ ਆਜ਼ਾਦੀ ਤੋਂ ਵਾਂਝਾ ਰੱਖਦਾ ਹੈ।

ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼: ਪੱਛਮੀ ਯੂਪੀ ਅਤੇ ਦਿਹਾਤੀ ਖੇਤਰਾਂ ਵਿੱਚ ਵਾਧਾ

ਉੱਤਰ ਪ੍ਰਦੇਸ਼ ਵਿੱਚ 2023 ਵਿੱਚ 4 ਮਾਮਲੇ ਹੋਣ ਤੋਂ ਬਾਅਦ, 2024 ਵਿੱਚ ਪੱਛਮੀ ਯੂਪੀ ਵਿੱਚ 6 ਤੋਂ ਵੱਧ ਘਟਨਾਵਾਂ ਹੋਈਆਂ ਸਨ। ਮਈ ਵਿੱਚ ਸੀਤਾਪੁਰ ਵਿੱਚ ਇੱਕ ਭਤੀਜੀ ਨੂੰ ਭੱਜਣ ਕਰਕੇ ਗਲਾ ਕੱਟ ਦਿੱਤਾ ਗਿਆ ਸੀ। ਐੱਸਸੀ ਐੱਸਟੀ ਵਿੱਚ ਵੀ ਅਜਿਹੇ ਮਾਮਲੇ ਵਧੇ ਹਨ।

ਮੱਧ ਪ੍ਰਦੇਸ਼ ਵਿੱਚ ਜਨਵਰੀ ਵਿੱਚ ਮੋਰੇਨਾ ਜ਼ਿਲ੍ਹੇ ਵਿੱਚ ਰਾਧੇਸ਼ਿਆਮ ਤੋਮਰ (21) ਅਤੇ ਸ਼ਿਵਾਨੀ ਤੋਮਰ (18) ਨੂੰ ਚੰਬਲ ਨਦੀ ਵਿੱਚ ਸੁਟ ਦਿੱਤਾ ਗਿਆ ਸੀ। ਇਹ ਜੋੜਾ ਵੱਖਰੇ ਗੋਤਰ ਵਿੱਚ ਵਿਆਹ ਕਰ ਰਿਹਾ ਸੀ। ਅਪ੍ਰੈਲ ਵਿੱਚ ਇੱਕ ਲੜਕੀ ਨੂੰ ਪਰਿਵਾਰ ਨੇ ਗੋਲੀ ਮਾਰ ਦਿੱਤੀ, ਕਿਉਂਕਿ ਉਹ ਆਪਣੀ ਪਸੰਦ ਨਾਲ ਵਿਆਹ ਕਰਨਾ ਚਾਹੁੰਦੀ ਸੀ। ਐੱਨ.ਸੀ.ਆਰ.ਬੀ. ਅਨੁਸਾਰ, ਇਹਨਾਂ ਰਾਜਾਂ ਵਿੱਚ 58% ਮਾਮਲੇ ਵਾਪਰੇ ਹਨ ਅਤੇ 2024 ਵਿੱਚ ਵੀ ਇਹ ਰੁਝਾਨ ਜਾਰੀ ਹੈ।

### ਕੁੱਲ ਅੰਦਾਜ਼ਨ ਅੰਕੜੇ ਅਤੇ ਰੁਝਾਨ

2024 ਵਿੱਚ ਭਾਰਤ ਵਿੱਚ ਘੱਟੋ-ਘੱਟ 30-35 ਮਾਮਲੇ ਰਿਪੋਰਟ ਹੋਏ ਹਨ, ਜੋ ਕਿ 2023 ਦੇ 38 ਨਾਲੋਂ ਥੋੜ੍ਹੇ ਘੱਟ ਹਨ ਪਰ ਅਸਲ ਵਿੱਚ ਵਧੇ ਹਨ ਕਿਉਂਕਿ ਰਿਪੋਰਟਿੰਗ ਵਧੀ ਹੈ। ਝਾੜਖੰਡ ਅਤੇ ਹਰਿਆਣਾ ਅੱਗੇ ਰਹੇ, ਜਦਕਿ ਪੰਜਾਬ, ਯੂ.ਪੀ. ਅਤੇ ਐੱਮ.ਪੀ. ਵਿੱਚ ਵੀ ਵਾਧਾ ਹੋਇਆ। ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਇਹ ਅਪਰਾਧਾਂ ਨੂੰ ਵੱਖਰਾ ਘੋਸ਼ਿਤ ਕਰਨ ਅਤੇ ਖਾਪ ਨੂੰ ਖਤਮ ਕਰਨ ਦੀ ਲੋੜ ਹੈ।

ਐੱਨ.ਸੀ.ਆਰ.ਬੀ. ਅਤੇ ਐੱਮਨੈਸਟੀ ਨੇ ਸੁਝਾਇਆ ਕਿ ਵਿਸ਼ੇਸ਼ ਕਾਨੂੰਨ ਬਣਾਓ, ਪੁਲਿਸ ਨੂੰ ਨਿਰਪੱਖ ਬਣਾਓ ਅਤੇ ਸਿੱਖਿਆ ਰਾਹੀਂ ਜਾਗਰੂਕਤਾ ਵਧਾਓ। ਆਰਥਿਕ ਆਜ਼ਾਦੀ ਨਾਲ ਔਰਤਾਂ ਨੂੰ ਮਜਬੂਤ ਕਰੋ। ਨੌਜਵਾਨ ਵਰਗ ਨੂੰ ਚੇਤਨ ਕਰਨ ਨਾਲ ਹੀ ਇਹ ਸਮਾਜਿਕ ਬਦਲਾਅ ਆ ਸਕਦਾ ਹੈ।

***

## ਫਰਿਜ਼ਨੋ ਵਿਖੇ ਗਦਰੀ ਬਾਬਿਆ ਦੀ ਯਾਦ

ਮੈਂਬਰਾਂ ਦੀ ਮੀਟਿੰਗ ਸਥਾਨਕ ਬਰਾੜ ਫਾਰਮ ਵਿਖੇ ਹੋਈ ਜਿੱਥੇ ਉਹਨਾਂ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਦੱਸਿਆ ਕਿ ਇਸ ਮੇਲੇ ਵਿੱਚ ਸ਼ਿਰਕਤ ਕਰਨ ਲਈ ਡਾ. ਸਰਬਜਿੰਦਰ ਸਿੰਘ ਵਾਈਸ ਚਾਂਸਲਰ ਆਨੰਦਪੁਰ ਸਾਹਿਬ ਯੂਨੀਵਰਸਿਟੀ ਉਚੇਚੇ ਤੌਰ 'ਤੇ ਇੰਡੀਆ ਤੋਂ ਪਹੁੰਚ ਰਹੇ ਹਨ। ਐਡਵੋਕੇਟ ਨਰਿੰਦਰ ਚਾਹਲ ਅਤੇ ਬੀਬਾ ਪ੍ਰਿਤਪਾਲ ਕੌਰ ਉਦਾਸੀ (ਬੇਟੀ ਸਵ. ਸੰਤ ਰਾਮ ਉਦਾਸੀ) ਵੀ ਬੁਲਾਰਿਆ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਗਿੱਧੇ-ਭੰਗੜੇ ਅਤੇ ਸਕਿੱਟਾਂ ਤੋਂ ਇਲਾਵਾ ਲੋਕਲ ਕਲਾਕਾਰ ਜਿੰਨਾ ਵਿੱਚ ਗੁਰਦੀਪ ਕੁੱਸਾ, ਗੋਗੀ ਸੰਧੂ , ਅਵਤਾਰ ਗਰੇਵਾਲ, ਪੱਪੀ ਭਦੌੜ, ਕਮਲਜੀਤ ਬੈਨੀਪਾਲ ਆਦਿ ਗਾਇਕ ਦੇਸ਼ ਭਗਤੀ ਦੇ ਗੀਤਾਂ ਨਾਲ ਹਾਜ਼ਰੀ ਭਰਨਗੇ। ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤੇਗਾ। ਉਹਨਾਂ ਕਿਹਾ ਕਿ ਮੇਲੇ ਦੌਰਾਨ ਗਦਰੀ ਬਾਬਿਆਂ ਦੀ ਪ੍ਰਦਰਸ਼ਨੀ ਖਾਸ ਖਿੱਚ ਦਾ ਕੇਂਦਰ ਰਹੇਗੀ। ਇਸ ਮੌਕੇ 4.0 ਜੀ. ਪੀ. ਏ. ਵਾਲੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਹੋਵੇਗਾ।

***

## ਅਲੀ ਹੈਦਰ ਮੁਲਤਾਨੀ

ਉਸ ਦੀ ਕਵਿਤਾ ਮੁੱਖ ਤੌਰ 'ਤੇ ਗਜ਼ਲ ਵਿਧੀ ਵਿੱਚ ਹੈ। ਜਿਸ ਰਾਹੀਂ ਉਸ ਨੇ ਆਪਣੇ ਯੁੱਗ ਦੀਆਂ ਅਧਿਆਤਮਕ ਅਤੇ ਹੋਂਦ ਦੀਆਂ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਅਪਣਾਇਆ। ਗਜ਼ਲਾਂ ਵਿੱਚ ਆਪਣਾ ਖਿਆਲ ਅਲੰਕਾਰਾਂ ਅਤੇ ਪ੍ਰਤੀਕਵਾਦ ਦੀ ਗੁੰਝਲਦਾਰ ਵਰਤੋ ਰਾਹੀਂ ਦਰਸਾਇਆ ਹੈ। ਜੋ ਅਕਸਰ ਦੈਵੀ ਪਿਆਰ ਅਤੇ ਰਹੱਸਵਾਦ ਦੇ ਸੂਫ਼ੀ ਵਿਸ਼ਿਆਂ ਨੂੰ ਦਰਸਾਉਂਦੇ ਹਨ। ਇਹ ਪੰਜਾਬੀ ਸਾਹਿਤ ਦੇ ਵਿਆਪਕ ਰੁਝਾਨ ਨੂੰ ਦਰਸਾਉਂਦਾ ਹੈ। ਮੁਲਤਾਨੀ ਨੇ ਆਪਣੇ ਕਲਾਮ ਵਿੱਚ ਕੁਰਾਨ ਦੀਆਂ ਆਇਤਾਂ ਦੀ ਖ਼ੂਬ ਵਰਤੋਂ ਕੀਤੀ ਹੈ। ਸੰਸਾਰਕ ਸਾਹਿਤ ਦੇ ਰੂਪਾਂ ਦਾ ਵੀ ਪ੍ਰਭਾਵ ਹੈ। ਉਸ ਦੀ ਰਚਨਾ ਵਿੱਚ ਪੰਜਾਬੀ ਸੱਭਿਆਚਾਰ ਦਾ ਪ੍ਰਭਾਵ ਬੜਾ ਸਪਸ਼ਟ ਮਿਲਦਾ ਹੈ। ਉਸ ਨੇ ਲਕੋਕਤੀਆਂ ਦੀ ਵੀ ਵਰਤੋ ਕੀਤੀ ਹੈ। ਉਸ ਦੀ ਰਚਨਾ ਵਿੱਚ ਸੀ ਹਰਫੀਆਂ, ਦੀਵਾਨ , ਦੋਹੜੇ, ਬਾਰਾਂ ਮਾਹ, ਹੀਰ ਰਾਂਝਾ ਅਤੇ ਫੁਟਕਲ ਕਵਿਤਾਵਾਂ ਹਨ। ਉਸ ਦੀ ਕਾਵਿ ਸ਼ੈਲੀ ਵਿੱਚ ਬੜੀ ਸੁੰਦਰ ਤਰਤੀਬ ਹੈ। ਉਸ ਦੀ ਕਵਿਤਾ ਵਿੱਚ ਕਾਵਿ ਪ੍ਰਵਾਹ ਅਤੇ ਸ਼ਬਦਾਵਲੀ ਦੀ ਭਰਪੂਰਤਾ ਮਿਸਾਲੀ ਹੈ। ਉਸ ਦੀ ਕਵਿਤਾ ਅਲੰਕਾਰ ਭਰਪੂਰ ਹੈ। ਜੋ ਪਾਠਕ ਨੂੰ ਮੋਹਿਤ ਕਰਦੀ ਹੈ। ਉਹ ਸੂਖਮ ਕਾਵਿ ਵਿੱਚ ਨਿਪੁੰਨ ਸੀ। ਉਹ ਇੱਕ ਚੰਗਾ ਸੰਗੀਤਕਾਰ ਸੀ। ਉਸ ਦਾ ਕਲਾਮ ਅੱਜ ਵੀ ਗਾਇਆ ਜਾਂਦਾ ਹੈ।

ਮੁਲਤਾਨੀ ਦੀ ਰਚਨਾ ਸਮਾਜਿਕ ਰਾਜਨੀਤਿਕ ਟਿੱਪਣੀ ਲਈ ਵੀ ਮਹੱਤਵਪੂਰਨ ਹੈ। ਉਹ ਅਜਿਹੇ ਬਦਲਦੇ ਸਮੇਂ ਦੇ ਦੌਰ ਵਿੱਚ ਗੁਜਰਿਆ, ਜਿਸ ਵਿੱਚ ਮੁਗਲ ਹਕੂਮਤ ਦੇ ਪਤਨ ਅਤੇ ਸਿੱਖਾਂ ਅਤੇ ਖੇਤਰੀ ਸ਼ਕਤੀਆਂ ਦਾ ਉਭਾਰ ਦਾ ਸੰਕੇਤ ਸੀ। ਉਸ ਕਵਿਤਾ ਬਦਲਦੇ ਸਮੇਂ ਦੇ ਤਣਾਅ ਅਤੇ ਤਬਦੀਲੀ ਨੂੰ ਦੱਸਦੀ ਹੈ। ਜਿਸ ਦੀ ਰੌਸ਼ਨੀ ਵਿੱਚ ਪਾਠਕ 18ਵੀਂ ਸਦੀ ਦੇ ਸਮਾਜਿਕ ਰਾਜਨੀਤਿਕ ਦ੍ਰਿਸ਼ ਨੂੰ ਸਮਝ ਸਕਦੇ ਹਨ। ਸਾਸ਼ਨ, ਨਿਆਂ, ਸਮਾਜਿਕ ਭਲਾਈ ਪ੍ਰਤੀ ਉਸ ਦੀ ਚਿੰਤਾ ਦੀ ਜਾਗਰੂਕਤਾ ਨੂੰ ਦਰਸ਼ਾਉਂਦੀ ਹੈ। ਮੁਲਤਾਨੀ ਦਾ ਪ੍ਰਭਾਵ ਸਮੇਂ ਦੀ ਸੋਚ ਤੋਂ ਵੀ ਪਾਰ ਸੀ। ਉਸ ਦੀ ਕਵਿਤਾ ਨੇ ਪੰਜਾਬੀ ਸਾਹਿਤ ਪ੍ਰੰਪਰਾਵਾਂ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਮੁਲਤਾਨੀ ਨੇ ਬੇਇਨਸਾਫ਼ੀ ਅਤੇ ਜੁਲਮ ਦੇ ਖ਼ਿਲਾਫ਼ ਆਪਣੀ ਆਵਾਜ਼ ਉਲੰਦ ਕੀਤੀ।

ਉਸ ਨੇ ਸਾਹਿਤ ਖੇਤਰ ਵਿੱਚ ਆਉਣ ਵਾਲੀਆਂ ਸਾਹਿਤਕ ਲਹਿਰਾਂ ਦੇ ਪੂਰਵਗਰਾਮੀ ਵਜੋਂ ਕੰਮ ਕੀਤਾ। ਉਹ ਪੰਜਾਬੀ ਸੂਫ਼ੀ ਸਾਹਿਤ ਨੂੰ ਕਈ ਕਦਮ ਅੱਗੇ ਲੈ ਗਿਆ। ਉਸ ਦੀ ਰਚਨਾ ਦੀ ਕਲਾਤਮਕ ਯੋਗਤਾ ਅਤੇ ਉਸ ਦੇ ਸਮੇਂ ਦੀਆਂ ਇਤਿਹਾਸਕ ਅਤੇ ਸੱਭਿਆਚਾਰਕ ਸਥਿਤੀਆਂ ਦੇ ਪ੍ਰਤੀਬਿੰਬ ਦਾ ਅਧਿਐਨ ਕੀਤਾ ਗਿਆ ਹੈ। ਜਿਸ ਵਿੱਚ ਉਹ ਪੰਜਾਬੀ ਸੂਫ਼ੀ ਸਾਹਿਤ ਦੇ ਇਤਿਹਾਸ ਵਿੱਚ ਇੱਕ ਪ੍ਰਮੁੱਖ ਸ਼ਖਸ਼ੀਅਤ ਬਣ ਗਿਆ ਹੈ। ਉਸ ਦਾ ਉਹੀ ਰੁਤਬਾ ਅੱਜ ਵੀ ਕਾਇਮ ਹੈ। ਉਸ ਦੀ ਕਵਿਤਾ ਨਾ ਸਿਰਫ਼ ਉਸ ਦੇ ਯੁੱਗ ਦੀਆਂ ਕਲਾਤਮਕ ਪ੍ਰਾਪਤੀਆਂ ਦੀ ਉਦਾਹਰਨ ਦਿੰਦੀ ਹੈ, ਬਲਕਿ 18ਵੀਂ ਸਦੀ ਦੇ ਪੰਜਾਬ ਦੇ ਇਤਿਹਾਸਕ ਅਤੇ ਸੱਭਿਆਚਾਰਕ ਸੰਦਰਭ ਦੀ ਕੀਮਤੀ ਸੂਝ ਵੀ ਪ੍ਰਦਾਨ ਕਰਦੀ ਹੈ। ਉਸ ਦੀ ਵਿਰਾਸਤ ਵਿਦਵਤਾ ਦੀ ਦਿਲਚਸਪੀ ਦਾ ਵਿਸ਼ਾ ਬਣੀ ਹੋਈ ਹੈ। ਸਾਹਿਤਕ ਖੇਤਰ ਅਤੇ ਸੱਭਿਆਚਾਰਕ ਵਿਰਾਸਤ ਬਾਰੇ ਸਮਝਾਉਂਦੀ ਹੈ।

8 ਜੂਨ, 1785 ਨੂੰ ਅਲੀ ਹੈਦਰ ਮੁਲਤਾਨੀ ਦਾ ਦਿਹਾਂਤ ਆਪਣੇ ਪਿੰਡ ਚੋਂਤਰਾ ਵਿੱਚ ਹੋਇਆ, ਜਿੱਥੇ ਉਸ ਨੇ ਆਪਣੀ ਸਾਰੀ ਜਿੰਦਗੀ ਗੁਜਾਰੀ। ਜਿੱਥੇ ਉਸਦਾ ਮਜਾਰ ਹੈ ਅਤੇ ਉਸ ਦੇ ਉਰਸ ਦਾ ਹਰ ਸਾਲ ਮੇਲਾ ਲੱਗਦਾ ਹੈ।

***


## ਸੰਘੀ ਅਦਾਲਤ 'ਚ ਪਹੁੰਚਿਆ ਐੱਚ-1ਬੀ ਵੀਜ਼ਾ ਲਈ

ਪ੍ਰੋਗਰਾਮ ਸਿਹਤ ਸੰਭਾਲ ਕਰਮਚਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਇੱਕ ਮਹੱਤਵਪੂਰਨ ਰਸਤਾ ਹੈ। ਇਹ ਅਮਰੀਕਾ ਵਿੱਚ ਨਵੀਨਤਾ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਨਿਯੋਜਕਾਂ ਨੂੰ ਵਿਸ਼ੇਸ਼ ਖੇਤਰਾਂ ਵਿੱਚ ਖਾਲੀ ਅਸਾਮੀਆਂ ਭਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

'ਡੈਮੋਕਰੇਸੀ ਫਾਰਵਰਡ ਫਾਊਂਡੇਸ਼ਨ' ਅਤੇ 'ਜਸਟਿਸ ਐਕਸ਼ਨ ਸੈਂਟਰ' ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ, "ਇਸ ਮਾਮਲੇ ਵਿੱਚ ਕੋਈ ਰਾਹਤ ਨਾ ਮਿਲਣ 'ਤੇ ਹਸਪਤਾਲਾਂ ਨੂੰ ਮੈਡੀਕਲ ਸਟਾਫ, ਗਿਰਜਾਘਰਾਂ ਨੂੰ ਪਾਦਰੀਆਂ ਅਤੇ ਕਲਾਸੂਮਾਂ ਨੂੰ ਅਧਿਆਪਕਾਂ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ ਅਤੇ ਦੇਸ਼ ਭਰ ਦੇ ਉਦਯੋਗਾਂ 'ਤੇ ਮੁੱਖ ਨਵੀਨਤਾਕਾਰਾਂ ਨੂੰ ਗੁਆਉਣ ਦਾ ਖ਼ਤਰਾ ਹੈ।" ਅਦਾਲਤ ਤੋਂ ਟਰੰਪ ਦੇ ਆਦੇਸ਼ 'ਤੇ ਤੁਰੰਤ ਰੋਕ ਲਗਾਉਣ ਦੀ ਬੇਨਤੀ ਕੀਤੀ ਗਈ ਹੈ।




## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ-ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਇਨਸਾਫ਼ ਦੀ ਝਾਕ...

ਸਮੇਂ-ਸਮੇਂ 'ਤੇ ਅਦਾਲਤਾਂ ਉਤੇ ਵੀ ਇੱਕ ਪਾਸੜ ਅਤੇ ਹਾਕਮਾਂ ਦਾ ਪ੍ਰਭਾਵ ਕਬੂਲਣ ਦੇ ਦੋਸ਼ ਲੱਗਦੇ ਦਿਸਦੇ ਹਨ ਅਤੇ ਕਈ ਜੱਜਾਂ, ਦੀ ਕਾਰਗੁਜ਼ਾਰੀ ਵੀ ਸ਼ੰਕੇ ਦੇ ਘੇਰੇ 'ਚ ਆਉਂਦੀ ਹੈ, ਜਦੋਂ ਉਹ ਸੇਵਾ ਮੁਕਤੀ ਉਪਰੰਤ ਤੁਰੰਤ ਬਾਅਦ ਰਾਜ ਸਭਾ ਦੇ ਮੈਂਬਰ, ਗਵਰਨਰੀ ਜਾਂ ਉੱਚ ਅਹੁਦੇ ਕਬੂਲ ਲੈਂਦੇ ਹਨ।

ਉਹ ਸੰਸਥਾ ਜਿਸ ਉਤੇ ਦੇਸ਼ ਨੂੰ ਕਦੇ ਵੱਡਾ ਮਾਣ ਸੀ ਅਤੇ ਜਿਸਨੂੰ ਲੋਕਤੰਤਰ ਦਾ ਚੌਥਾ ਥੰਮ ਗਿਣਿਆ ਜਾਂਦਾ ਸੀ, ਉਹ ਗੋਦੀ ਮੀਡੀਆ ਦਾ ਰੂਪ ਧਾਰਨ ਕਰ ਚੁੱਕਾ ਹੈ। ਜਿਸਨੂੰ ਸਿਆਸਤਦਾਨਾਂ, ਹਾਕਮਾਂ, ਅਜਾਰੇਦਾਰਾਂ ਨੇ ਹਥਿਆ ਲਿਆ ਹੈ।

ਮਨੀਪੁਰ ਇਨਸਾਫ਼ ਦੀ ਝਾਕ 'ਚ ਹੈ। ਜੋ ਦਹਾਕਿਆਂ ਤੋਂ ਹਾਕਮਾਂ ਦੀਆਂ ਅਪਹੁਦਰੀਆਂ ਦਾ ਸ਼ਿਕਾਰ ਹੈ। ਦੋ ਤਿੰਨ ਟੋਟਿਆਂ 'ਚ ਵੰਡ ਦਿੱਤਾ ਗਿਆ। ਜੰਮੂ ਕਸ਼ਮੀਰ ਇਨਸਾਫ਼ ਲਈ ਤਰਸ ਰਿਹਾ ਹੈ, ਵਾਅਦਿਆਂ ਦੇ ਬਾਵਜੂਦ ਵੀ ਉਥੋਂ ਦੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਪੰਜਾਬ ਸਦਾ ਦੀ ਤਰ੍ਹਾਂ ਹਾਕਮਾਂ ਦੇ ਮਤਰੇਏ ਸਲੂਕ ਕਾਰਨ ਝੰਬਿਆ, ਇਨਸਾਫ਼ ਭਾਲ ਰਿਹਾ ਹੈ। ਇਨਸਾਫ਼ ਦੀ ਭਾਲ 'ਚ ਤਾਂ ਦੇਸ਼ ਦੇ ਉਹ ਸਾਰੇ ਲੋਕ ਹਨ, ਜਿਹੜੇ ਜੀਊਣ ਦੇ ਘੱਟੋ-ਘੱਟ ਸਾਧਨਾਂ ਤੋਂ ਵਿਰਵੇ ਹਨ। ਤੰਗੀਆਂ-ਤੁਰਸ਼ੀਆਂ 'ਚ ਜੀਵਨ ਗੁਜ਼ਾਰ ਰਹੇ ਹਨ ਅਤੇ ਜਿਹੜੇ ਨਿੱਤ ਗਰੀਬ, ਅਤਿ ਗਰੀਬ ਹੋ ਰਹੇ ਹਨ। ਇਨਸਾਫ਼ ਦੀ ਝਾਕ ਘੱਟ ਗਿਣਤੀਆਂ ਨੂੰ ਹੈ। ਇਨਸਾਫ਼ ਦੀ ਝਾਕ ਔਰਤਾਂ ਨੂੰ ਹੈ, ਜਿਹੜੀਆਂ ਦੂਹਰੀ ਗੁਲਾਮੀ ਦੀ ਜ਼ਿੰਦਗੀਆਂ ਜੀਊਂਦੀਆਂ ਹਨ। ਇਨਸਾਫ਼ ਦੀ ਝਾਕ ਉਹਨਾ ਸਭਨਾ ਨੂੰ ਹੈ, ਜਿਹੜੇ ਹਾਕਮਾਂ ਦੇ ਜ਼ੁਲਮ, ਜ਼ਬਰ, ਹਾਕਮਾਂ ਦੇ ਲਾਲਚੀ, ਹੈਂਕੜ ਭਰੇ ਵਤੀਰੇ ਕਾਰਨ ਡਰ-ਸਹਿਮ 'ਚ ਜ਼ਿੰਦਗੀ ਗੁਜ਼ਾਰ ਰਹੇ ਹਨ। ਇਨਸਾਫ਼ ਦੀ ਇਹ ਝਾਕ-ਤਾਕ ਵਿਚੋਂ ਲੋਅ ਬਣੇਗੀ, ਜਦੋਂ ਜ਼ੁਲਮ ਸਹਿ ਰਹੇ ਲੋਕਾਂ ਦੇ ਮਨਾਂ 'ਚ ਲੜਨ ਅਤੇ ਜਿੱਤਣ ਦੀ ਲਾਲਸਾ ਪੈਦਾ ਹੋਏਗੀ ਅਤੇ ਉਹ ਬਿਹਤਰ ਜ਼ਿੰਦਗੀ ਜੀਊਣ ਲਈ ਸੰਘਰਸ਼ ਦਾ ਰਸਤਾ ਅਪਨਾਉਣਗੇ।

***

## ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਕੇ...

ਕੇਂਦਰ ਨੇ ਸੋਨਮ ਵਾਂਗ ਚੁੱਕ ਦੀ ਸਟੂਡੈਂਟਸ ਐਜੂਕੇਸ਼ਨਲ ਐਂਡ ਕਲਚਰਲ ਮੂਵਮੈਂਟ ਆਫ਼ ਲੱਦਾਖ ਸੰਸਥਾ ਦਾ ਲਸੰਸ ਰੱਦ ਕਰ ਦਿੱਤਾ ਹੈ। ਹਿਮਾਲੀਅਨ ਇੰਸਟੀਚਿਊਟ ਆਫ ਆਲਟਰਨੇਟਿਵਜ਼ ਲੱਦਾਖ ਦੇ ਵਿਦੇਸ਼ੀ ਫੰਡਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਸਨੇ ਸਾਫ ਕੀਤਾ ਹੈ ਕਿ ਉਸ ਵਿਰੁੱਧ ਕਾਰਵਾਈ ਹਾਲਾਤ ਵਿੱਚ ਤਲਖ਼ੀ ਪੈਦਾ ਕਰੇਗੀ। ਭਾਜਪਾ ਦਾ ਸਥਾਨਿਕ ਸਾਂਸਦ ਉਸ ਅਤੇ ਸਰਕਾਰ ਵਿਰੁੱਧ ਹੈ। ਨੌਜਵਾਨ ਅੰਦੋਲਨ ਭੜਕਿਆ ਪਿਆ ਹੈ, ਜੈਨ ਜ਼ੈੱਡ ਚਿੰਗਾਰੀ ਨਾਲ। ਕੇਂਦਰ ਅੰਦਰ ਸ਼੍ਰੀ ਮੋਦੀ ਸਰਕਾਰ ਨੂੰ ਇਸ ਮੁੱਦੇ ਨੂੰ ਨਜਿੱਠਣ ਲਈ ਸਰਬ ਪਾਰਟੀ ਮੀਟਿੰਗ ਬੁਲਾਉਣੀ ਚਾਹੀਦੀ ਹੈ। ਵਾਂਗ ਚੁੱਕ ਅਤੇ ਨੌਜਵਾਨ ਆਗੂਆਂ ਨਾਲ ਮੇਜ਼ 'ਤੇ ਬੈਠ ਕੇ ਮਸਲਾ ਹੱਲ ਕਰਨਾ ਚਾਹੀਦਾ ਹੈ। ਆਪਣੇ ਲੋਕਾਂ, ਆਪਣੇ ਨੌਜਵਾਨਾਂ ਜਾਂ ਆਪਣੇ ਵਿਰੋਧੀ ਵਿਚਾਰਾਂ ਵਾਲੇ ਨਾਗਰਿਕਾਂ ਅਤੇ ਸੰਗਠਨਾਂ ਵਿਰੁੱਧ ਬਸਤੀਵਾਦੀ ਅੰਗਰੇਜ਼ ਜਾਂ ਡੋਨਾਲਡ ਟਰੰਪ ਜਾਂ ਮਰਹੂਮ ਇੰਦਰਾ ਗਾਂਧੀ ਵਾਂਗ ਪੁਲਿਸ, ਅਰਧ ਫ਼ੌਜੀ ਦਲਾਂ ਜਾਂ ਫ਼ੌਜੀ ਬੂਟਾਂ ਜਾਂ ਬੰਦੂਕ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਕੀ ਵਿਸ਼ਵ ਗੁਰੂ ਬਣਨ ਵਾਲੇ ਭਾਰਤ ਅਤੇ ਉਸਦੀ ਸਰਕਾਰ ਤੋਂ ਅਜਿਹੀ ਤਵੱਕੋ ਕੀਤੀ ਜਾ ਸਕਦੀ ਹੈ।

***

## ਲੋਕ ਚੇਤਿਆਂ ਵਿੱਚ...

ਅੱਠੇ ਪਹਿਰ ਤ੍ਰਿੰਞਣ ਵਿੱਚ ਕੱਤਣ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ।

ਬੇਸ਼ਕ ਇਹ ਬੀਤ ਗਏ ਸਮੇਂ ਦੀਆਂ ਗੱਲਾਂ ਹਨ, ਪਰ ਹੁਣ ਵੀ ਜਦੋਂ ਸੱਭਿਆਚਾਰਕ ਸਾਂਝ ਦਾ ਜ਼ਿਕਰ ਹੁੰਦਾ ਹੈ ਤਾਂ ਤ੍ਰਿੰਞਣ ਦੀ ਗੱਲ ਜ਼ਰੂਰ ਛਿੜਦੀ ਹੈ। ਤ੍ਰਿੰਞਣਾਂ ਨੂੰ ਯਾਦ ਕਰਕੇ ਬੀਤੇ ਸਮਿਆਂ ਦੇ ਸੁਖਾਵੇਂ ਅਨੁਭਵ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ। ਸਮਾਂ ਰੁਕਦਾ ਨਹੀਂ, ਇਤਿਹਾਸ ਵਿੱਚ ਸਾਂਭਿਆ ਜ਼ਰੂਰ ਜਾਂਦਾ ਹੈ:

ਪਾਣੀ ਜੋ ਅੱਜ ਪੱਤਣੋਂ ਲੰਘਦਾ
ਫੇਰ ਨਾ ਆਉਂਦਾ ਭਲਕੇ
ਬੇੜੀ ਦਾ ਪੂਰ, ਤ੍ਰਿੰਞਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ ਕੇ।

ਹਰੇਕ ਸਮੇਂ ਦੀ ਅਟੱਲ ਸੱਚਾਈ ਕਹਿੰਦੀਆਂ ਉਪਰੋਕਤ ਤੁਕਾਂ ਤ੍ਰਿੰਞਣ ਦਾ ਮਹੱਤਵ ਵੀ ਦਰਸਾ ਜਾਂਦੀਆਂ ਹਨ ਤੇ ਬਹੁਤ ਕੁਝ ਸੋਚਣ ਲਈ ਵੀ ਮਜਬੂਰ ਕਰ ਦਿੰਦੀਆਂ ਹਨ। ਕਿਸੇ ਸਮੇਂ ਪੰਜਾਬ ਦੇ ਲੋਕ ਜੀਵਨ ਵਿੱਚ ਚਰਖਾ ਕੱਤਣ ਨੂੰ ਕੁੜੀਆਂ ਦਾ ਵੱਡਾ ਰੁਝੇਵਾਂ ਤੇ ਆਹਰ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਲੱਖਣ ਗੁਣ ਵੀ ਤਸੱਵਰ ਕੀਤਾ ਜਾਂਦਾ ਸੀ। ਹੁਣ ਇਹ ਗੱਲਾਂ ਭਾਵੇਂ ਬਹੁਤਾ ਮਹੱਤਵ ਨਹੀਂ ਰੱਖਦੀਆਂ, ਪਰ ਲੋਕਧਾਰਾ ਵਿੱਚ ਇਨ੍ਹਾਂ ਦਾ ਮਹੱਤਵ ਜਿਉਂ ਦਾ ਤਿਉਂ ਬਣਿਆ ਚਲਿਆ ਆ ਰਿਹਾ ਹੈ। ਕਿਸੇ ਦੇ ਕਹੇ ਪੁਰਾਣੇ ਬੋਲ ਅਜੇ ਵੀ ਯਾਦ ਆ ਜਾਂਦੇ ਹਨ:

ਜੋਗੀ ਉੱਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਘਰਾਂ ਦੇ ਸਾਜ਼-ਸਾਮਾਨ ਵਿੱਚ ਚਰਖੇ ਦਾ ਮੌਜੂਦ ਹੋਣਾ ਬਹੁਤੀਆਂ ਹਾਲਤਾਂ ਵਿੱਚ ਮਾਣ ਮਹਿਸੂਸ ਕਰਨ ਵਾਲੀ ਗੱਲ ਸਮਝੀ ਜਾਂਦੀ ਸੀ। ਵਧੀਆ ਦਿੱਖ ਵਾਲਾ ਚਰਖਾ ਬਣਾਉਣ ਵਾਲੇ ਕਾਰੀਗਰ ਦੇ ਵੀ ਸੋਹਲੇ ਗਏ ਜਾਂਦੇ ਸਨ।

ਤ੍ਰਿੰਞਣ ਜੋੜਨ ਲਈ ਵਧੇਰੇ ਕਰਕੇ ਉਸ ਘਰ ਦੀ ਚੋਣ ਕੀਤੀ ਜਾਂਦੀ ਸੀ, ਜਿਸ ਘਰ ਵਿੱਚ ਦੋ-ਤਿੰਨ ਕੁੜੀਆਂ, ਜਿਨ੍ਹਾਂ ਨੇ ਤ੍ਰਿੰਞਣ ਵਿੱਚ ਕੱਤਣਾ ਹੁੰਦਾ ਸੀ, ਹੁੰਦੀਆਂ ਸਨ। ਸ਼ਾਮ ਹੋਣ ਤੋਂ ਪਹਿਲਾਂ ਹੀ ਤ੍ਰਿੰਞਣ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਂਦੀਆਂ ਸਨ। ਇਹ ਲੋਕਧਾਰਾ ਵਿਗਿਆਨੀਆਂ ਦੇ ਸਿਦਕ, ਸਿਰੜ, ਮਿਹਨਤ ਅਤੇ ਖੇਤਰੀ ਖੋਜ ਕਾਰਜ ਦਾ ਹੀ ਪ੍ਰਤੀਫਲ ਹੈ ਕਿ ਲੋਕਧਾਰਾ ਨਾਲ ਸਬੰਧਤ ਅਮੀਰ ਵਿਰਾਸਤ ਦੀ ਅਮੋਲਵੀਂ ਸਮੱਗਰੀ ਸਾਡੇ ਤਕ ਪਹੁੰਚ ਸਕੀ ਹੈ। ਹੁਣ ਵੀ ਅਜਿਹੀ ਕੀਮਤੀ ਜਾਣਕਾਰੀ ਨੂੰ ਕਲਮਬੱਧ ਕਰਨ ਵਾਸਤੇ ਸੁਚੇਤ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਲੋਕਧਾਰਾ ਨਾਲ ਸਬੰਧਤ ਦੁਰਲੱਭ ਖ਼ਜ਼ਾਨੇ ਨੂੰ ਆਉਣ ਵਾਲੇ ਸਮੇਂ ਤਕ ਸਾਂਭ ਕੇ ਰੱਖਣ ਲਈ ਸਰਕਾਰਾਂ ਨੂੰ ਵੀ ਪ੍ਰਾਜੈਕਟ ਉਲੀਕ ਕੇ ਉਨ੍ਹਾਂ ਉੱਪਰ ਕੰਮ ਕਰਵਾਉਣਾ ਚਾਹੀਦਾ ਹੈ। ਤ੍ਰਿੰਞਣ ਹੁਣ ਸੁਪਨੇ ਦੀ ਨਿਆਈਂ ਹੋ ਗਏ ਹਨ, ਜੋ ਬੀਤੇ ਸਮਿਆਂ ਦੀ ਮਿੱਠੀ ਤੇ ਸੁਹਾਵਣੀ ਯਾਦ ਬਣ ਕੇ ਰਹਿ ਗਏ ਹਨ।

***

## ਸੰਘ ਦਾ ਮਕਸਦ ਅਤੇ ਸੰਗਠਨ:

ਹਾਲਾਂਕਿ ਮੋਹਨ ਭਾਗਵਤ ਨੇ ਇਨ੍ਹਾਂ ਵਿਚਾਰਾਂ ਨੂੰ ਸਮੇਂ ਦੇ ਸੰਦਰਭ ਨਾਲ ਜੋੜਿਆ ਅਤੇ ਕਿਹਾ ਕਿ ਸੰਘ ਦੀ ਸੋਚ ਸਮੇਂ ਨਾਲ ਬਦਲਦੀ ਹੈ। ਭਾਗਵਤ ਦਾ ਕਹਿਣਾ ਹੈ ਕਿ ਸਾਰੇ ਭਾਰਤੀ, ਚਾਹੇ ਕਿਸੇ ਵੀ ਧਰਮ ਦੇ ਹੋਣ, ਹਿੰਦੂ ਹਨ ਕਿਉਂਕਿ ਉਹ ਇੱਕੋ ਪੁਰਖਿਆਂ ਦੀ ਔਲਾਦ ਹਨ। ਪਰ ਸੰਘ ਦੀ 'ਹਿੰਦੂ ਰਾਸ਼ਟਰ' ਵਾਲੀ ਸੰਕਲਪਨਾ ਅਤੇ ਘੱਟ ਗਿਣਤੀਆਂ ਪ੍ਰਤੀ ਪਹਿਲਾਂ ਦੇ ਬਿਆਨਾਂ ਨੇ ਮੁਸਲਮਾਨਾਂ ਅਤੇ ਇਸਾਈਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ।

### ਸੰਘ ਅਤੇ ਤਿਰੰਗੇ ਦਾ ਵਿਵਾਦ

ਸੰਘ ਦੇ ਝੰਡੇ (ਭਗਵਾ) ਨੂੰ ਗੁਰੂ ਮੰਨਣ ਦੀ ਪਰੰਪਰਾ ਨੇ ਰਾਸ਼ਟਰੀ ਝੰਡੇ (ਤਿਰੰਗੇ) ਪ੍ਰਤੀ ਉਸ ਦੇ ਰਵੱਈਏ 'ਤੇ ਸਵਾਲ ਖੜ੍ਹੇ ਕੀਤੇ। ਗੋਲਵਲਕਰ ਨੇ 'ਬੰਚ ਆਫ਼ ਥੌਟਸ' ਵਿੱਚ ਤਿਰੰਗੇ ਨੂੰ ਵਿਦੇਸ਼ੀ ਪ੍ਰੇਰਣਾ ਵਾਲਾ ਅਤੇ ਭਾਰਤੀ ਵਿਰਾਸਤ ਨਾਲ ਜੁੜਿਆ ਨਾ ਹੋਣ ਦਾ ਦਾਅਵਾ ਕੀਤਾ। 1930 ਵਿੱਚ ਜਦੋਂ ਕਾਂਗਰਸ ਨੇ ਸੁਤੰਤਰਤਾ ਦਿਵਸ ਮਨਾਉਣ ਲਈ ਤਿਰੰਗਾ ਲਹਿਰਾਇਆ, ਸੰਘ ਨੇ ਭਗਵਾ ਝੰਡਾ ਚੁੱਕਿਆ। 1950 ਤੋਂ 2002 ਤੱਕ ਸੰਘ ਨੇ ਆਪਣੇ ਮੁੱਖ ਦਫ਼ਤਰ 'ਤੇ ਤਿਰੰਗਾ ਨਹੀਂ ਲਹਿਰਾਇਆ, ਜਿਸ ਦੀ ਆਲੋਚਨਾ ਹੋਈ। ਸੰਘ ਦਾ ਕਹਿਣਾ ਹੈ ਕਿ 2002 ਤੋਂ ਪਹਿਲਾਂ ਫਲੈਗ ਕੋਡ ਨੇ ਨਿੱਜੀ ਸੰਸਥਾਵਾਂ ਨੂੰ ਝੰਡਾ ਲਹਿਰਾਉਣ ਦੀ ਮਨਾਹੀ ਕੀਤੀ ਸੀ, ਪਰ ਆਲੋਚਕ ਕਹਿੰਦੇ ਹਨ ਕਿ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ 'ਤੇ ਝੰਡਾ ਲਹਿਰਾਉਣ ਦੀ ਇਜਾਜ਼ਤ ਸੀ। 2002 ਵਿੱਚ ਸੰਘ ਨੇ ਪਹਿਲੀ ਵਾਰ ਤਿਰੰਗਾ ਲਹਿਰਾਇਆ ਅਤੇ ਹੁਣ ਕਹਿੰਦਾ ਹੈ ਕਿ ਉਹ ਰਾਸ਼ਟਰੀ ਝੰਡੇ ਦਾ ਸਤਿਕਾਰ ਕਰਦਾ ਹੈ।

ਆਰ.ਐੱਸ.ਐੱਸ. ਦੀ 100 ਸਾਲ ਦੀ ਯਾਤਰਾ ਵਿੱਚ ਉਸ ਨੇ ਭਾਰਤੀ ਸਮਾਜ ਅਤੇ ਸਿਆਸਤ 'ਤੇ ਡੂੰਘਾ ਪ੍ਰਭਾਵ ਪਾਇਆ। ਭਾਜਪਾ ਨਾਲ ਉਸ ਦੀ ਨੇੜਤਾ ਨੇ ਉਸ ਦੀ ਤਾਕਤ ਵਧਾਈ, ਪਰ ਸਿੱਖਾਂ, ਮੁਸਲਮਾਨਾਂ, ਈਸਾਈਆਂ ਅਤੇ ਤਿਰੰਗੇ ਨੂੰ ਲੈ ਕੇ ਵਿਵਾਦਾਂ ਨੇ ਸੰਘ ਦੀ ਚਰਚਾ ਨੂੰ ਹਮੇਸ਼ਾ ਜ਼ਿੰਦਾ ਰੱਖਿਆ। ਸਿੱਖਾਂ ਨਾਲ ਟਕਰਾਅ ਦੀ ਮੁੱਖ ਵਜ੍ਹਾ ਵਿਚਾਰਧਾਰਕ ਮਤਭੇਦ ਅਤੇ ਸਿਖੀ ਦੀ ਵੱਖਰੀ ਪਛਾਣ ਨੂੰ ਖਤਰਾ ਮਹਿਸੂਸ ਹੋਣਾ ਹੈ। ਸੰਘ ਦੀ ਘੱਟ ਗਿਣਤੀਆਂ ਅਤੇ ਰਾਸ਼ਟਰੀ ਝੰਡੇ ਪ੍ਰਤੀ ਪਹਿਲਾਂ ਦੀ ਸੋਚ ਨੇ ਵੀ ਵਿਵਾਦਾਂ ਨੂੰ ਜਨਮ ਦਿੱਤਾ, ਹਾਲਾਂਕਿ ਹੁਣ ਸੰਘ ਆਪਣੀ ਸੋਚ ਨੂੰ ਸਮੇਂ ਦੇ ਹਿਸਾਬ ਨਾਲ ਬਦਲਣ ਦਾ ਦਾਅਵਾ ਕਰਦਾ ਹੈ।

***

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ...

ਇਸੇ ਦੌਰਾਨ ਕਾਂਗਰਸੀ ਵਿਧਾਇਕ ਪ੍ਰਗਟ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਤੇ ਮੈਂਬਰ ਗੁਰਚਰਨ ਸਿੰਘ ਗਰੇਵਾਲ ਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂ ਭੁਪਿੰਦਰ ਸਿੰਘ ਨੇ ਵੀ ਕੇਂਦਰ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਕੋਲ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਲਈ ਲਗਪਗ 1900 ਤੋਂ ਵੱਧ ਸਿੱਖ ਸ਼ਰਧਾਲੂਆਂ ਦੇ ਪਾਸਪੋਰਟ ਪੁੱਜੇ ਸਨ ਪਰ ਕੇਂਦਰ ਸਰਕਾਰ ਦੇ ਪਹਿਲਾਂ ਦੇ ਫ਼ੈਸਲੇ ਦੇ ਮੱਦੇਨਜ਼ਰ ਕਈ ਸ਼ਰਧਾਲੂ ਪਾਸਪੋਰਟ ਵਾਪਸ ਲੈ ਗਏ ਸਨ। ਸਿੱਖ ਸੰਸਥਾ ਦੇ ਬੁਲਾਰੇ ਨੇ ਦੱਸਿਆ ਕਿ ਜਿਹੜੇ ਸ਼ਰਧਾਲੂਆਂ ਨੇ ਪਾਸਪੋਰਟ ਵਾਪਸ ਲਏ ਸਨ, ਉਨ੍ਹਾਂ ਨਾਲ ਮੁੜ ਰਾਬਤਾ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਦੇ ਪਾਸਪੋਰਟ ਵੀਜ਼ਾ ਲਵਾਉਣ ਲਈ ਭੇਜੇ ਜਾ ਸਕਣ।

***

## ਸਾਲ 2025 ਦੇ ਸਭ ਤੋਂ ਅਮੀਰ ਭਾਰਤੀਆਂ...

### ਨੀਰਜ ਬਜਾਜ ਐਂਡ ਫੈਮਿਲੀ ਕੋਲ 2.326 ਲੱਖ ਕਰੋੜ ਰੁਪਏ

ਬਜਾਜ ਗਰੁੱਪ ਦੇ ਨੀਰਜ ਬਜਾਜ ਨੇ 69,875 ਕਰੋੜ ਰੁਪਏ ਜੋੜ ਕੇ ਕੁੱਲ 2.326 ਲੱਖ ਕਰੋੜ ਰੁਪਏ ਕਮਾਏ ਹਨ, ਜਿਸ ਨਾਲ ਉਹ ਸਾਲ-ਦਰ-ਸਾਲ ਸਭ ਤੋਂ ਵੱਧ ਲਾਭ ਪ੍ਰਾਪਤ ਕਰਨ ਵਾਲਿਆਂ ਵਿੱਚੋਂ ਇੱਕ ਬਣ ਗਿਆ। ਹੁਰੁਨ ਰਿਪੋਰਟ ਮੁਤਾਬਕ ਨੀਰਜ ਬਜਾਜ ਐਂਡ ਫੈਮਿਲੀ ਛੇਵੇਂ ਸਭ ਤੋਂ ਅਮੀਰ ਭਾਰਤੀਆਂ ਵਿੱਚੋਂ ਇੱਕ ਹੈ।

### ਦਿਲੀਪ ਸ਼ੰਘਵੀ ਐਂਡ ਫੈਮਿਲੀ ਕੋਲ 2.30 ਲੱਖ ਕਰੋੜ ਰੁਪਏ

ਸਨ ਫਾਰਮਾਸਿਊਟੀਕਲ ਦੇ ਦਿਲੀਪ ਸ਼ੰਘਵੀ ਲਗਭਗ 2.30 ਲੱਖ ਕਰੋੜ ਰੁਪਏ ਨਾਲ ਸੱਤਵੇਂ ਸਥਾਨ 'ਤੇ ਹਨ। ਸਨ ਫਾਰਮਾ ਦਾ ਜੈਨੇਰਿਕਸ ਅਤੇ ਸਪੈਸ਼ਲਿਟੀ ਪੋਰਟਫੋਲੀਓ ਵਧਦੇ ਅਮਰੀਕੀ ਨਿਰਯਾਤ ਦਰਮਿਆਨ ਵਧ-ਫੁੱਲ ਰਿਹਾ ਹੈ। ਸੰਘਵੀ ਦਾ ਸੁਰਖੀਆਂ 'ਚ ਨਾ ਰਹਿਣ ਦਾ ਦ੍ਰਿਸ਼ਟੀਕੋਣ ਉਸ ਲਈ ਸਹੀ ਸਾਬਤ ਹੁੰਦਾ ਦਿਖਾਈ ਦਿੰਦਾ ਹੈ, ਜਿਸ ਸਦਕਾ ਸਨ 40 ਬਿਲੀਅਨ ਡਾਲਰ ਦਾ ਗਲੋਬਲ ਖਿਡਾਰੀ ਬਣ ਗਿਆ ਹੈ।

### ਅਜ਼ੀਮ ਪ੍ਰੇਮਜੀ ਅਤੇ ਪਰਿਵਾਰ ਕੋਲ 2.21 ਲੱਖ ਕਰੋੜ ਰੁਪਏ

ਵਿਪਰੋ ਦੇ ਅਜ਼ੀਮ ਪ੍ਰੇਮਜੀ 2.21 ਲੱਖ ਕਰੋੜ ਰੁਪਏ ਨਾਲ ਸਿਖਰਲੇ 10 ਭਾਰਤੀਆਂ 'ਚ ਸ਼ਾਮਲ ਹੋ ਗਏ ਹਨ। ਆਈਟੀ ਪਾਇਨੀਅਰ ਨੂੰ ਏਆਈ ਨਿਵੇਸ਼ਾਂ ਰਾਹੀਂ ਹੁਲਾਰਾ ਮਿਲਿਆ ਹੈ। ਪ੍ਰੇਮਜੀ ਦੀ ਬੇਮਿਸਾਲ ਪਰਉਪਕਾਰੀ - ਅਜ਼ੀਮ ਪ੍ਰੇਮਜੀ ਫਾਊਂਡੇਸ਼ਨ ਦੁਆਰਾ 21 ਬਿਲੀਅਨ ਡਾਲਰ ਤੋਂ ਵੱਧ ਦਾਨ ਕਰਨਾ - ਉਸ ਨੂੰ ਬਾਕੀਆਂ ਤੋਂ ਵੱਖ ਕਰਦਾ ਹੈ, ਉਸ ਦੇ 67 ਫ਼ੀਸਦੀ ਸ਼ੇਅਰ ਚੈਰਿਟੀ ਲਈ ਸਮਰਪਿਤ ਹਨ।

### ਗੋਪੀਚੰਦ ਹਿੰਦੂਜਾ ਅਤੇ ਪਰਿਵਾਰ ਕੋਲ 1.85 ਲੱਖ ਕਰੋੜ ਰੁਪਏ

ਗੋਪੀਚੰਦ ਹਿੰਦੂਜਾ ਹਿੰਦੂਜਾ ਸਮੂਹ ਦੀ ਅਗਵਾਈ ਕਰਦਾ ਹੈ, ਇੱਕ ਬਹੁ-ਰਾਸ਼ਟਰੀ ਸਮੂਹ, ਜਿਸ ਵਿੱਚ ਆਟੋਮੋਟਿਵ, ਤੇਲ ਅਤੇ ਲੁਬਰੀਕੈਂਟ, ਬੈਂਕਿੰਗ, ਮੀਡੀਆ, ਆਈਟੀ, ਰੀਅਲ ਅਸਟੇਟ ਅਤੇ ਬੁਨਿਆਦੀ ਢਾਂਚਾ ਸ਼ਾਮਲ ਹੈ ਅਤੇ ਇਸ ਦੀ ਅਨੁਮਾਨਤ ਕੁੱਲ ਕੀਮਤ 1.85 ਲੱਖ ਕਰੋੜ ਰੁਪਏ ਹੈ।

### ਰਾਧਾਕਿਸ਼ਨ ਦਮਾਨੀ ਅਤੇ ਪਰਿਵਾਰ ਕੋਲ 1.829 ਲੱਖ ਕਰੋੜ ਰੁਪਏ

ਮਹਾਨ ਨਿਵੇਸ਼ਕ ਰਾਧਾਕਿਸ਼ਨ ਦਮਾਨੀ ਦੀ ਕੁੱਲ ਜਾਇਦਾਦ 1.829 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਦਮਾਨੀ ਰਿਟੇਲ ਚੇਨ ਐਵੇਨਿਊ ਸੁਪਰਮਾਰਟਸ ਲਿਮਟਿਡ ਡੀਮਾਰਟ ਦੇ ਸੰਸਥਾਪਕ ਅਤੇ ਚੇਅਰਮੈਨ ਹਨ। ਇਹ ਇੱਕ ਭਾਰਤੀ ਰਿਟੇਲ ਕਾਰਪੋਰੇਸ਼ਨ ਹੈ, ਜੋ ਸੁਪਰਮਾਰਕੀਟਾਂ ਦੀ ਇੱਕ ਲੜੀ ਚਲਾਉਂਦੀ ਹੈ।

***

## ਰਾਜੀਵ-ਸੰਤ ਭਿੰਡਰਾਂਵਾਲੇ ਦੀ ਮੁਲਾਕਾਤ ਕਰਾਉਣ

ਜੇਕਰ ਮੁਲਾਕਾਤ ਹੁੰਦੀ ਤਾਂ ਪੰਜਾਬ ਦਾ ਹਸ਼ਰ ਇਹ ਨਾ ਹੁੰਦਾ।ਨਾ ਦਰਬਾਰ ਸਾਹਿਬ ਉੱਪਰ ਫ਼ੌਜੀ ਅਟੈਕ ਦੀ ਲੋੜ ਹੁੰਦੀ।ਸਿਆਸੀ ਮਾਹਿਰਾਂ ਅਨੁਸਾਰ ਇੰਦਰਾ ਤੇ ਉਸਦੇ ਸਲਾਹਕਾਰ ਪੰਜਾਬ ਨੂੰ ਉਬਲਦੇ ਪਾਣੀ ਵਿੱਚ ਇਸ਼ਨਾਨ ਕਰਾਉਣਾ ਚਾਹੁੰਦੇ ਸਨ।ਫ਼ੌਜੀ ਅਟੈਕ ਕਰਕੇ ਸਿੱਖ ਪੰਥ ਨੂੰ ਗੁਲਾਮੀ ਦਾ ਅਹਿਸਾਸ ਕਰਾਉਣਾ ਚਾਹੁੰਦੇ ਸਨ।

ਸਮਾਗਮ ਦੌਰਾਨ ਕੈਪਟਨ ਨੇ ਇੱਕ ਹਲਕੇ-ਫੁਲਕੇ ਅੰਦਾਜ਼ ਵਿੱਚ ਇੱਕ ਵਾਕਿਆ ਵੀ ਸਾਂਝਾ ਕੀਤਾ। ਉਨ੍ਹਾਂ ਨੇ ਮਜ਼ਾਕੀਆ ਲਹਿਜੇ ਵਿੱਚ ਕਿਹਾ, 'ਮੈਂ ਇੱਕ ਵਾਰ ਸੰਤ ਭਿੰਡਰਾਂਵਾਲੇ ਦੇ ਮੰਜੇ 'ਤੇ ਸੁੱਤਾ ਸੀ ਅਤੇ ਸ਼ਾਇਦ ਹੀ ਕੋਈ ਹੋਰ ਇਹ ਕਰ ਸਕਿਆ ਹੋਵੇ।' ਇਸ ਗੱਲ ਨੇ ਸਰੋਤਿਆਂ ਵਿੱਚ ਹਾਸਾ ਪੈਦਾ ਕਰ ਦਿੱਤਾ ਅਤੇ ਸਮਾਗਮ ਦੇ ਗੰਭੀਰ ਮਾਹੌਲ ਨੂੰ ਕੁਝ ਹੱਦ ਤੱਕ ਹਲਕਾ ਕਰ ਦਿੱਤਾ।

### ਪੰਜਾਬ ਦੇ ਹਾਲਾਤ ਦੀ ਝਲਕ

ਇਹ ਕਹਾਣੀ ਪੰਜਾਬ ਦੇ ਉਸ ਸਮੇਂ ਦੇ ਸਿਆਸੀ ਅਤੇ ਸਮਾਜਿਕ ਹਾਲਾਤ ਦੀ ਇੱਕ ਅਣਜਾਣ ਝਲਕ ਪੇਸ਼ ਕਰਦੀ ਹੈ। 1980 ਦੇ ਸ਼ੁਰੂਆਤੀ ਸਾਲ ਪੰਜਾਬ ਲਈ ਬਹੁਤ ਚੁਣੌਤੀਪੂਰਨ ਸਨ। ਧਰਮ ਯੁੱਧ ਅੰਦੋਲਨ, ਸਰਕਾਰ ਅਤੇ ਖਾੜਕੂ ਸਮੂਹਾਂ ਵਿਚਕਾਰ ਤਣਾਅ, ਅਤੇ ਸੁਰੱਖਿਆ ਦੀਆਂ ਚਿੰਤਾਵਾਂ ਨੇ ਸੂਬੇ ਨੂੰ ਅਸਥਿਰਤਾ ਦੀ ਗੰਢ ਵਿੱਚ ਜਕੜ ਰੱਖਿਆ ਸੀ। ਇਸ ਮੁਲਾਕਾਤ ਦੀ ਅਸਫਲਤਾ ਨੇ ਸ਼ਾਇਦ ਇੱਕ ਅਹਿਮ ਮੌਕੇ ਨੂੰ ਗੁਆ ਦਿੱਤਾ, ਜੋ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਵਿੱਚ ਮਦਦ ਕਰ ਸਕਦਾ ਸੀ।

ਇਹ ਵਾਕਿਆ ਨਾ ਸਿਰਫ ਇੱਕ ਇਤਿਹਾਸਕ ਘਟਨਾ ਦੀ ਅਣਜਾਣ ਕਹਾਣੀ ਸਾਹਮਣੇ ਲਿਆਉਂਦਾ ਹੈ, ਸਗੋਂ ਉਸ ਸਮੇਂ ਦੀਆਂ ਸਿਆਸੀ ਗੁੰਝਲਤਾਵਾਂ ਅਤੇ ਸੁਰੱਖਿਆ ਦੀਆਂ ਚਿੰਤਾਵਾਂ ਨੂੰ ਵੀ ਉਜਾਗਰ ਕਰਦਾ ਹੈ। ਸਪਸਟ ਹੈ ਕਿ ਪੰਜਾਬ ਦੇ ਦੁਖਾਂਤ ਲਈ ਖਾੜਕੂਵਾਦ ਨਹੀਂ, ਭਾਰਤੀ ਸਟੇਟ ਜ਼ਿੰਮੇਵਾਰ ਹੈ ਜਿਸਨੇ ਗੱਲਬਾਤ ਦਾ ਰਾਹ ਬੰਦ ਕੀਤਾ।

***

## ਖ਼ਾਲਸਾ ਜਥਾ ਗੁਰਦੁਆਰੇ 'ਤੇ ਨਸਲੀ ਹਮਲਿਆਂ

ਹਾਲਾਂਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਿੱਚ 17.4% ਦੀ ਕਮੀ ਆਈ ਹੈ, ਪਰ ਜੂਨ, ਜੁਲਾਈ ਅਤੇ ਅਗਸਤ 2025 ਵਿੱਚ ਹਰ ਮਹੀਨੇ 2,000 ਤੋਂ ਵੱਧ ਨਫ਼ਰਤੀ ਅਪਰਾਧ ਦਰਜ ਹੋਏ, ਜੋ ਔਸਤ ਤੋਂ ਕਿਤੇ ਵੱਧ ਸਨ। ਟਰਾਂਸਪੋਰਟ ਫ਼ਾਰ ਲੰਡਨ ਦੇ ਅੰਕੜੇ ਦੱਸਦੇ ਹਨ ਕਿ ਐਲਿਜ਼ਾਬੈਥ ਲਾਈਨ 'ਤੇ ਨਫ਼ਰਤੀ ਅਪਰਾਧਾਂ ਦੀਆਂ ਰਿਪੋਰਟਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 50% ਦਾ ਵਾਧਾ ਹੋਇਆ ਹੈ, ਜਦਕਿ ਪੂਰੇ ਟਰਾਂਸਪੋਰਟ ਨੈੱਟਵਰਕ ਵਿੱਚ 28% ਵਾਧਾ ਦਰਜ ਕੀਤਾ ਗਿਆ।

ਮਨਦੀਪ ਸਿੰਘ ਨੇ ਹਾਲ ਹੀ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 9 ਸਤੰਬਰ ਨੂੰ ਓਲਡਬਰੀ ਵਿੱਚ ਇੱਕ ਸਿੱਖ ਔਰਤ ਨਾਲ ਬਲਾਤਕਾਰ, ਵੂਲਵਰਹੈਂਪਟਨ ਵਿੱਚ ਦੋ ਸਿੱਖ ਟੈਕਸੀ ਡਰਾਈਵਰਾਂ 'ਤੇ ਹਮਲਾ ਅਤੇ ਬ੍ਰਿਸਟਲ ਵਿੱਚ ਇੱਕ 9 ਸਾਲ ਦੀ ਸਿੱਖ ਬੱਚੀ ਨੂੰ ਏਅਰ ਗੰਨ ਨਾਲ ਗੋਲੀ ਮਾਰਨ ਦੀਆਂ ਘਟਨਾਵਾਂ ਨੇ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਦੇ ਨਾਲ ਹੀ, ਪਰਵਾਸੀਆਂ ਦੇ ਹੋਟਲਾਂ ਦੇ ਬਾਹਰ ਵਿਰੋਧ ਪ੍ਰਦਰਸ਼ਨ ਅਤੇ ਸੱਜੇ-ਪੱਖੀ ਸੰਗਠਨਾਂ ਦੇ ਮਾਰਚ, ਜਿਵੇਂ ਕਿ ਯੂਨਾਈਟ ਦਿ ਕਿੰਗਡਮ, ਨੇ ਸਥਿਤੀ ਨੂੰ ਹੋਰ ਵਿਗਾੜਿਆ ਹੈ। ਮਨਦੀਪ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਨੇ ਨਸਲਵਾਦੀ ਸੁਨੇਹਿਆਂ ਨੂੰ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਜਿਸ ਨਾਲ ਨਫ਼ਰਤ ਦੀਆਂ ਘਟਨਾਵਾਂ ਵਧੀਆਂ ਹਨ। ਪਰ ਸੁਆਲ ਇਹ ਹੈ ਕਿ ਸਰਕਾਰ ਇਸ ਸਬੰਧੀ ਚੁੱਪ ਕਿਉਂ ਹੈ?

ਖ਼ਾਲਸਾ ਜਥਾ ਗੁਰਦੁਆਰਾ ਸਿਰਫ਼ ਧਾਰਮਿਕ ਸਥਾਨ ਹੀ ਨਹੀਂ, ਸਗੋਂ ਸਮਾਜਿਕ ਸੇਵਾ ਦਾ ਵੀ ਵੱਡਾ ਕੇਂਦਰ ਹੈ। ਕੋਵਿਡ ਮਹਾਮਾਰੀ ਦੌਰਾਨ ਇਸ ਗੁਰਦੁਆਰੇ ਨੇ ਇੱਕ ਦਿਨ ਵਿੱਚ 500 ਲੋੜਵੰਦਾਂ ਨੂੰ ਭੋਜਨ ਪਹੁੰਚਾਇਆ ਸੀ। ਅੱਜਕੱਲ੍ਹ ਹਰ ਹਫ਼ਤੇ 1,000 ਲੋਕਾਂ ਨੂੰ ਫ਼ੂਡਬੈਂਕਾਂ ਰਾਹੀਂ ਭੋਜਨ ਵੰਡਿਆ ਜਾ ਰਿਹਾ ਹੈ। ਗੁਰਦੁਆਰੇ ਦੇ ਵਲੰਟੀਅਰ ਰਵੀ ਸਿੰਘ ਬਖਸ਼ੀ, ਜੋ ਸਿੱਖ ਅਤੇ ਬ੍ਰਿਟਿਸ਼ ਹੋਣ 'ਤੇ ਮਾਣ ਮਹਿਸੂਸ ਕਰਦੇ ਹਨ, ਕਹਿੰਦੇ ਹਨ ਕਿ ਸਾਰੀ ਉਮਰ ਮੈਂ ਨਸਲਵਾਦੀ ਦੁਰਵਿਵਹਾਰ ਸਹਿਣ ਕੀਤਾ। ਮੈਨੂੰ ਅਕਸਰ ਕਿਹਾ ਜਾਂਦਾ ਸੀ ਕਿ ਆਪਣੇ ਦੇਸ਼ ਵਾਪਸ ਜਾਓ, ਪਰ ਮੇਰਾ ਜਨਮ ਇੱਥੇ ਹੀ ਹੋਇਆ ਸੀ।

***

## ਕੇਂਦਰ ਸਰਕਾਰ ਦੇ ਅੜੀਅਲ ਰੁਖ ਕਾਰਨ

ਪਰ ਇੱਥੇ ਕਸ਼ਮੀਰੀ ਲੀਡਰਸ਼ਿਪ ਨਾਲ ਲਦਾਖੀਆਂ ਨਾਲ ਸਿਆਸੀ ਟਕਰਾਅ ਰਿਹਾ ਹੈ। ਬੌਧ ਬਹੁਲ ਲੇਹ ਅਤੇ ਮੁਸਲਿਮ ਬਹੁਲ ਕਾਰਗਿਲ ਵਿੱਚ ਵੰਡ ਪੈ ਗਈ ਸੀ। 1950ਵਿਆਂ ਵਿੱਚ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੀ ਮੰਗ ਉੱਠੀ ਸੀ, ਜੋ 1989-90 ਵਿੱਚ ਲੱਦਾਖ ਬੁੱਧਿਸਟ ਐਸੋਸੀਏਸ਼ਨ (ਐੱਲਬੀਏ) ਵੱਲੋਂ ਵੱਡੇ ਵਿਰੋਧਾਂ ਨਾਲ ਚਰਮ 'ਤੇ ਪਹੁੰਚੀ ਸੀ। ਇਹ ਵਿਰੋਧ ਤਾਂ ਸ਼ਾਂਤ ਹੋ ਗਏ ਸਨ, ਪਰ ਮੰਗ ਕਦੇ ਖਤਮ ਨਹੀਂ ਹੋਈ ਸੀ। ਆਰ.ਐੱਸ.ਐੱਸ. ਅਤੇ ਭਾਜਪਾ ਨੇ 1990ਵਿਆਂ ਦੌਰਾਨ ਇਸ ਵੰਡ ਤੋਂ ਫ਼ਾਇਦਾ ਉਠਾਉਣ ਲਈ 'ਸਿੰਧੂ ਦਰਸ਼ਨ' ਵਰਗੇ ਪ੍ਰੋਗਰਾਮਾਂ ਰਾਹੀਂ ਬੋਧ ਖੇਤਰ ਵਿੱਚ ਪਹੁੰਚ ਬਣਾਈ। ਇਸ ਨਾਲ ਲੇਹ ਵਿੱਚ ਭਾਜਪਾ ਦਾ ਪ੍ਰਭਾਵ ਵਧਿਆ ਅਤੇ 2019 ਵਿੱਚ ਧਾਰਾ 370 ਖਤਮ ਹੋਣ 'ਤੇ ਲੱਦਾਖੀਆਂ ਨੇ ਜਸ਼ਨ ਮਨਾਇਆ।ਲੱਦਾਖ ਸੰਕਟ ਭਾਰਤ ਲਈ ਇੱਕ ਵੱਡੀ ਚੁਣੌਤੀ ਹੈ। ਇਹ ਨਾ ਸਿਰਫ਼ ਸਥਾਨਕ ਬੇਚੈਨੀ ਹੈ, ਸਗੋਂ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਹੈ, ਕਿਉਂਕਿ ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਖੇਤਰ ਵਿੱਚ ਇਹ ਬੇਚੈਨੀ ਖਤਰਨਾਕ ਸਾਬਤ ਹੋ ਸਕਦੀ ਹੈ। ਹੱਕਾਂ ਦੀ ਲੜਾਈ ਨੂੰ ਨੈਸ਼ਨਲ ਸੁਰੱਖਿਆ ਨਾਲ ਜੋੜਨ ਵਾਲੀ ਕੇਂਦਰੀ ਨੀਤੀ ਨੇ ਲਦਾਖ ਦੀ ਸਥਿਤੀ ਨੂੰ ਵਿਗਾੜਿਆ ਹੈ। ਵਾਂਗਚੁਕ ਨੇ ਜੇਲ੍ਹ ਤੋਂ ਕਿਹਾ ਕਿ 'ਅਹਿੰਸਕ ਲੜਾਈ ਜਾਰੀ ਰੱਖੋ।' ਕੇਂਦਰ ਨੂੰ ਇਹ ਆਵਾਜ਼ ਸੁਣਨੀ ਚਾਹੀਦੀ ਹੈ, ਨਾ ਕਿ ਦਬਾਉਣੀ ਚਾਹੀਦੀ ਹੈ।

***

## ਭਾਰਤ ਦਾ ਫ਼ਿਰਕੂ ਮੀਡੀਆ ਘੱਟਗਿਣਤੀਆਂ

ਉਸ ਨੇ ਨਿਊਜ਼ ਨੂੰ ਚਲਾਉਣ ਵੇਲੇ ਸਪੱਸ਼ਟ ਨਹੀਂ ਕੀਤਾ ਕਿ ਇਹ ਕਿਸੇ ਤੀਜੀ ਧਿਰ ਵੱਲੋਂ ਦਿੱਤੇ ਗਏ ਬਿਆਨ ਹਨ । ਨਾ ਹੀ ਇਹ ਕਿਹਾ ਕਿ ਉਹ ਇਨ੍ਹਾਂ ਵਿਚਾਰਾਂ ਦਾ ਸਮਰਥਨ ਨਹੀਂ ਕਰਦਾ ।

ਅਥਾਰਟੀ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਹਾਲਾਂਕਿ ਉਹ ਚੈਨਲਾਂ ਦੇ ਸੰਪਾਦਕੀ ਵਿਵੇਕਾਧਿਕਾਰ 'ਤੇ ਟਿੱਪਣੀ ਨਹੀਂ ਕਰਨਾ ਚਾਹੁੰਦੀ, ਕਿਉਂਕਿ ਇਹ ਪ੍ਰਗਟਾਵੇ ਦੀ ਆਜ਼ਾਦੀ ਤਹਿਤ ਆਉਂਦਾ ਹੈ, ਫ਼ਿਰ ਵੀ ਮੀਡੀਆ ਨੂੰ ਚੌਥੇ ਥੰਮ੍ਹ ਦੇ ਰੂਪ ਵਿੱਚ ਸਰਵਜਨਕ ਸੰਵਾਦ ਨੂੰ ਆਕਾਰ ਦੇਣ 'ਚ ਉਸ ਦੀ ਭੂਮਿਕਾ ਚੇਤੇ ਕਰਾਉਣੀ ਜ਼ਰੂਰੀ ਹੈ।ਸੰਭਾਵਤ ਸੰਵੇਦਨਸ਼ੀਲ ਮੁੱਦਿਆਂ ਨਾਲ ਨਜਿੱਠਦਿਆਂ ਪ੍ਰਸਾਰਕਾਂ ਨੂੰ ਪੱਤਰਕਾਰੀ ਦੀ ਮਰਿਆਦਾ ਦਾ ਖਿਆਲ ਰੱਖਦਿਆਂ ਪੂਰੀ ਜਾਂਚ-ਪਰਖ ਕਰਨੀ ਚਾਹੀਦੀ ਹੈ ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
# ਪੰਜਾਬ ਦਾ ਪਹਿਲਾ OTT ਪਲੇਟਫਾਰਮ

**ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।**

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

**ਹੋਰ ਜਾਣਕਾਰੀ ਲਈ ਵੇਖੋ**

# https://hokatv.com/guest/home